ਕੈਨੇਡੀਅਨ
# ਪੰਜਾਬ ਟਾਈਮਜ਼
ਸੱਚ ਅਤੇ ਨਿਰਪੱਖ ਸੋਚ

Funded by the Government of Canada | Financé par le gouvernement du Canada | Canada

SINCE : 2007

: www.thepunjabtimes.ca
: canadianpunjabtimes@gmail.com

Vol - 18 | 23 August, 2024 | ੮ ਭਾਦੋਂ ਨਾਨਕਸ਼ਾਹੀ ਸੰਮਤ ੫੫੬ | Ph.: 604-338-7310 | FAX : 604-572-3638 | /canadianpunjabtimes

New Location
Punjab Insurance Agency Inc.
Super Visa Insurance
ਸੁਪਰ ਵੀਜ਼ਾ
ਵਿਜ਼ਟਰ ਇੰਸ਼ੋਰੈਂਸ
• ਲਾਈਫ਼ ਇੰਸ਼ੋਰੈਂਸ • ਟਰੈਵਲ ਇੰਸ਼ੋਰੈਂਸ
• ਡਿਸੇਬਿਲਟੀ ਇੰਸ਼ੋਰੈਂਸ • ਵਿਜ਼ਟਰ ਇੰਸ਼ੋਰੈਂਸ
• ਮੋਰਟਗੇਜ ਇੰਸ਼ੋਰੈਂਸ • ਨਾਨ ਮੈਡੀਕਲ ਇੰਸ਼ੋਰੈਂਸ
• ਮਨੀ ਬੈਕ ਟਰਮ ਇੰਸ਼ੋਰੈਂਸ
• ਡੈਂਟਲ ਐਂਡ ਮੈਡੀਕਲ ਇੰਸ਼ੋਰੈਂਸ
ਜਸਵੀਰ ਗਰੇਵਾਲ
778.317.6262
jasvirgrewal0596@gmail.com
#103, 15300 - 68 Ave (Near Dukh Nivaran Gurdwara Sahib), Surrey B.C.

ICC Accounting Services Inc.
ICC ACCOUNTING SERVICES INC.
ਹਰ ਤਰ੍ਹਾਂ ਦੀਆਂ ਟੈਕਸ ਸੇਵਾਵਾਂ ਲਈ ਅੱਜ ਹੀ ਮਿਲੋ
Gurnek Bangar
(Pasla)
604-597-0991
778-895-7444
: icc.accounting@yahoo.ca
: 8740 - 140A St., Surrey, BC V3W 0M4

# ਕੈਨੇਡਾ ਵਿੱਚ ਮਾਲ ਗੱਡੀਆਂ (ਰੇਲਾਂ) ਦੇ ਬੰਦ ਹੋਣ ਨਾਲ ਅਰਥ-ਵਿਵਸਥਾ ਵਿਗੜਨ ਦੇ ਅਸਾਰ

## ਰੇਲਵੇ ਕਾਮਿਆਂ ਦੀ ਹੜ੍ਹਤਾਲ ਨਾਲ ਰੋਜ਼ਾਨਾ 1 ਬਿਲੀਅਨ ਡਾਲਰ ਦੀ ਆਵਾਜਾਈ ਠੱਪ ਹੋਣ ਦਾ ਖਦਸ਼ਾ



ਸਰੀ, (ਸਿਮਰਨਜੀਤ ਸਿੰਘ): ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਕਿਹਾ ਹੈ ਕਿ ਕੈਨੇਡੀਅਨ ਨੈਸ਼ਨਲ ਰੇਲਵੇ ਅਤੇ ਰੇਲਵੇ ਕੰਪਨੀਆਂ ਅਤੇ ਯੂਨੀਅਨਾਂ ਨੂੰ ਇਕ ਸਮਝੌਤੇ 'ਤੇ ਪਹੁੰਚਣ, ਤਾਂ ਕਿ ਮਾਲ ਗਡੀਆਂ ਦੇ ਢੋਆ-ਢੁਆਈ ਤੇ ਪੈਂਦੀਆਂ ਸਮਸਿਆਵਾਂ ਤੋਂ ਬਚਿਆ ਜਾ ਸਕੇ।ਜੇਕਰ ਯੂਨੀਅਨ ਅਤੇ ਕੰਪਨੀਆਂ ਵਿਚਾਰਧਾਰਾ 'ਤੇ ਸਹਿਮਤ ਨਹੀਂ ਹੁੰਦੀਆਂ, ਤਾਂ ਹੜਤਾਲ ਦੇ ਸ਼ੁਰੂ ਹੋਣ ਦੀ ਸੰਭਾਵਨਾ ਹੈ। ਇਸ ਹੜਤਾਲ ਨਾਲ ਰੋਜ਼ਾਨਾ ਕਰੀਬ 1 ਬਿਲੀਅਨ ਡਾਲਰ ਦੀ ਮਾਲ ਦੀ ਆਵਾਜਾਈ ਠੱਪ ਹੋ ਸਕਦੀ ਹੈ, ਜੋ ਕੈਨੇਡਾ ਦੀ ਆਰਥਿਕਤਾ 'ਤੇ ਵਡਾ ਅਸਰ ਪਾ ਸਕਦੀ ਹੈ।ਪ੍ਰਧਾਨ ਮੰਤਰੀ ਟ੍ਰੂਡੋ ਨੇ ਦੋਵੇਂ ਧਿਰਾਂ ਨੂੰ ਕਿਹਾ ਹੈ ਕਿ ਉਹ ਕੈਨੇਡੀਅਨਜ਼ ਅਤੇ ਕਾਰੋਬਾਰਾਂ ਦੇ ਹਿਤ ਵਿਚ ਗਲਬਾਤ ਜਾਰੀ ਰਖਣ। ਇਸ ਤੋਂ ਇਲਾਵਾ, ਕੈਨੇਡੀਅਨ ਚੈਂਬਰ ਆਫ਼ ਕਾਮਰਸ ਅਤੇ ਹੋਰ ਵਪਾਰ ਸੰਸਥਾਵਾਂ ਨੇ ਵੀ ਮਾਲ ਗਡੀਆਂ ਦੀ ਆਵਾਜਾਈ ਨੂੰ ਬਣਾਈ ਰਖਣ ਲਈ ਤੁਰੰਤ ਕਾਰਵਾਈ ਕਰਨ ਦੀ ਮੰਗ ਕੀਤੀ ਹੈ। ਲੇਬਰ ਮੰਤਰੀ ਸਟੀਵਨ ਮੈਕਕਿਨਨ ਨੇ ਰੇਲਵੇ ਕੰਪਨੀਆਂ ਦੇ ਮਾਲਕਾਂ ਦੀ ਬਾਈਡਿੰਗ ਆਰਬਿਟ੍ਰੇਸ਼ਨ ਲਈ ਕੀਤੀ ਬੇਨਤੀ ਨੂੰ ਰਦ ਕਰ ਦਿਤਾ ਹੈ ਅਤੇ ਪਾਰਟੀਆਂ ਨੂੰ ਗਲਬਾਤ ਦੁਆਰਾ ਹਲ ਲਭਣ ਦੀ ਅਪੀਲ ਕੀਤੀ ਹੈ। ਯੂਨੀਅਨ ਕਾਮੀਆਂ ਲਈ ਬਿਹਤਰ ਉਜਰਤਾਂ ਅਤੇ ਕੰਮ ਦੀਆਂ ਸਥਿਤੀਆਂ ਦੀ ਮੰਗ ਕਰ

☛ ਬਾਕੀ ਸਫ਼ਾ 5 'ਤੇ

# ਸ਼ਹਿਰਾਂ 'ਚ ਥਾਂ-ਥਾਂ ਹੁੰਦੀਆਂ ਉਸਾਰੀਆਂ-ਮੁਰੰਮਤਾਂ ਵਿੱਚ ਹੋ ਰਹੀ ਦੇਰੀ ਕਾਰਨ ਆਮ ਲੋਕ ਡਾਢੇ ਪ੍ਰੇਸ਼ਾਨ

## 70% ਕਾਰੋਬਾਰੀਆਂ ਦਾ ਕਹਿਣਾ ਹੈ ਕਿ ਉਨ੍ਹਾਂ ਦੀ ਵਿਕਰੀ ਉਸਾਰੀ ਦੇ ਕੰਮਾਂ ਕਾਰਨ ਘਟੀ



ਸਰੀ, (ਸਿਮਰਨਜੀਤ ਸਿੰਘ): ਸ਼ਹਿਰਾਂ 'ਚ ਥਾਂ-ਥਾਂ ਹੁੰਦੀਆਂ ਉਸਾਰੀਆਂ-ਮੁਰੰਮਤਾਂ ਵਿੱਚ ਹੋ ਰਹੀ ਦੇਰੀ ਕਾਰਨ ਆਮ ਲੋਕ ਡਾਢੇ ਪ੍ਰੇਸ਼ਾਨ ਹੋ ਰਹੇ ਹਨ। ਇਮਾਰਤਾਂ ਦੀ ਉਸਾਰੀ ਕਰਨ ਵਾਲੇ ਸਵੇਰੇ 7-8 ਵਜੇ ਕੰਮ ਸ਼ੁਰੂ ਕਰਦੇ ਹਨ ਅਤੇ 2 ਵਜੇ ਦੇ ਕਰੀਬ ਚਲੇ ਜਾਂਦੇ ਹਨ ਜਦੋਂ ਕਿ ਬੈਰੀਕੇਟ ਉਥੇ ਹੀ ਲੱਗੇ ਹਨ ਜਿਸ ਕਾਰਨ ਲੋਕ ਬੇਹੱਦ ਪ੍ਰੇਸ਼ਾਨ ਹੁੰਦੇ ਹਨ। ਜ਼ਿਕਰਯੋਗ ਹੈ ਕਿ ਥਾਂ-ਥਾਂ ਹੁੰਦੀਆਂ ਉਸਾਰੀਆਂ ਅਤੇ ਮੁਰੰਮਤ ਦੇ ਕੰਮਾਂ ਦਾ ਕੋਈ ਵੀ ਪ੍ਰਾਜੈਕਟ ਸਮੇਂ ਸਿਰ ਪੂਰਾ ਨਹੀਂ ਕੀਤਾ ਜਾ ਰਿਹਾ । ਕੈਨੇਡੀਅਨ ਫੈਡਰੇਸ਼ਨ ਆਫ਼ ਇੰਡੀਪੈਂਡੈਂਟ ਬਿਜ਼ਨਸ ਦੀ ਇੱਕ ਨਵੀਂ ਰਿਪੋਰਟ ਦਰਸਾਉਂਦੀ ਹੈ ਕਿ ਲਗਭਗ 70 ਪ੍ਰਤੀਸ਼ਤ ਕੈਨੇਡੀਅਨ ਛੋਟੇ ਕਾਰੋਬਾਰੀ ਪਿਛਲੇ ਕਈ ਸਾਲਾਂ ਤੋਂ ਉਸਾਰੀ ਦੇ ਚੱਲ ਰਹੇ ਪ੍ਰੋਜੈਕਟਾਂ ਤੋਂ ਬੇਹੱਦ ਦੁਖੀ ਹਨ ਕਿਉਂਕਿ ਉਨ੍ਹਾਂ ਨੂੰ ਉਸਾਰੀ ਦੇ ਕੰਮ ਕਾਰਨ ਵੱਡਾ ਵਿੱਤੀ ਨੁਕਸਾਨ ਝੱਲਣਾ ਪੈ ਰਿਹਾ ਹੈ।

ਕੈਨੇਡੀਅਨ ਫੈਡਰੇਸ਼ਨ ਆਫ਼ ਇੰਡੀਪੈਂਡੈਂਟ ਬਿਜ਼ਨਸ ਦੇ ਅਨੁਸਾਰ ਸਭ ਤੋਂ ਵੱਧ ਸ਼ਿਕਾਇਤਾਂ ਭਾਰੀ ਆਵਾਜਾਈ, ਸ਼ੋਰ, ਧੂੜ ਅਤੇ ਮਲਬੇ ਸਬੰਧੀ ਆਈਆਂ ਹਨ।

☛ ਬਾਕੀ ਸਫ਼ਾ 5 'ਤੇ

SK BASRA FURNITURE LTD.
All Kinds of custom made furniture
Sofa Set Box Bed, Folding Bed, Coffee Table
Foam Cushion, Mattress
Gift Items & Canvas Paintings
Punjabi Culture, Rajasthani, Running Horses
Waterfall, Landscape, Budhas, Religious etc.
ਅਸੀਂ ਡਿਲਵਰੀਆਂ ਵੀ ਕਰਦੇ ਹਾਂ।
604-751-4555
ਅਸੀਂ ਦੁਖ ਨਿਵਾਰਣ ਗੁਰੂਘਰ ਵਾਲੇ ਪਲਾਜ਼ੇ ਤੋਂ ਮੂਵ ਹੋ ਗਏ ਹਾਂ
#2 - 7743 128 St. 77 Ave Surrey

HOMELAND MORTGAGE CORP.
ਜੇ ਮੋਰਟਗੇਜ਼ ਲੈਣ ਵਿੱਚ ਕੋਈ ਮੁਸ਼ਕਿਲ ਆਉਂਦੀ ਹੈ ਤਾਂ ਇੱਕ ਵਾਰ ਸਾਨੂੰ ਮਿਲੋ।
ਅਸੀਂ ਪ੍ਰਾਈਵੇਟ ਮੋਰਟਗੇਜ ਦਾ ਪ੍ਰਬੰਧ ਘੱਟ ਰੇਟ 'ਤੇ ਕਰਦੇ ਹਾਂ।
Kuldip Singh Panesar
Mortgage Consultant
Cell : 604-308-6839
204-7928-128, Street York Business Centre, Surrey BC V3W4E8

KOHALY PRINTING & BINDERY LTD.
WEDDING CARDS
FULL COLOR SIGNS
WINDOW DECALS
CHEQUES
OFFSET PRINTING, DIGITAL PRINTING
604-594-2324
ਹਰ ਤਰ੍ਹਾਂ ਦੀ ਪ੍ਰਿੰਟਿੰਗ ਅਤੇ ਵਿਆਹ ਦੇ ਕਾਰਡ
#210-12837-76th Ave, Surrey, B.C.
Website : www.kohalyprinting.com
E-mail : info@kohalyprinting.com

JAS ARORA NOTARY CORPORATION
ਅਸੀਂ ਲਾਈਫ਼ ਸਰਟੀਫਿਕੇਟ ਦੀਆਂ ਸੇਵਾਵਾਂ ਮੁਫ਼ਤ ਦਿੰਦੇ ਹਾਂ।
OUR SERVICES
- Affidavits
- Invitation Letters
- Sale/ Purchase / Mortgage
- Travels Consent Letters
- Statutory Declarations
- Power of Attorney
- Sponsorship Letters
Jaswant K. Arora
Notary Public, MA (ALS), MA (Eng.Punjabi)
778-386-9189
#109A-12888 80 Avenue Surrey BC
Email : jas@jasaroranotary.com | Website : jasaroranotary.com

S&S INSURANCE SERVICE
FAST SERVICE AND COMPETITIVE RATES
EXPERT IN
» Construction Insurance » Business Insurance » Home Insurance
» Contractor Insurance » Hard To Place Insurance » Rental House Insurance
CALL NOW
604-319-1000
www.sandsinsurance.ca
6607 Main St, Vancouver 604-324-5711 | 2-8195 120th, Delta 604-635-0890
ICBC

IATA | Accredited Agent
SIDHU TRAVEL LTD.
Email : sidhutravel13@gmail.com
ਇੰਡੀਆ ਜਾਂ ਦੁਨੀਆਂ ਵਿੱਚ ਕਿਤੇ ਵੀ ਯਾਤਰਾ ਕਰਨ ਲਈ, ਭਰੋਸੇਯੋਗ ਸੇਵਾਵਾਂ ਲਈ ਸਾਡੇ ਨਾਲ ਸੰਪਰਕ ਕਰੋ। ਆਪਣੀ ਯਾਤਰਾ ਦੇ ਹਰ ਪਲ ਨੂੰ ਬਿਹਤਰ ਬਣਾਉ।
RANI SIDHU : 604-504-3400, MANPREET : 604-800-3003
3497 Nightingale Dr. Abbotsford, B.C.
Unit 109-12830 80 Ave, York Centre Surrey

ਭਾਰਤ ਪੈਸੇ ਭੇਜਣ ਜਾਂ ਮੰਗਵਾਉਣ ਲਈ ਅੱਜ ਹੀ ਸੰਪਰਕ ਕਰੋ
BESTWAY Foreign Exchange Ltd.
ਬੈਸਟਵੇ ਫੌਰਨ ਐਕਸਚੇਂਜ
www.bestwayforeignexchange.com
Sony Sidhu (Zira)
Ph: 778-246-2500 (Abbotsford)
604-592-2676 (Surrey)
Unit 109-12830 80 Ave, York Centre Surrey

Space Available for Advertisement
Call
604-338-7310

ਹੁਣ ਚਿਲੀਵੈਕ ਵਿਚ ਸਾਡੀ ਦੂਜੀ ਲੋਕੇਸ਼ਨ ਖੁੱਲ ਚੁੱਕੀ ਹੈ
GABA TIRE
All TIRES AVAILABLE (AS, AT & MT)
WHOLESALE TIRES
ਸਾਨੂੰ ਨਵੀਂ ਲੋਕੇਸ਼ਨ ਚਿਲੀਵੈਕ ਲਈ ਕੰਮ ਕਰਨ ਵਾਲੇ ਵਰਕਰ ਚਾਹੀਦੇ ਹਨ
604-897-3235 ABBOTSFORD
604-746-4222 31324 - 107 Peardonville Rd
604-316-3643 CHILLIWACK
BACK SIDE OF CHILLIWACK TAXI : 45877-HOCKING AVE

# ਬ੍ਰਿਟਿਸ਼ ਕੋਲੰਬੀਆ ਵਿੱਚ ਆਨਲਾਈਨ ਠੱਗੀਆਂ ਮਾਰਨ ਵਾਲੇ ਫਿਰ ਹੋਏ ਸਰਗਰਮ

ਸਰੀ, (ਸਿਮਰਨਜੀਤ ਸਿੰਘ): ਬੀਸੀ ਵਿੱਚ ਇੱਕ ਵਾਰ ਫੇਰ ਘੁਟਾਲੇਬਾਜ ਸਰਗਰਮ ਹੋ ਗਏ ਹਨ ਜਿਸ ਸਬੰਧੀ ਪੁਲਿਸ ਵੱਲੋਂ ਚੇਤਾਵਨੀ ਜਾਰੀ ਕੀਤੀ ਗਈ ਹੈ ਪੁਲਿਸ ਦਾ ਕਹਿਣਾ ਹੈ ਕਿ ਮਸ਼ਹੂਰ ਕੰਪਨੀਆਂ ਦੀ ਨਕਲ ਕਰਕੇ ਘੁਟਾਲੇਬਾਜ ਲੋਕਾਂ ਨੂੰ ਆਪਣੇ ਜਾਲ ਵਿੱਚ ਫਸਾਉਣ ਦੀ ਨਵਾਂ ਤਰੀਕਾ ਅਪਣਾ ਰਹੇ ਹਨ ।


Subject [redacted] Investigation

Case ID: PR49682

Hi [redacted].

This letter is in regards to your conversation with the Ontario Ministry of the Attorney General about an ongoing investigation with a case file number. PR49682, Your identification has been found under doubtful activities, as a result of which two serious allegations have been filed under your name.

1) Under Section 79 of the Criminal Code for Drug Trafficking

2) Under Section 83(1) of the Criminal Code for Money Laundering

After investigation, it was found that this was a result of identity theft. To make sure that your originally owned accounts aren't blocked, you will have to verify your accounts with the court procedure. The amount you will be verifying with the court will be Sent Back to you, you will be guided by a Crown Attorney Official on the right way to get this done.

ਬੀਤੇ ਕੱਲ ਜਾਰੀ ਕੀਤੇ ਗਏ ਇੱਕ ਨਿਊਜ਼ ਰਿਲੀਜ਼ ਦੇ ਅਨੁਸਾਰ ਆਲਸੀਐਮਪੀ ਦਾ ਕਹਿਣਾ ਹੈ ਕਿ ਘੁਟਾਲੇ ਬਾਏ ਤੁਹਾਨੂੰ ਈਮੇਲ ਟੈਕਸਟ ਮੈਸੇਜ ਜਾਂ ਤੁਹਾਡੇ ਕੰਪਿਊਟਰ ਤੇ ਕੋਈ ਵੀ ਪੋਪ ਚੇਤਾਵਨੀ ਜਾਰੀ ਕਰਕੇ ਤੁਹਾਡੇ ਬੈਂਕ ਖਾਤੇ ਵਿੱਚ ਧੋਖਾਧੜੀ ਸਬੰਧੀ ਜਾਂ ਤੁਹਾਡੇ ਪੈਸੇ ਨੂੰ ਖਤਰੇ ਵਿੱਚ ਦੱਸਣ ਦਾ ਯਤਨ ਕਰਦੇ ਹਨ ਜਿਸ ਤੋਂ ਬਾਅਦ ਇਹ ਸਭ ਕੁਝ ਠੀਕ ਕਰਨ ਲਈ ਉਹ ਤੁਹਾਨੂੰ ਕ੍ਰਿਪਟੋ ਕਰੰਸੀ ਖਰੀਦਣ ਜਾਂ ਤੁਹਾਡੇ ਪੈਸੇ ਨੂੰ ਸੁਰੱਖਿਤ ਕਰਨ ਲਈ ਕੋਈ ਸਕੀਮ ਪੇਸ਼ ਕਰਦੇ ਹਨ

ਆਰਸੀਐਮਪੀ ਅਧਿਕਾਰੀਆਂ ਨੇ ਕਿਹਾ ਕਿ ਜੇਕਰ ਕਿਸੇ ਨੂੰ ਵੀ ਅਜਿਹਾ ਸੁਨੇਹਾ ਮਿਲਦਾ ਹੈ ਤਾਂ ਉਸ ਤੇ ਕੋਈ ਜਵਾਬ ਨਾ ਦਿੱਤਾ ਜਾਵੇ, ਕਿਉਂਕਿ ਇਹ ਘੁਟਾਲਾ ਹੈ ਅਤੇ ਤੁਹਾਨੂੰ ਇਸ ਵਿੱਚ ਫਸਾਇਆ ਜਾ ਸਕਦਾ ਹੈ ਜਿਸ ਤੋਂ ਬਾਅਦ ਲੋਕ ਵੱਡੀ ਧੋਖਾਧੜੀ ਦਾ ਸ਼ਿਕਾਰ ਹੋ ਸਕਦੇ ਹਨ ।

ਅਧਿਕਾਰੀਆਂ ਨੇ ਦੱਸਿਆ ਕੀ ਘੁਟਾਲੇਬਾਏ ਤੁਹਾਨੂੰ ਕਿਸੇ ਤਰ੍ਹਾਂ ਦਾ ਕਿਊਆਰ ਕੋਡ ਜਾਂ ਲਿੰਕ ਵੀ ਭੇਜ ਸਕਦੇ ਹਨ ਜਿਸ ਤੇ ਤੁਹਾਨੂੰ ਕਲਿੱਕ ਕਰਨ ਲਈ ਮਜਬੂਰ ਕੀਤਾ ਜਾ ਸਕਦਾ ਹੈ ਪਰ ਲੋਕਾਂ ਨੂੰ ਇਸ ਤੋਂ ਸੁਚੇਤ ਰਹਿਣ ਦੀ ਜਰੂਰਤ ਹੈ ।

ਅਧਿਕਾਰੀਆਂ ਨੇ ਕਿਹਾ ਕਿ ਕਿਸੇ ਤਰ੍ਹਾਂ ਦੀ ਵੀ ਅਜਿਹੀ ਕਾਰਵਾਈ ਵਿੱਚ ਫਸਣ ਤੋਂ ਪਹਿਲਾਂ ਹਮੇਸ਼ਾ ਪੁਸ਼ਟੀ ਕਰ ਲੈਣੀ ਚਾਹੀਦੀ ਹੈ ਕਿ ਸੰਸਥਾ ਜਾਇਜ ਹੈ ਜਾਂ ਨਹੀਂ ਇਸ ਤੋਂ ਇਲਾਵਾ ਆਨਲਾਈਨ ਆਉਣ ਵਾਲੇ ਪੋਪਪ ਸੁਨੇਹਾ ਤੇ ਕਲਿੱਕ ਨਾ ਕੀਤਾ ਜਾਵੇ ਅਤੇ ਨਾ ਹੀ ਕਿਸੇ ਨਾਲ ਆਪਣੀ ਬੈਂਕ ਡਿਟੇਲ ਜਾਂ ਨਿਜੀ ਜਾਣਕਾਰੀ ਸਾਂਝੀ ਨਾ ਕੀਤੀ ਜਾਵੇ। ਇਸ ਦੇ ਨਾਲ ਹੀ ਜੇਕਰ ਤੁਸੀਂ ਕਿਸੇ ਤਰ੍ਹਾਂ ਦਾ ਵੀ ਆਨਲਾਈਨ ਖਾਤਾ ਵਰਤਦੇ ਹੋ ਤਾਂ ਉਸੇ ਪਾਸਵਰਡ ਸਮੇਂ ਸਮੇਂ ਤੇ ਤਬਦੀਲ ਕੀਤੇ ਜਾਣ ਤਾਂ ਜੋ ਅਜਿਹੀਆਂ ਧੋਖੇ ਧੜੀਆਂ ਤੋਂ ਬਚਿਆ ਜਾ ਸਕੇ । This report was written by Simranjit Singh as part of the Local Journalism Initiative.

# ਫਲੀਟਵੁੱਡ ਪਾਰਕ ਸੈਕੰਡਰੀ ਸਕੂਲ ਦੀ ਸਮਰੱਥਾ ਵਧਾ ਕੇ 2000 ਕੀਤੀ ਜਾਵੇਗੀ : ਰਚਨਾ ਸਿੰਘ




ਸਰੀ, (ਸਿਮਰਨਜੀਤ ਸਿੰਘ): ਸਰੀ ਦੇ ਫਲੀਟਵੁੱਡ ਪਾਰਕ ਸੈਕੰਡਰੀ ਨੂੰ 2029 ਤੱਕ 800 ਹੋਰ ਵਿਦਿਆਰਥੀਆਂ ਦੇ ਸਵਾਗਤ ਲਈ ਵਿਸਥਾਰ ਕੀਤਾ ਜਾ ਰਿਹਾ ਹੈ।

ਸਿੱਖਿਆ ਮੰਤਰੀ ਰਚਨਾ ਸਿੰਘ ਨੇ ਸਕੂਲ ਦੇ ਵਾਧੇ ਦੀ ਘੋਸ਼ਣਾ ਕਰਦੇ ਹੋਏ ਇੱਕ ਪ੍ਰੈਸ ਬਿਆਨ ਵਿੱਚ ਕਿਹਾ, "ਅਸੀਂ ਸਰੀ ਵਿੱਚ ਵਿਦਿਆਰਥੀਆਂ ਦੀਆਂ ਸੀਟਾਂ ਦੀ ਵੱਧ ਰਹੀ ਮੰਗ ਨੂੰ ਹੁੰਗਾਰਾ ਦੇ ਰਹੇ ਹਾਂ ਅਤੇ ਅਸੀਂ ਇਸ ਸਕੂਲ ਨੂੰ ਸਿੱਖਣ ਅਤੇ ਬੱਚਿਆਂ ਦੀ ਦੇਖਭਾਲ ਦੀਆਂ ਥਾਵਾਂ ਦੇ ਨਾਲ ਬਣਾ ਰਹੇ ਹਾਂ ਜਿਸਦੀ ਭਾਈਚਾਰੇ ਦੇ ਲੋਕਾਂ ਨੂੰ ਲੋੜ ਹੈ। ਜ਼ਿਕਰਯੋਗ ਹੈ ਫਲੀਟਵੁੱਡ ਪਾਰਕ ਸੈਕੰਡਰੀ ਵਿੱਚ ਚਾਰ ਮੰਜ਼ਿਲਾਂ ਦਾ ਵਾਧਾ ਹੋਵੇਗਾ ਅਤੇ ਇਸ ਵਿੱਚ 32 ਕਲਾਸਰੂਮ, ਇੱਕ ਸਿਖਲਾਈ ਕੇਂਦਰ, ਇੱਕ ਸਵਦੇਸ਼ੀ ਸਿੱਖਣ ਅਤੇ ਮੀਟਿੰਗ ਦੀ ਜਗ੍ਹਾ ਅਤੇ ਪਰਿਵਾਰਾਂ ਲਈ ਬੱਚਿਆਂ ਦੀ ਦੇਖਭਾਲ ਲਈ ਜਗ੍ਹਾ, ਇੱਕ ਜਿਮਨੇਜ਼ੀਅਮ, ਵਿਗਿਆਨ ਕਮਰੇ ਅਤੇ ਇੱਕ ਸਲਾਹਕਾਰ ਦੀ ਜਗ੍ਹਾ ਹੋਵੇਗੀ।

ਸਰੀ ਸਕੂਲ ਡਿਸਟ੍ਰਿਕਟ ਵਿੱਚ ਇਹ ਸਕੂਲ ਦਾ ਵਿਸਤਾਰ ਹੁਣ ਤੱਕ ਦਾ ਸਭ ਤੋਂ ਵੱਡਾ ਹੈ, ਕਿਉਂਕਿ ਸਲੀਵਨ ਹਾਈਟਸ ਦੇ 700-ਕਲਾਸਰੂਮ ਜੋੜਨ ਨਾਲ ਸਕੂਲ ਵਿੱਚ ਵੱਧ-ਸਮਰੱਥਾ ਦੇ ਮੁੱਦੇ ਨੂੰ ਹੱਲ ਕਰਨ ਵਿੱਚ ਮਦਦ ਕੀਤੀ ਗਈ ਸੀ, ਜੋ ਉਸ ਸਮੇਂ ਸਭ ਤੋਂ ਵੱਧ ਭੀੜ ਵਾਲਾ ਮੰਨਿਆ ਜਾਂਦਾ ਸੀ।

ਫਲੀਟਵੁੱਡ ਪਾਰਕ ਦੇ ਵਿਸਤਾਰ ਦੀ ਕਈ ਸਾਲਾਂ ਤੋਂ ਮੰਗ ਕੀਤੀ ਜਾ ਰਹੀ ਹੈ ਅਤੇ 2020 ਦੀਆਂ ਸੂਬਾਈ ਚੋਣਾਂ ਲਈ ਮੁਹਿੰਮ ਵਿੱਚ ਬੀਸੀ ਐਨਡੀਪੀ ਦੁਆਰਾ ਸ਼ੁਰੂ ਵਿੱਚ ਇੱਕ ਚੋਣ ਵਾਅਦਾ ਸੀ । ਪਹਿਲਾਂ ਜੋ ਪ੍ਰਸਤਾਵਿਤ 500 ਸੀਟਾਂ ਦਾ ਵਾਧਾ ਸੀ ਉਹ ਹੁਣ 800 ਸੀਟਾਂ ਹੈ, ਜਿਸ ਨਾਲ ਸਕੂਲ ਦੀ ਸਮਰੱਥਾ ਮੌਜੂਦਾ 1,200 ਤੋਂ 2,000 ਹੋ ਗਈ ਹੈ। ਸਰੀ-ਫਲੀਟਵੁੱਡ ਦੇ ਵਿਧਾਇਕ ਜਗਰੂਪ ਬਰਾੜ ਨੇ ਕਿਹਾ, "ਬੀ.ਸੀ. ਦੇ ਸਭ ਤੋਂ ਤੇਜ਼ੀ ਨਾਲ ਵਧ ਰਹੇ ਭਾਈਚਾਰਿਆਂ ਵਿੱਚੋਂ ਇੱਕ ਹੋਣ ਦੇ ਨਾਤੇ, ਇਹ ਪਹਿਲਾਂ ਨਾਲੋਂ ਕਿਤੇ ਜ਼ਿਆਦਾ ਮਹੱਤਵਪੂਰਨ ਹੈ ਕਿ ਅਸੀਂ ਵਿਦਿਆਰਥੀਆਂ ਨੂੰ ਸਰੀ ਦੇ ਸਕੂਲਾਂ ਵਿੱਚ ਲੋੜੀਂਦੇ ਕਲਾਸਰੂਮਾਂ ਨੂੰ ਲਿਆਉਣ ਲਈ ਵਚਨਬੱਧ ਹਾਂ ।"

ਜਿਕਰਯੋਗ ਹੈ ਕਿ ਇਹ ਜੋ ਕੁਝ ਨਾ ਕੀਤੀ ਗਈ ਹੈ ਇਸ ਦੀ ਉਸਾਰੀ ਦਾ ਕੰਮ ਜਲਦ ਹੀ ਸ਼ੁਰੂ ਕਰ ਦਿੱਤਾ ਜਾਵੇਗਾ। ਜਿਸ ਤੋਂ ਬਾਅਦ ਜਨਵਰੀ 2029 ਤੱਕ ਇਸ ਦੀ ਉਸਾਰੀ ਦਾ ਕੰਮ ਪੂਰਾ ਕੀਤੇ ਜਾਣ ਦੀ ਉਮੀਦ ਹੈ। This report was written by Simranjit Singh as part of the Local Journalism Initiative.

# ਵੈਨਕੂਵਰ ਆਈਲੈਂਡ ਯੂਨੀਵਰਸਿਟੀ ਵਿੱਚੋਂ ਫਲਸਤੀਨੀ ਪੱਖੀ ਧਰਨੇ ਚੁਕਵਾਏ



ਸਰੀ, (ਸਿਮਰਨਜੀਤ ਸਿੰਘ): ਵੈਨਕੂਵਰ ਆਈਲੈਂਡ ਯੂਨੀਵਰਸਿਟੀ ਵਿੱਚ ਪਿਛਲੇ ਕਈ ਮਹੀਨਿਆਂ ਤੋਂ ਲੱਗੇ ਪੱਖੀ ਧਰਨਿਆਂ ਨੂੰ ਅਦਾਲਤ ਦੀ ਆਦੇਸ਼ ਤੋਂ ਬਾਅਦ ਬੀਤੇ ਦਿਨੀ ਚੁਕਵਾ ਦਿੱਤਾ ਗਿਆ । ਇਸ ਦੌਰਾਨ ਧਰਨਾਕਾਰੀਆਂ ਨੇ ਰੋਸ ਪ੍ਰਦਰਸ਼ਨ ਕੀਤਾ ਪਰ ਅਧਿਕਾਰੀਆਂ ਨੇ ਉਹਨਾਂ ਨੂੰ ਹਦਾਇਤ ਦਿੱਤੀ ਕਿ ਪ੍ਰਦਰਸ਼ਨ ਕਰਨ ਦੇ ਹੋਰ ਕਈ ਤਰੀਕੇ ਹਨ ਅਤੇ ਸ਼ਾਂਤਮਈ ਤਰੀਕੇ ਨਾਲ ਉਹ ਆਪਣਾ ਪ੍ਰਦਰਸ਼ਨ ਜਾਰੀ ਰੱਖ ਸਕਦੇ ਹਨ ।

ਪ੍ਰੋਵਿੰਸ ਦੀ ਸੁਪਰੀਮ ਕੋਰਟ ਵੱਲੋਂ ਪਿਛਲੇ ਹਫ਼ਤੇ ਯੂਨੀਵਰਸਿਟੀ ਨੂੰ ਹੁਕਮ ਜਾਰੀ ਕੀਤੇ ਜਾਣ ਤੋਂ ਬਾਅਦ ਪ੍ਰਦਰਸ਼ਨਕਾਰੀਆਂ ਕੋਲ ਐਤਵਾਰ ਸਵੇਰੇ 9:30 ਵਜੇ ਤੱਕ ਨਾਨਾਇਮੋ, ਬੀਸੀ ਵਿੱਚ ਯੂਨੀਵਰਸਿਟੀ ਦੇ ਚੌਂਕ ਤੋ ਹਟਾਉਣ ਲਈ ਕਾਰਵਾਈ ਕੀਤੀ ਜਾਵੇ ।

ਪ੍ਰਦਰਸ਼ਨਕਾਰੀ ਸਮੂਹ ਦੇ ਇੰਸਟਾਗ੍ਰਾਮ ਅਕਾਊਂਟ 'ਤੇ ਪੋਸਟ ਕੀਤੇ ਗਏ ਇੱਕ ਵੀਡੀਓ ਬਿਆਨ ਵਿੱਚ, ਇੱਕ ਅਣਪਛਾਤੇ ਪ੍ਰਦਰਸ਼ਨਕਾਰੀ ਨੇ ਕਿਹਾ ਕਿ ਜਦੋਂ ਹੁਕਮ ਲਾਗੂ ਹੋਇਆ ਤਾਂ ਅਧਿਕਾਰੀਆਂ ਨੇ ਧਰਨਿਆਂ ਨੂੰ ਜ਼ਬਰਦਸਤੀ ਹਟਾਉਣਾ ਸ਼ੁਰੂ ਕਰ ਦਿੱਤਾ ਜੋ ਕਿ ਪਿਛਲੇ 110 ਦਿਨਾਂ ਤੋਂ ਜਾਰੀ ਸੀ ।

ਦੂਜੇ ਪਾਸੇ ਅਦਾਲਤ ਨੇ ਇਹ ਵੀ ਹੁਕਮ ਜਾਰੀ ਕੀਤਾ ਹੈ ਕਿ ਅਗਲੇ 150 ਦਿਨ ਤੱਕ ਹੋਰ ਥਾਵਾਂ ਤੇ ਅਜਿਹੇ ਧਰਨੇ ਸਥਾਪਿਤ ਨਾ ਕੀਤੇ ਜਾਣ ।

ਜ਼ਿਕਰ ਯੋਗ ਹੈ ਕਿ ਧਰਨਾਕਾਰੀਆਂ ਵੱਲੋਂ ਗਾਜ਼ਾ ਵਿੱਚ ਇਜਰਾਇਲ ਹੁਮਾਸ ਯੁੱਧ ਦੇ ਦੌਰਾਨ ਮਾਰੇ ਜਾ ਰਹੇ ਫਲਸਤੀਨੀ ਲੋਕਾਂ ਦੀ ਹਿਮਾਇਤ ਵਿੱਚ ਇਹ ਧਰਨੇ ਲਗਾਏ ਗਏ ਸਨ ਜੋ ਕਿ ਕਨੇਡਾ ਤੋਂ ਪਹਿਲਾਂ ਅਮਰੀਕੀ ਯੂਨੀਵਰਸਟੀਆਂ ਵਿੱਚ ਵੀ ਵੇਖਣ ਨੂੰ ਮਿਲੇ ਸਨ ।

ਯੂਨੀਵਰਸਿਟੀ ਨੇ ਅਜੇ ਐਤਵਾਰ ਦੇ ਘਟਨਾਕ੍ਰਮ 'ਤੇ ਪ੍ਰਤੀਕਿਰਿਆ ਨਹੀਂ ਦਿੱਤੀ ਹੈ। ਪਰ ਸਕੂਲ ਨੇ ਪਿਛਲੇ ਹਫ਼ਤੇ ਇੱਕ ਬਿਆਨ ਜਾਰੀ ਕਰਕੇ ਕਿਹਾ ਕਿ ਜਦੋਂ ਇਹ ਸ਼ਾਂਤਮਈ ਵਿਰੋਧ ਪ੍ਰਦਰਸ਼ਨ ਦੇ ਅਧਿਕਾਰ ਦਾ ਸਨਮਾਨ ਕਰਦਾ ਹੈ, ਤਾਂ ਅਦਾਲਤ ਦਾ ਆਦੇਸ਼ ਇਹ ਯਕੀਨੀ ਬਣਾਉਂਦਾ ਹੈ ਕਿ ਕੈਂਪਸ ਕਵਾਡ ਨੂੰ ਕਮਿਊਨਿਟੀ ਵਿੱਚ ਵਾਪਸ ਕਰ ਦਿੱਤਾ ਜਾਵੇ ਅਤੇ "ਕਿਸੇ ਵੀ ਵਿਅਕਤੀਗਤ ਸਮੂਹ ਨੂੰ ਇੱਕ ਸਿੰਗਲ ਨੂੰ ਉਤਸ਼ਾਹਿਤ ਕਰਨ ਲਈ ਲੰਬੇ ਸਮੇਂ ਲਈ ਸਾਂਝੀ ਜਗ੍ਹਾ 'ਤੇ ਕਬਜ਼ਾ ਕਰਨ ਤੋਂ ਰੋਕਿਆ ਜਾਵੇ। ਬੀ ਸੀ ਵਿੱਚ ਇਸੇ ਤਰ੍ਹਾਂ ਦੇ ਵਿਰੋਧ ਕੈਂਪਾਂ ਨੂੰ ਪਿਛਲੇ ਮਹੀਨੇ ਵਿਕਟੋਰੀਆ ਯੂਨੀਵਰਸਿਟੀ ਅਤੇ ਬ੍ਰਿਟਿਸ਼ ਕੋਲੰਬੀਆ ਯੂਨੀਵਰਸਿਟੀ ਵਿੱਚ ਖਾਲੀ ਕੀਤਾ ਗਿਆ ਸੀ। This report was written by Simranjit Singh as part of the Local Journalism Initiative.



# ਫੰਡ ਨਾ ਮਿਲਣ ਕਾਰਨ ਸਰੀ ਸਕੂਲਾਂ ਦੇ ਵਿਦਿਆਰਥੀ ਹੋਣਗੇ ਬੱਸ ਸੇਵਾਵਾਂ ਤੋਂ ਵਾਂਝੇ

### ਬੱਸ ਸੇਵਾਵਾਂ 'ਚ ਕਟੌਤੀ ਕਰਨ ਦੇ ਫੈਸਲੇ 'ਤੇ ਮਾਪਿਆਂ ਨੇ ਜਤਾਇਆ ਰੋਸ



ਸਰੀ, (ਸਿਮਰਨਜੀਤ ਸਿੰਘ): ਸਰੀ ਦੀਆਂ ਬੱਸ ਸੇਵਾਵਾਂ ਵਿੱਚ ਕਟੌਤੀ ਕੀਤੇ ਜਾਣ ਤੋਂ ਬਾਅਦ ਹੁਣ ਸਕੂਲਾਂ ਵਿੱਚ ਪੜ੍ਹ ਰਹੇ ਵਿਦਿਆਰਥੀਆਂ ਦੇ ਮਾਪਿਆਂ ਵੱਲੋਂ ਰੋਸ ਪ੍ਰਗਟਾਇਆ ਜਾ ਰਿਹਾ ਹੈ ਉਹਨਾਂ ਨੇ ਕਿਹਾ ਕਿ ਜੋ ਵਿਦਿਆਰਥੀ ਜਿਨਾਂ ਵਿੱਚ ਕੁਝ ਅਪਾਹਜ ਵਿਦਿਆਰਥੀ ਵੀ ਸ਼ਾਮਿਲ ਹਨ ਲਈ ਬੱਸ ਸੇਵਾਵਾਂ ਵਿੱਚ ਕੀਤੀ ਗਈ ਕਟੌਤੀ ਵੱਡੀ ਸਮੱਸਿਆ ਬਣ ਕੇ ਸਾਹਮਣੇ ਆਵੇਗੀ ।

ਮਾਪਿਆਂ ਦਾ ਕਹਿਣਾ ਹੈ ਕਿ ਬਹੁਤ ਸਾਰੇ ਵਿਦਿਆਰਥੀ ਅਜਿਹੇ ਹਨ ਜੋ ਸਕੂਲ ਆਉਣ ਜਾਣ ਲਈ ਬਸ ਸੇਵਾਵਾਂ ਦੀ ਵਰਤੋਂ ਕਰਦੇ ਹਨ ਅਜਿਹੇ ਵਿੱਚ ਸਿੱਖਿਆ ਮੰਤਰਾਲੇ ਨੂੰ ਤੁਰੰਤ ਇਸ ਦੇ ਹੱਲ ਲਈ ਕਦਮ ਚੁੱਕਣਾ ਚਾਹੀਦਾ ਹੈ ।

ਮਾਪਿਆਂ ਦਾ ਕਹਿਣਾ ਹੈ ਕਿ ਇੱਕ ਪਾਸੇ ਸਰਕਾਰਾਂ ਵੱਲੋਂ ਪਬਲਿਕ ਟਰਾਂਸਪੋਰਟ ਦੀ ਵਧੇਰੇ ਵਰਤੋਂ ਕਰਨ ਲਈ ਉਤਸਾਹਿਤ ਕੀਤਾ ਜਾਂਦਾ ਹੈ ਅਤੇ ਦੂਜੇ ਪਾਸੇ ਸਰੀ ਵਿੱਚ ਬੱਸ ਸੇਵਾਵਾਂ ਵਿੱਚ ਕਟੌਤੀ ਕੀਤੀ ਜਾ ਰਹੀ ਹੈ । ਜਿਸ ਦਾ ਮਾਪਿਆਂ ਵੱਲੋਂ ਭਾਰੀ ਰੋਸ ਜਤਾਇਆ ਗਿਆ ।

ਪ੍ਰੈਸ ਰਿਲੀਜ਼ ਦੇ ਅਨੁਸਾਰ, ਜ਼ਿਲ੍ਹੇ ਭਰ ਵਿੱਚ 500 ਤੋਂ ਵੱਧ ਪਰਿਵਾਰਾਂ ਨੂੰ ਸਰੀ ਦੇ ਸਕੂਲਾਂ ਤੋਂ ਪੱਤਰ ਪ੍ਰਾਪਤ ਹੋਏ ਹਨ ਜੋ ਉਹਨਾਂ ਦੀ ਬੱਸ ਸੇਵਾ ਲਈ ਅਯੋਗਤਾ ਦਰਸਾਉਂਦੇ ਹਨ।

2023-24 ਸਕੂਲੀ ਸਾਲ ਵਿੱਚ, ਇਕਰਾਰਨਾਮੇ ਵਾਲੀ ਬੱਸ ਸੇਵਾ ਲਈ ਫੰਡਿੰਗ ਲਗਭਗ $7.5 ਮਿਲੀਅਨ ਸੀ, ਜਦੋਂ ਕਿ ਅਗਲੇ ਸਾਲ ਲਈ, ਇਹ ਰਕਮ ਅੱਧੇ ਤੋਂ ਘੱਟ ਕੇ $3 ਮਿਲੀਅਨ ਰਹਿ ਗਈ।

ਬੱਸ ਸੇਵਾ ਲਈ ਜ਼ਿਲ੍ਹੇ ਨੂੰ ਤਕਰੀਬਨ 900 ਬੇਨਤੀਆਂ ਕੀਤੀਆਂ ਗਈਆਂ ਸਨ, ਪਰ ਅਗਲੇ ਸਕੂਲੀ ਸਾਲ ਲਈ ਸਿਰਫ਼ 350 ਸੀਟਾਂ ਹੀ ਉਪਲਬਧ ਹਨ।

ਪ੍ਰਭਾਵਿਤ ਇੱਕ ਪਰਿਵਾਰ ਜੈਸਿਕਾ ਨੌਰਮਨ ਅਤੇ ਉਸਦੇ ਦੋ ਬੱਚੇ ਹਨ ਜੋ ਸਕੂਲ ਜਾਣ ਲਈ ਬੱਸ ਸੇਵਾ 'ਤੇ ਨਿਰਭਰ ਕਰਦੇ ਹਨ। ਇਕੱਲੀ ਮਾਂ ਦੇ ਦੋ ਬੱਚੇ ਵਿਸ਼ੇਸ਼ ਪ੍ਰੋਗਰਾਮਾਂ ਵਿੱਚ ਹਨ:ੁਫਓ ਵਿੱਚ ਉਸਦਾ ਸਭ ਤੋਂ ਵੱਡਾ, ਉਹਨਾਂ ਵਿਦਿਆਰਥੀਆਂ ਲਈ ਇੱਕ ਪ੍ਰੋਗਰਾਮ ਜਿਨ੍ਹਾਂ ਨੂੰ ਚਿੰਤਾ ਅਤੇ/ਜਾਂ ਡਿਪਰੈਸ਼ਨ ਦਾ ਨਿਦਾਨ ਕੀਤਾ ਗਿਆ ਹੈ, ਜਦੋਂ ਕਿ ਉਸਦਾ ਸਭ ਤੋਂ ਛੋਟਾ BASES ਵਿੱਚ ਹੈ, ਜੋ ਕਿ ਨਿਊਰੋਡਾਇਵਰਸ ਬੱਚਿਆਂ ਲਈ ਹੈ। ਅਗਲੇ ਸਕੂਲੀ ਸਾਲ ਤੋਂ, ਜੇਕਰ ਉਸਦੇ ਦੋ ਬੱਚਿਆਂ ਨੂੰ ਬੱਸ ਸੇਵਾਵਾਂ ਪ੍ਰਦਾਨ ਨਹੀਂ ਕੀਤੀਆਂ ਜਾਂਦੀਆਂ ਹਨ, ਤਾਂ ਉਸ ਨੂੰ ਦੋਵੇਂ ਬੱਚੇ ਲੈਣ ਲਈ ਵੱਖ ਵੱਖ ਸਕੂਲਾਂ ਵਿੱਚ ਜਾਣਾ ਪਵੇਗਾ ਅਤੇ ਆਪਣੇ ਨੌਕਰੀ ਤੋਂ ਵੀ ਛੁੱਟੀ ਲੈਣ ਲਈ ਚੁਣੌਤੀਆਂ ਦਾ ਸਾਹਮਣਾ ਕਰਨਾ ਪਵੇਗਾ ।

ਮਾਤਾ-ਪਿਤਾ ਸਮੂਹ ਸਿੱਖਿਆ ਮੰਤਰਾਲੇ ਨੂੰ ਸਰੀ ਸਕੂਲਾਂ ਦੀ ਬੱਸ ਸੇਵਾ ਲਈ ਫੰਡ ਦੇਣ ਲਈ ਕਹਿ ਰਿਹਾ ਹੈ ਤਾਂ ਜੋ ਕਿਸੇ ਵੀ ਪਰਿਵਾਰ ਨੂੰ ਪ੍ਰੋਗਰਾਮ ਤੋਂ ਨਾ ਕੱਟਿਆ ਜਾਵੇ। ਵਰਤਮਾਨ ਵਿੱਚ, ਮੰਤਰਾਲਾ ਭਛ ਵਿੱਚ ਕਿਸੇ ਵੀ ਸਕੂਲੀ ਜ਼ਿਲ੍ਹਿਆਂ ਵਿੱਚ ਆਵਾਜਾਈ ਲਈ ਮਨੋਨੀਤ ਫੰਡ ਪ੍ਰਦਾਨ ਨਹੀਂ ਕਰਦਾ ਹੈ। This report was written by Simranjit Singh as part of the Local Journalism Initiative.

# ਰੇਲਵੇ ਕਾਮਿਆਂ ਵਲੋਂ ਹੜ੍ਹਤਾਲ ਦੇ ਐਲਾਨ ਤੋਂ ਬਾਅਦ ਕਾਰੋਬਾਰੀਆਂ ਨੇ ਜਤਾਈ ਚਿੰਤਾ

### ਰੇਲਵੇ ਦੀ ਹੜ੍ਹਤਾਲ ਛੋਟੇ ਕਾਰੋਬਾਰੀਆਂ ਲਈ ਵਿਨਾਸ਼ਕਾਰੀ ਸਾਬਤ ਹੋਵੇਗੀ : ਬਿਜ਼ਨਸ ਕੌਂਸਲ




ਸਰੀ, (ਸਿਮਰਨਜੀਤ ਸਿੰਘ): ਕੈਨੇਡਾ ਵਿਆਪੀ ਰੇਲਵੇ ਕਾਮਿਆਂ ਵੱਲੋਂ ਹੜਤਾਲ ਦਾ ਐਲਾਨ ਕੀਤੇ ਜਾਣ ਤੋਂ ਬਾਅਦ ਬੀਸੀ ਕਾਰੋਬਾਰੀਆਂ ਵੱਲੋਂ ਚਿੰਤਾ ਪ੍ਰਗਟਾਉਂਦੇ ਹੋਏ ਸਰਕਾਰ ਨੂੰ ਇਸ ਦਾ ਛੇਤੀ ਤੋਂ ਛੇਤੀ ਹੱਲ ਕਰਨ ਲਈ ਅਪੀਲ ਕੀਤੀ ਗਈ ਹੈ । ਕਾਰੋਬਾਰੀਆਂ ਨੇ ਚਿੰਤਾ ਜਾਹਿਰ ਕਰਦੇ ਹੋਏ ਕਿਹਾ ਕਿ ਜੇਕਰ ਰੇਲਵੇ ਕੰਮ ਹੜਤਾਲ ਤੇ ਜਾਂਦੇ ਹਨ ਤਾਂ ਇਸ ਦਾ ਪ੍ਰਭਾਵ ਹਰ ਖੇਤਰ ਤੇ ਪਵੇਗਾ ਅਤੇ ਇਸ ਦੇ ਨਾਲ ਨਾਲ ਲੋਕਾਂ ਤੇ ਆਰਥਿਕ ਬੋਝ ਫੋਰ ਵਧੇਗਾ ।

ਬ੍ਰਿਟਿਸ਼ ਕੋਲੰਬੀਆ ਦੀ ਬਿਜ਼ਨਸ ਕੌਂਸਲ ਦੇ ਮੁੱਖ ਅਰਥ ਸ਼ਾਸਤਰੀ ਕੇਨ ਪੀਕੌਕ ਨੇ ਕਿਹਾ, ਇਹ ਹੜਤਾਲ ਬੀਸੀ ਵਾਸੀਆਂ ਲਈ ਵਿਨਾਸ਼ਕਾਰੀ ਸਾਬਤ ਹੋ ਸਕਦੀ ਹੈ ਜੇਕਰ ਇਸ ਨੂੰ ਸਮੇਂ ਸਿਰ ਨਾ ਰੋਕਿਆ ਗਿਆ ।

ਉਹਨਾਂ ਨੇ ਕਿਹਾ ਕਿ ਬੀਸੀ ਵਿੱਚ ਦੁਕਾਨਾਂ ਤੇ ਕਾਰੋਬਾਰ ਜਾਂ ਨੂੰ ਉਤਪਾਦ ਪਹੁੰਚਾਉਣ ਵਿੱਚ ਰੇਲਵੇ ਦਾ ਵੱਡਾ ਯੋਗਦਾਨ ਹੈ ਜੇਕਰ ਰੇਲਵੇ ਕੰਮ ਹੜਤਾਲ ਤੇ ਜਾਂਦੇ ਹਨ ਤਾਂ ਬੀਸੀ ਵਿੱਚ ਉਤਪਾਦਾਂ ਦੀਆਂ ਕੀਮਤਾਂ ਵਿੱਚ ਵੱਡਾ ਉਛਾਲ ਵੇਖਣ ਨੂੰ ਮਿਲ ਸਕਦਾ ਹੈ ਜੋ ਕਿ ਲੋਕ ਬਰਦਾਸ਼ਤ ਨਹੀਂ ਕਰ ਸਕਦੇ ।

ਇਸ ਦੇ ਨਾਲ ਹੀ ਉਹਨਾਂ ਨੇ ਕਿਹਾ ਕਿ ਰੇਲਵੇ ਕਾਮਿਆਂ ਵੱਲੋਂ ਜੇਕਰ ਹੜਤਾਲ ਕਰ ਦਿੱਤੀ ਜਾਂਦੀ ਹੈ ਤਾਂ ਇਸ ਦਾ ਸਭ ਤੋਂ ਵੱਡਾ ਵਿਨਾਸ਼ਕਾਰੀ ਪ੍ਰਭਾਵ ਛੋਟੇ ਕਾਰੋਬਾਰੀਆਂ ਨੂੰ ਝੱਲਣਾ ਪਵੇਗਾ ਜਿਨਾਂ ਦੀ ਸਪਲਾਈ ਚੈਨ ਬੁਰੀ ਤਰ੍ਹਾਂ ਪ੍ਰਭਾਵਿਤ ਹੋਵੇਗੀ । ਉਦਾਹਰਣ ਦੇ ਤੌਰ ਤੇ ਉਹਨਾਂ ਨੇ ਕਿਹਾ ਕਿ ਰੈਸਟੋਰੈਂਟ ਅਤੇ ਹੋਰ ਅਜਿਹੇ ਛੋਟੇ ਕਾਰੋਬਾਰ ਤਾਜਾ ਭੋਜਨ ਪੀਣ ਵਾਲੇ ਪਦਾਰਥਾਂ ਨੂੰ ਆਜ਼ਾਦ ਕਰਨ ਲਈ ਰੇਲਵੇ ਤੇ ਨਿਰਭਰ ਕਰਦੇ ਹਨ ਜਿਨਾਂ ਦੇ ਪ੍ਰਭਾਵ ਵਿੱਚ ਹੋਣ ਦਾ ਖਤਰਾ ਸਭ ਤੋਂ ਵੱਧ ਹੈ।

ਉਹਨਾਂ ਕਿਹਾ ਕਿ ਛੋਟੇ ਕਾਰੋਬਾਰ ਕਰੋਨਾ ਵਾਇਰਸ ਮਹਾਂਮਾਰੀ ਤੋਂ ਬਾਅਦ ਹੁਣ ਕਾਫੀ ਸਮੇਂ ਤੋਂ ਆਪਣੇ ਕਾਰੋਬਾਰ ਨੂੰ ਲੀਹ ਤੇ ਲਿਆਉਣ ਲਈ ਜੱਦੋਜਹਿਦ ਕਰ ਰਹੇ ਹਨ ਅਜਿਹੇ ਚ ਜੇਕਰ ਹੁਣ ਰੇਲਵੇ ਕਾਮਿਆਂ ਵੱਲੋਂ ਹੜਤਾਲ ਕਰ ਦਿੱਤੀ ਜਾਂਦੀ ਹੈ ਤਾਂ ਛੋਟੇ ਕਾਰੋਬਾਰੀਆਂ ਲਈ ਇਹ ਵਿਨਾਸ਼ਕਾਰੀ ਸਾਬਤ ਹੋਵੇਗਾ । ਇਸ ਲਈ ਸਰਕਾਰ ਨੂੰ ਸਮਾਂ ਰਹਿੰਦੇ ਰੇਲਵੇ ਕਾਮਿਆਂ ਨਾਲ ਸਮਝੌਤਾ ਸਿਰੇ ਚੜਾਉਣਾ ਚਾਹੀਦਾ ਹੈ । ਪ੍ਰੀਮੀਅਰ ਡੇਵਿਡ ਏਬੀ ਨੇ ਸੋਮਵਾਰ (19 ਅਗਸਤ) ਨੂੰ ਪੱਤਰਕਾਰਾਂ ਨੂੰ ਦੱਸਿਆ ਕਿ ਉਨ੍ਹਾਂ ਦਾ ਮੰਨਣਾ ਹੈ ਕਿ ਕੰਪਨੀਆਂ ਅਤੇ ਕਰਮਚਾਰੀਆਂ ਨੂੰ ਸੌਦੇਬਾਜ਼ੀ ਦੀ ਮੇਜ਼ 'ਤੇ ਵਾਪਸ ਆਉਣ ਦੀ ਜ਼ਰੂਰਤ ਹੈ। This report was written by Simranjit Singh as part of the Local Journalism Initiative.

ਗਲੈਡਵਿਨ ਔਪਟੀਕਲ
GLADWIN OPTICAL
ਨਜ਼ਰ ਦੀਆਂ ਐਨਕਾਂ
EYE GLASSES
CONTACT LENSES
SUNGLASSES
» ਸਾਡੇ ਕੋਲ ਬਹੁਤ ਤਰ੍ਹਾਂ ਦੇ ਫਰੇਮਾਂ ਦੇ ਡਿਜ਼ਾਈਨ ਮੌਜੂਦ ਹਨ।
» ਅਸੀਂ ਕਨਟੈਕਟ ਲੈਂਜ਼ ਹਰ ਤਰ੍ਹਾਂ ਦੇ ਰੰਗਾਂ ਵਿੱਚ ਰੱਖਦੇ ਹਾਂ।
» ਐਨਕਾਂ ਦੀ ਰਿਪੇਅਰ ਦਾ ਕੰਮ ਤੱਸਲੀਬਖਸ਼ ਹੁੰਦਾ ਹੈ।
» ਅਸੀਂ ਅੱਖਾਂ ਦਾ ਫਰੀ ਚੈੱਕ-ਅਪ ਕਰਦੇ ਹਾਂ।

BHUPINDER OBEROI
ਸਰੀ, ਡੈਲਟਾ ਅਤੇ ਐਬਟਸਫੋਰਡ ਵਿੱਚ ਪੰਜਾਬੀ ਭਰਾਵਾਂ ਦੀ ਆਪਣੀ ਦੁਕਾਨ ਜਿੱਥੇ ਨਜ਼ਰ ਦੀਆਂ ਐਨਕਾਂ ਦਾ ਕੰਮ ਤੱਸਲੀਬਖਸ਼ ਹੁੰਦਾ ਹੈ।
ਸਾਡਾ ਐਡਰੈੱਸ ਨੋਟ ਕਰੋ
Abbotsford #103-2955 Gladwin Rd.
604-864-8803
Surrey (Kwantlen Square)
Unit # 105, 12568-72 Ave, Surrey
ਅਸੀਂ ਆਪਣੇ ਗਾਹਕਾਂ ਦੀ ਨਜ਼ਰ ਟੈਸਟ ਫਰੀ ਕਰਦੇ ਹਾਂ।
ਵਧੇਰੇ ਜਾਣਕਾਰੀ ਲਈ ਫੋਨ ਕਰੋ
604-594-6940
Unit #105, 12568-72 Ave, Surrey
FREE
SIGHT TEST

ਸੁਪਰ ਵੀਜ਼ਾ
ਵਿਜ਼ਟਰ ਇੰਸ਼ੋਰੈਂਸ

MONEY BACK LIFE INSURANCE
- ਲਾਇਫ਼ ਇੰਸ਼ੋਰੈਂਸ
- ਮੋਰਟਗੇਜ ਇੰਸ਼ੋਰੈਂਸ
- ਟ੍ਰੈਵਲ ਇੰਸ਼ੋਰੈਂਸ
- ਕਰੀਟੀਕਲ ਇਲਨੈਂਸ ਇੰਸ਼ੋਰੈਂਸ
- ਡਿਸੇਬਿਲਟੀ ਇੰਸ਼ੋਰੈਂਸ
Punjab Insurance Agency Inc.
15 YEARS EXPERIENCE
ਬਰਿੰਦਰ ਸਿੰਘ ਗਿੱਲ 604-835-1212
insuranceresp@gmail.com
MOVE TO : Unit 148-32050 Cedar Lane, Abbotsford
301 - 8128, 128 St. Surrey, B.C.

# ਬ੍ਰਿਟਿਸ਼ ਕੋਲੰਬੀਆ ਵਿੱਚ ਅੱਗ ਨੇ 10 ਲੱਖ ਹੈਕਟੇਅਰ ਤੋਂ ਜੰਗਲੀ ਖੇਤਰ ਕੀਤਾ ਤਬਾਹ



ਸਰੀ, (ਸਿਮਰਨਜੀਤ ਸਿੰਘ): ਬ੍ਰਿਟਿਸ਼ ਕੋਲੰਬੀਆ ਵਿੱਚ 1 ਅਪ੍ਰੈਲ ਤੋਂ ਜੰਗਲੀ ਅੱਗ ਸੀਜ਼ਨ ਸ਼ੁਰੂ ਹੋਣ ਤੋਂ ਬਾਅਦ ਅੱਗ ਨੇ 10 ਲੱਖ ਹੈਕਟੇਅਰ ਤੋਂ ਵੱਧ ਤਬਾਹ ਕਰ ਦਿੱਤਾ ਹੈ।

ਬੀ ਸੀ ਵਾਈਲਡਫਾਇਰ ਸਰਵਿਸ ਦੇ ਅਨੁਸਾਰ, 20 ਅਗਸਤ ਤੱਕ, ਸੂਬੇ ਵਿੱਚ ਕੁੱਲ 1,525 ਜੰਗਲੀ ਅੱਗਾਂ ਨੇ 1,009,806 ਹੈਕਟੇਅਰ ਨੂੰ ਸਾੜ ਦਿੱਤਾ ਸੀ।

ਬ੍ਰਿਟਿਸ਼ ਕੋਲੰਬੀਆ ਵਿਚ ਇਹ ਸਾਲ ਰਿਕਾਰਡ 'ਤੇ ਚੌਥਾ ਸਭ ਤੋਂ ਖਰਾਬ ਸਾਲ ਹੈ।

2023 ਵਿੱਚ, ਸਭ ਤੋਂ ਭਿਆਨਕ ਅੱਗ ਦਾ ਸੀਜ਼ਨ ਰਿਕਾਰਡ ਕੀਤਾ ਗਿਆ, ਅੱਗ ਨੇ 2,857,878 ਹੈਕਟੇਅਰ ਨੂੰ ਤਬਾਹ ਕਰ ਦਿੱਤਾ, ਜੋ ਕਿ ਕਿਸੇ ਵੀ ਹੋਰ ਸਾਲ ਵਿੱਚ ਅੱਗ ਦੇ ਨੁਕਸਾਨ ਨਾਲੋਂ ਦੁੱਗਣਾ ਹੈ।

2023 ਵਿੱਚ ਅੱਗ ਬੁਝਾਉਣ ਦੀ ਲਾਗਤ $1.0948 ਬਿਲੀਅਨ ਸੀ, ਜੋ ਕਿ ਰਿਕਾਰਡ ਵਿੱਚ ਸਭ ਤੋਂ ਵੱਧ ਰਕਮ ਹੈ। ਇਸ ਤੋਂ ਪਹਿਲਾਂ, 2018 ਵਿੱਚ $615 ਮਿਲੀਅਨ ਦੀ ਲਾਗਤ ਨਾਲ, 1,354,284 ਹੈਕਟੇਅਰ ਤਬਾਹ ਹੋ ਗਿਆ ਸੀ। ਪਿਛਲੇ ਸਾਲ, ਜੰਗਲ ਦੀ ਅੱਗ ਨੇ 1,216,053 ਹੈਕਟੇਅਰ ਨੂੰ ਸਾੜ ਦਿੱਤਾ ਸੀ। ਉਸ ਸਾਲ ਅੱਗ ਬੁਝਾਉਣ ਦੇ ਯਤਨਾਂ ਦੀ ਲਾਗਤ $649 ਮਿਲੀਅਨ ਸੀ।

ਇਸ ਸਾਲ ਹੁਣ ਤੱਕ, ਸੂਬੇ ਦੇ ਜੰਗਲੀ ਅੱਗ ਦਾ ਵੱਡਾ ਨੁਕਸਾਨ ਉੱਤਰ-ਪੂਰਬੀ ਬ੍ਰਿਟਿਸ਼ ਕੋਲੰਬੀਆ ਵਿੱਚ ਪ੍ਰਿੰਸ ਜਾਰਜ ਫਾਇਰ ਸੈਂਟਰ ਦੇ ਕਵਰੇਜ ਖੇਤਰ ਵਿੱਚ ਹੋਇਆ ਹੈ, ਜਿੱਥੇ 775,435 ਹੈਕਟੇਅਰ ਸੜ ਗਿਆ ਹੈ। ਇਹ ਸੂਬੇ ਦੇ ਬਾਕੀ ਸਾਰੇ ਖੇਤਰਾਂ ਵਿੱਚ ਜੰਗਲ ਦੀ ਅੱਗ ਨਾਲ ਹੋਏ ਨੁਕਸਾਨ ਤੋਂ ਕਈ ਗੁਣਾ ਵੱਧ ਹੈ। ਇਸ ਸਾਲ ਹੁਣ ਤੱਕ 1,117 ਜੰਗਲੀ ਅੱਗਾਂ ਜਾਂ ਰਿਕਾਰਡ ਕੀਤੀਆਂ ਗਈਆਂ ਅੱਗਾਂ ਦਾ 73 ਫੀਸਦੀ ਕਾਰਨ ਬਿਜਲੀ ਹੈ। ਹੋਰ 356 ਅੱਗਾਂ, ਜਾਂ 23 ਪ੍ਰਤੀਸ਼ਤ ਮਨੁੱਖੀ ਕਾਰਨ ਹੋਈਆਂ ਹਨ। ਬਾਕੀ 52 ਜੰਗਲੀ ਅੱਗ ਦੇ ਕਾਰਨਾਂ ਦਾ ਪਤਾ ਨਹੀਂ ਲੱਗ ਸਕਿਆ ਹੈ। This report was written by Simranjit Singh as part of the Local Journalism Initiative.


idea immigration
Super Visas
PNPs
iccrc crcic
EXPRESS ENTRY
Canada's Express Entry immigration
ਕੈਨੇਡਾ ਪਹੁੰਚਣ ਦਾ ਸੁਨਿਹਰੀ ਮੌਕਾ
- ਭਾਰਤ ਵਿੱਚ ਰਹਿੰਦੇ ਆਪਣੇ ਰਿਸ਼ਤੇਦਾਰ,ਸੱਜਣ ਮਿੱਤਰ ਨੂੰ ਕੈਨੇਡਾ ਬੁਲਾਓ
- 12 ਮਹੀਨੇ ਵਿੱਚ ਨੈਨੀ ਨੂੰ ਕੈਨੇਡਾ ਬੁਲਾਓ। ਵਰਕ ਪਰਮਿਟ ਤੇ ਫੈਮਲੀ ਵੀ ਨਾਲ ਆ ਸਕਦੀ ਹੈ।
- ਵਿਆਹ ਸ਼ਾਦੀਆਂ ਤੇ ਰਫਿਊਜੀ ਕੇਸਾਂ 'ਚ ਅਪੀਲ ਆਪਣੇ ਮਾਤਾ -ਪਿਤਾ ਨੂੰ ਕੈਨੇਡਾ ਵਿੱਚ ਪੱਕੇ ਕਰਵਾਉਣ ਲਈ
- ਕੈਨੇਡਾ ਦੇ ਆਰਜ਼ੀ ਵੱਰਕ ਪਰਮਿਟ ਪ੍ਰੋਗਰਾਮ 'ਚ ਤਬਦੀਲੀਆਂ
- ਇੰਜੀਨੀਅਰ, ਕੰਪਿਊਟਰ ਪ੍ਰੋਗਰਾਮਰ, ਟਰੱਕ ਡਰਾਇਵਰਾਂ ਦੀ ਜ਼ਰੂਰਤ
- ਕੈਨੇਡਾ ਦੇ ਇੰਮੀਗ੍ਰੇਸ਼ਨ ਮਹਿਕਮੇਂ ਵੱਲੋਂ ਅਰਜ਼ੀਆਂ ਲੈਣੀਆਂ ਸ਼ੁਰੂ
- ਵਿਜ਼ਟਰ ਵੀਜ਼ੇ ਤੇ ਆਏ , ਪੱਕੇ ਹੋਣ ਲਈ ਮਸ਼ਵਰੇ ਵਾਸਤੇ ਮਿਲੋ



ਹੋਰ ਜਾਣਕਾਰੀ ਲਈ ਸੰਪਰਕ ਕਰੋ:
NAVNEET SHARMA
778-320-0620
Phone :604-597-1119 | Fax:604-593-5099
York Centre#209-7928, 128St. Surrey BC V3W 4E8
info@ideaimmigration.com | www.ideaimmigration.com



Keep Smiling Denture Clinic
Keep Smiling
Denture Clinic
SEMCD CERTIFIED CLINICIAN
Complete Denture
Implant Denture
Partial Denture
CARE HOME MOBILE SERVICE
ਮੁਫ਼ਤ ਸਲਾਹ ਲਈ ਅੱਜ ਹੀ ਮਿਲੋ
ਕੀ ਤੁਹਾਡੇ ਹੇਠਲੇ ਜਾਂ ਉਪਰਲੇ ਦੰਦ ਢਿੱਲੇ ਹਨ ਜਾਂ
ਹੱਡੀ ਘਸੀ ਹੋਈ ਹੈ?
ਤਾਂ ਸਾਨੂੰ Suction Denture ਬਾਰੇ ਜਾਨਣ ਲਈ ਮਿਲੋ
ਅਸੀਂ ਜਾਪਾਨੀ ਤਕਨੀਕ ਨਾਲ ਦੰਦਾਂ ਨੂੰ ਫਿਟ ਬਣਾਉਣ ਲਈ ਵੀ ਪ੍ਰਮਾਣਿਤ (CERTIFIED) ਹਾਂ ।
ਜੇਕਰ ਤੁਸੀਂ ਕੈਨੇਡੀਅਨ ਡੈਂਟਲ ਕੇਅਰ ਪਲਾਨ ਦਾ ਕਾਰਡ ਮਿਲ ਗਿਆ ਹੈ ਤਾਂ ਫਿਰ ਆਪਣੀ ਸਲਾਹ ਦਾ ਸਮਾਂ ਬੁੱਕ ਕਰੋ
If you have received Canadian Dental Care Plan Card.
Book appointment
ਜੇ ਤੁਹਾਡੇ ਇੱਕ, ਇੱਕ ਤੋਂ ਵੱਧ ਦੰਦ ਨਿਕਲ ਚੁੱਕੇ ਹਨ, ਦੰਦ ਲਗਵਾਉਣੇ ਹਨ, ਦੰਦ ਪੁਰਾਣੇ ਹਨ ਜਾਂ ਹੁਣ ਨਵੇਂ ਲਗਵਾਉਣੇ ਹਨ। ਤੁਹਾਡੇ ਲਗਵਾਏ ਦੰਦ ਢਿੱਲੇ ਹਨ ਜਾਂ ਟੁੱਟ ਗਏ ਹਨ ਉਨ੍ਹਾਂ ਨੂੰ ਰੀਅਲਾਇਨ ਜਾਂ ਰਿਪੇਅਰ ਕਰਵਾਉਣ ਲਈ ਸਾਨੂੰ ਅੱਜ ਹੀ ਮਿਲੋ।



Gagan Chahal R.D.
Registered Denturist
Book Your Appointment
778-600-0811
13117 - 67A Ave, Surrey, BC
778-600-0810
2644 Cyril St Abbotsford BC

## ਕੈਨੇਡਾ ਵਿੱਚ ਮਾਲ ਗੱਡੀਆਂ (ਰੇਲਾਂ) ਦੇ ਬੰਦ...

ਰਹੀ ਹੈ, ਜਦਕਿ ਕੰਪਨੀਆਂ ਦਾਅਵਾ ਕਰਦੀਆਂ ਹਨ ਕਿ ਉਹ ਸੁਰਖਿਆ ਨਿਯਮਾਂ ਦੀ ਪਾਲਣਾ ਕਰ ਰਹੀਆਂ ਹਨ।ਫੈਡਰਲ ਸਰਕਾਰ ਦੇ ਕੋਲ ਬਾਈਡਿੰਗ ਆਰਬਿਟ੍ਰੇਸ਼ਨ ਦਾ ਆਦੇਸ਼ ਦੇਣ ਦੀ ਸ਼ਕਤੀ ਹੈ, ਜਿਸ ਨਾਲ ਇਕ ਸਮਝੌਤਾ ਤਿਆਰ ਕੀਤਾ ਜਾ ਸਕਦਾ ਹੈ। ਲੇਬਰ ਮੰਤਰੀ ਨੇ ਦੋਵੇਂ ਧਿਰਾਂ ਨੂੰ ਗਲਬਾਤ ਰਾਹੀਂ ਮਸਲੇ ਦਾ ਹਲ ਲਭਣ ਦੀ ਤਾਕੀਦ ਕੀਤੀ ਹੈ।ਐਨਡੀਪੀ ਲੀਡਰ ਜਗਮੀਤ ਸਿੰਘ ਨੇ ਲਿਬਰਲ ਸਰਕਾਰ ਨੂੰ ਇਸ ਵਿਵਾਦ ਤੋਂ ਪਾਸੇ ਰਹਿਣ ਦੀ ਅਪੀਲ ਕੀਤੀ ਹੈ, ਜਿਸ ਨਾਲ ਇਸ ਗਲਬਾਤ ਦਾ ਅਦਾਰਾ ਹੈ ਕਿ ਸਰਕਾਰ ਯੂਨੀਅਨਾਂ ਦੇ ਹਿਤਾਂ ਨੂੰ ਧਿਆਨ ਵਿਚ ਰਖ ਰਹੀ ਹੈ।

ਮੌਜੂਦਾ ਲਿਬਰਲ ਸਰਕਾਰ ਨੇ ਪਿਛਲੇ ਕੁਝ ਵਿਵਾਦਾਂ ਦੌਰਾਨ ਬਾਇੰਡਿੰਗ ਆਰਬਿਟ੍ਰੇਸ਼ਨ ਵਰਗੇ ਕਦਮ ਚੁਕਣ ਵਿਚ ਘਟ ਦਿਲਚਸਪੀ ਦਿਖਾਈ ਹੈ ਅਤੇ ਧਿਰਾਂ ਵਲੋਂ ਆਪਸੀ ਗਲਬਾਤ ਰਾਹੀਂ ਮਸਲਾ ਹਲ ਕਰਨ 'ਤੇ ਧਿਆਨ ਦੇਣ ਨੂੰ ਤਰਜੀਹ ਦਿਤੀ ਹੈ। ਇਕ ਗੁੰਝਲਦਾਰ ਕਾਰਨ ਇਹ ਹੈ ਕਿ ਪ੍ਰਧਾਨ ਮੰਤਰੀ ਜਸਟਿਨ ਟ੍ਰੂਡੋ ਦੀ ਸਰਕਾਰ ਐਨਡੀਪੀ ਦੇ ਸਮਰਥਨ ਕਰਕੇ ਸੱਤਾ ਵਿਚ ਟਿਕੀ ਹੋਈ ਹੈ ਅਤੇ ਐਨਡੀਪੀ ਨੂੰ ਰਵਾਇਤੀ ਤੌਰ 'ਤੇ ਯੂਨੀਅਨਾਂ ਦਾ ਮਜ਼ਬੂਤ ਸਮਰਥਨ ਪ੍ਰਾਪਤ ਹੈ। ਕੈਨੇਡੀਅਨ ਚੈਂਬਰ ਆਫ਼ ਕਾਮਰਸ ਅਤੇ ਹੋਰ ਕਾਰੋਬਾਰੀਆਂ ਨੇ ਫੈਡਰਲ ਸਰਕਾਰ ਤੋਂ ਮਾਲ ਗਡੀਆਂ ਦੀ ਆਵਾਜਾਈ ਨੂੰ ਬਹਾਲ ਰਖਣ ਲਈ ਤੁਰੰਤ ਕਾਰਵਾਈ ਕਰਨ ਦੀ ਮੰਗ ਕੀਤੀ ਹੈ।

ਸਫ਼ਾ 1 ਦਾ ਬਾਕੀ

## ਸ਼ਹਿਰਾਂ 'ਚ ਥਾਂ-ਥਾਂ ਹੁੰਦੀਆਂ ਉਸਾਰੀਆਂ-ਮੁਰੰਮਤਾਂ...

70% ਕਾਰੋਬਾਰੀਆਂ ਨੇ ਰਿਪੋਰਟ ਕੀਤੀ ਕਿ ਸਟਾਫ ਅਤੇ ਗਾਹਕਾਂ ਨੂੰ ਉਹਨਾਂ ਦੇ ਸਟੋਰ ਲੱਭਣ ਵਿੱਚ ਮੁਸ਼ਕਲ ਆਈ ਕਿਉਂਕਿ ਉਸਾਰੀ ਦੇ ਚਲ ਰਹੇ ਕੰਮਾਂ ਕਾਰਨ ਸਟੋਰ ਲੱਭਣਾ ਉਨ੍ਹਾਂ ਲਈ ਬੇਹੱਦ ਮੁਸ਼ਕਲ ਹੋਇਆ ਜਿਸ ਕਾਰਨ ਕਈ ਵਾਰ ਗਾਹਕ ਖਰੀਦਦਾਰੀ ਕਰਨ ਤੋਂ ਵੀ ਗੁਰੇਜ਼ ਕਰਦੇ ਹਨ।

ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਛੋਟੇ ਕਾਰੋਬਾਰੀ ਮਾਲਕਾਂ ਨੇ ਪਿਛਲੇ ਪੰਜ ਸਾਲਾਂ ਵਿੱਚ ਸਭ ਤੋਂ ਵੱਧ ਔਸਤਨ 22 ਪ੍ਰਤੀਸ਼ਤ ਵਿਕਰੀ 'ਚ ਗਿਰਾਵਟ ਦਰਸਾਈ ਹੈ। ਰਿਪੋਰਟ ਵਿੱਚ ਕਿਹਾ ਗਿਆ ਹੈ, ਇਹ ਚੁਣੌਤੀਪੂਰਨ ਸਥਿਤੀ ਹੈ, ਜਦੋਂ ਕੈਨੇਡਾ ਭਰ ਵਿੱਚ ਅੱਧੇ ਦੇ ਕਰੀਬ (53 ਪ੍ਰਤੀਸ਼ਤ) ਛੋਟੇ ਕਾਰੋਬਾਰੀ ਮਾਲਕ ਆਪਣੇ ਕਾਰੋਬਾਰ 'ਚ ਗਿਰਾਵਟ ਦਾ ਹਵਾਲਾ ਦੇ ਰਹੇ ਹਨ

ਦੂਜੇ ਪਾਸੇ ਦੁਕਾਨਦਾਰ ਆਮ ਤੌਰ 'ਤੇ ਆਪਣੇ ਖਰਚਿਆਂ ਨੂੰ ਘਟਾਉਣ ਦੀ ਕੋਸ਼ਿਸ਼ 'ਚ ਲੱਗੇ ਹੋਏ ਹਨ ਕਿਉਂਕਿ ਕੈਨੇਡਾ ਵਿੱਚ ਪਿਛਲੇ ਕੁਝ ਸਾਲਾਂ ਦੌਰਾਨ ਰਹਿਣ-ਸਹਿਣ ਦੀਆਂ ਲਾਗਤਾਂ ਵੀ ਅਸਮਾਨ ਛੂਹਣ ਲੱਗੀਆਂ ਹਨ। ਇਸ ਦੇ ਨਾਲ ਹੀ ਥਾਂ-ਥਾਂ ਦੇ ਹੋ ਰਹੀ ਉਸਾਰੀ ਦੇ ਕਾਰਨ ਪੈ ਰਹੀ ਰੁਕਾਵਟ ਵੀ ਕਾਰੋਬਾਰੀਆਂ ਦੀਆਂ ਮੁਸ਼ਕਲਾਂ ਦੁਗਣੀਆਂ ਕਰਨ ਲੱਗੀ ਹੈ।

ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਛੋਟੇ ਕਾਰੋਬਾਰੀਆਂ ਨੇ ਪਿਛਲੇ ਪੰਜ ਸਾਲਾਂ ਵਿੱਚ ਲਗਭਗ $10,000 ਮੁਰੰਮਤ ਅਤੇ ਸਫਾਈ 'ਤੇ ਖਰਚ ਕੀਤੇ ਹਨ ਜਦੋਂ ਉਨ੍ਹਾਂ ਦੇ ਨੇੜੇ ਕਿਤੇ ਉਸਾਰੀ ਦਾ ਕੰਮ ਸ਼ੁਰੂ ਕਰ ਦਿੱਤਾ ਜਾਂਦਾ ਹੈ। ਉਸਾਰੀ ਪ੍ਰਾਜੈਕਟਾਂ ਕਾਰਨ ਹੋਣ ਵਾਲੇ ਵੱਖ-ਵੱਖ ਖਰਚਿਆਂ ਦਾ ਭੁਗਤਾਨ ਕਰਨ ਲਈ, 14 ਪ੍ਰਤੀਸ਼ਤ ਛੋਟੇ ਕਾਰੋਬਾਰੀ ਮਾਲਕਾਂ ਨੇ ਆਪਣੀ ਨਿੱਜੀ ਬੱਚਤ ਵਿੱਚ ਡੁਬੋਇਆ, 12 ਪ੍ਰਤੀਸ਼ਤ ਨੇ ਕਰਜ਼ਾ ਲਿਆ ਅਤੇ ਛੇ ਪ੍ਰਤੀਸ਼ਤ ਨੇ ਉਸਾਰੀ ਦੇ ਕਾਰਨ ਆਪਣੇ ਕਾਰੋਬਾਰ ਨੂੰ ਬੰਦ ਕਰਨ ਜਾਂ ਤਬਦੀਲ ਕਰਨ ਬਾਰੇ ਸੋਚਿਆ।

ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਛੋਟੇ ਕਾਰੋਬਾਰੀਆਂ 'ਚ ਲਗਭਗ 68 ਪ੍ਰਤੀਸ਼ਤ ਇਹ ਮੰਨਦੇ ਹਨ ਕਿ ਉਨ੍ਹਾਂ ਨੂੰ ਸਰਕਾਰ ਦੁਆਰਾ ਮੁਆਵਜ਼ਾ ਦਿੱਤਾ ਜਾਣਾ ਚਾਹੀਦਾ ਹੈ ਕਿਉਂਕਿ ਨਿਰਮਾਣ ਪ੍ਰੋਜੈਕਟਾਂ ਕਾਰਨ ਉਨ੍ਹਾਂ ਦੀ ਦੁਕਾਨ ਵਿੱਚ ਵਿਘਨ ਪੈਂਦਾ ਹੈ।This report was written by Simranjit Singh as part of the Local Journalism Initiative.

# 100 ਤੋਂ ਵੱਧ ਯਹੂਦੀ ਸੰਸਥਾਵਾਂ ਅਤੇ ਡਾਕਟਰਾਂ ਨੂੰ ਮਿਲੀਆਂ ਧਮਕੀਆਂ

ਸਰੀ, (ਸਿਮਰਨਜੀਤ ਸਿੰਘ): ਕਨੇਡਾ ਦੇ ਕਈ ਸ਼ਹਿਰਾਂ ਵਿੱਚ 100 ਤੋਂ ਵੱਧ ਯਹੂਦੀ ਸੰਸਥਾਵਾਂ ਨੂੰ ਅਤੇ ਡਾਕਟਰਾਂ ਨੂੰ ਬੀਤੇ ਦਿਨੀ ਧਮਕੀ ਭਰੇ ਈਮੇਲ ਮਿਲੇ ਜਿਸ ਤੋਂ ਬਾਅਦ ਹਾਈ ਅਲਰਟ ਜਾਰੀ ਕਰ ਦਿੱਤਾ ਗਿਆ ।

ਇਸ ਦੀ ਪੁਸ਼ਟੀ ਆਰਸੀਐਮਪੀ ਵੱਲੋਂ ਵੀ ਕੀਤੀ ਗਈ ਕਿ ਯਹੂਦੀ ਸੰਸਥਾਵਾਂ ਅਤੇ ਡਾਕਟਰਾਂ ਨੂੰ ਧਮਕੀਆਂ ਦਿੱਤੀਆਂ ਗਈਆਂ ਹਨ ।

ਮਾਊਂਟੀਜ਼ ਦੇ ਬੁਲਾਰੇ ਨੇ ਬੁੱਧਵਾਰ ਦੁਪਹਿਰ ਨੂੰ ਦੇਰ ਰਾਤ ਇੱਕ ਬਿਆਨ ਵਿੱਚ ਕਿਹਾ, "ਕਾਨੂੰਨ ਲਾਗੂ ਕਰਨ ਵਾਲੇ ਵਿਸ਼ਵਾਸ-ਅਧਾਰਿਤ ਨੇਤਾਵਾਂ ਨਾਲ ਵੀ ਜੁੜ ਰਹੇ ਹਨ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਉਹਨਾਂ ਕੋਲ ਲੋੜੀਂਦੀ ਜਾਣਕਾਰੀ ਅਤੇ ਸਹਾਇਤਾ ਹੈ।"

ਆਸੀਐਮਪੀ ਨੇ ਕਿਹਾ ਕਿ ਉਹ ਸਥਾਨਾਂ ਦੇ ਸੁਰੱਖਿਅਤ ਹੋਣ ਨੂੰ ਯਕੀਨੀ ਬਣਾਉਣ ਲਈ ਸਥਾਨਕ ਕਾਨੂੰਨ ਲਾਗੂ ਕਰਨ ਵਾਲੇ ਨਾਲ ਕੰਮ ਕਰ ਰਿਹਾ ਹੈ, ਅਤੇ ਫੈਡਰਲ ਪੁਲਿਸਿੰਗ ਰਾਸ਼ਟਰੀ ਸੁਰੱਖਿਆ ਪ੍ਰੋਗਰਾਮ ਧਮਕੀਆਂ ਦੇ ਸਰੋਤ ਦੀ ਜਾਂਚ ਕਰ ਰਿਹਾ ਹੈ।




ਕਈ ਯਹੂਦੀ ਨੇਤਾਵਾਂ ਨੇ ਜਿੱਦਾਂ ਜਤਾਉਂਦੇ ਹੋਏ ਕਿਹਾ ਕਿ ਪੁਲਿਸ ਵੱਲੋਂ ਉਹਨਾਂ ਨੂੰ ਭਰੋਸਾ ਦਿੱਤਾ ਗਿਆ ਹੈ ਪਰ ਫਿਰ ਵੀ ਧਮਕੀਆਂ ਭਰੀਆਂ ਈਮੇਲ ਮਿਲਣ ਕਾਰਨ ਉਹ ਆਪਣੀ ਸੁਰੱਖਿਆ ਨੂੰ ਲੈ ਕੇ ਚਿੰਤਿਤ ਹਨ ।

ਉਹਨਾਂ ਦੱਸਿਆ ਕਿ ਈਮੇਲ ਵਿੱਚ ਮੌਤ ਅਤੇ ਸਰੀਰਕ ਨੁਕਸਾਨ ਦੀਆਂ ਧਮਕੀਆਂ ਸ਼ਾਮਲ ਸਨ ਅਤੇ ਸੰਕੇਤ ਦਿੱਤਾ ਗਿਆ ਸੀ ਕਿ ਟੀਚਾ "ਅੱਤਵਾਦ" ਪੈਦਾ ਕਰਨਾ ਸੀ। ਪਿਛਲੇ ਪਤਝੜ ਵਿੱਚ ਇਜ਼ਰਾਈਲ ਉੱਤੇ 7 ਅਕਤੂਬਰ ਦੇ ਹਮਾਸ ਦੇ ਹਮਲੇ ਤੋਂ ਬਾਅਦ, ਅਤੇ ਗਾਜ਼ਾ ਵਿੱਚ ਇਜ਼ਰਾਈਲ ਦੀ ਅਗਲੀ ਫੌਜੀ ਪ੍ਰਤੀਕਿਰਿਆ ਤੋਂ ਬਾਅਦ ਕਨੇਡਾ ਵਿੱਚ ਸਾਮਵਾਦ ਵਿੱਚ ਇੱਕ ਮਹੱਤਵਪੂਰਨ ਵਾਧਾ ਦੇ ਦੌਰਾਨ ਤਾਜ਼ਾ ਧਮਕੀਆਂ ਆਈਆਂ ਹਨ।

ਮਈ ਵਿੱਚ ਬਿਨਾਈ ਬ੍ਰਿਥ ਕੈਨੇਡਾ ਦੀ ਸਾਲਾਨਾ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਕੈਨੇਡਾ ਵਿੱਚ 2023 ਵਿੱਚ ਸਾਮ ਵਿਰੋਧੀ ਘਟਨਾਵਾਂ ਦੀਆਂ ਰਿਪੋਰਟਾਂ ਦੁੱਗਣੀਆਂ ਹੋ ਗਈਆਂ ਸਨ, ਜਿਨ੍ਹਾਂ ਵਿੱਚ 77 ਹਿੰਸਕ ਸਨ।

ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਕਿਹਾ ਕਿ ਉਹ ਧਮਕੀ ਭਰੀਆਂ ਈਮੇਲਾਂ ਬਾਰੇ ਆ ਰਹੀਆਂ ਖਬਰਾਂ ਤੋਂ ਬੇਹਦ ਚਿੰਤਿਤ ਹਨ ਅਤੇ ਜਲਦ ਹੀ ਇਸ ਬਾਰੇ ਬਣਦੀ ਕਾਰਵਾਈ ਕੀਤੀ ਜਾਵੇਗੀ । This report was written by Simranjit Singh as part of the Local Journalism Initiative.

A TO Z DRIVING SCHOOL
SO EASY

ਪੰਜਾਬੀ ਵਿੱਚ ਲਰਨਿੰਗ ਲਾਇਸੈਂਸ ਦੀ ਤਿਆਰੀ ਕੰਪਿਊਟਰ ਨਾਲ ਕਰੋ
AIR BRAKE CLASS
ਟਰੱਕ ਦਾ ਲਾਇਸੈਂਸ ਲੈਣ ਲਈ ਮਿਲੋ
ਕਲਾਸ ਵਨ ਦਾ ਲਾਇਸੈਂਸ ਲੈਣ ਲਈ ਅੱਜ ਹੀ ਸੰਪਰਕ ਕਰੋ
ਪੰਜਾਬੀ ਵਿੱਚ ਵੀ ਪੜ੍ਹਾਇਆ ਜਾਂਦਾ ਹੈ।
ਵਾਜਬ ਰੇਟ ਅਤੇ ਵਧੀਆ ਸਰਵਿਸ
ਅਸੀਂ ਸਿਟੀਜ਼ਨਸ਼ਿਪ ਅਤੇ NSC ਦੀ ਤਿਆਰੀ ਅਤੇ ਟੈਸਟ ਵੀ ਕਰਵਾਉਂਦੇ ਹਾਂ
ਲਰਨਿੰਗ ਲਾਇਸੈਂਸ ਲੈਣ ਲਈ ਵੀ ਸੰਪਰਕ ਕਰੋ
ਲੱਕੀ ਸੇਖੋਂ 604 614 5365

Keep Smiling Denture Clinic
Keep Smiling Denture Clinic
Complete Denture | Implant Denture | Partial Denture
Care Home Mobile Service | ਮੁਫ਼ਤ ਸਲਾਹ ਲਈ ਅੱਜ ਹੀ ਮਿਲੋ
ਕੀ ਤੁਹਾਡੇ ਹੇਠਲੇ ਜਾਂ ਉਪਰਲੇ ਦੰਦ ਢਿੱਲੇ ਹਨ ਜਾਂ ਹੱਡੀ ਘਸੀ ਹੋਈ ਹੈ?
ਜੇਕਰ ਤੁਸੀਂ ਕੈਨੇਡੀਅਨ ਡੈਂਟਲ ਕੇਅਰ ਪਲਾਨ ਦਾ ਕਾਰਡ ਮਿਲ ਗਿਆ ਹੈ ਤਾਂ ਫਿਰ ਆਪਣੀ ਸਲਾਹ ਦਾ ਸਮਾਂ ਬੁੱਕ ਕਰੋ
ਤਾਂ ਸਾਨੂੰ Suction Denture ਬਾਰੇ ਜਾਨਣ ਲਈ ਮਿਲੋ ਅਸੀਂ ਜਾਪਾਨੀ ਤਕਨੀਕ ਨਾਲ ਦੰਦਾਂ ਨੂੰ ਫਿਟ ਬਣਾਉਣ ਲਈ ਵੀ ਪ੍ਰਮਾਣਿਤ (CERTIFIED) ਹਾਂ ।

ਜੇ ਤੁਹਾਡੇ ਇੱਕ, ਇੱਕ ਤੋਂ ਵੱਧ ਦੰਦ ਨਿਕਲ ਚੁੱਕੇ ਹਨ, ਦੰਦ ਲਗਵਾਉਣੇ ਹਨ, ਦੰਦ ਪੁਰਾਣੇ ਹਨ ਜਾਂ ਹੁਣ ਨਵੇਂ ਲਗਵਾਉਣੇ ਹਨ। ਤੁਹਾਡੇ ਲਗਵਾਏ ਦੰਦ ਢਿੱਲੇ ਹਨ ਜਾਂ ਟੁੱਟ ਗਏ ਹਨ ਉਨ੍ਹਾਂ ਨੂੰ ਰੀਅਲਾਇਨ ਜਾਂ ਰਿਪੇਅਰ ਕਰਵਾਉਣ ਲਈ ਸਾਨੂੰ ਅੱਜ ਹੀ ਮਿਲੋ।
Gagan Chahal R.D.
Registered Denturist
SEMCD CERTIFIED CLINICIAN
Book Your Appointment
778-600-0811 | 13117-67A Ave, Surrey, BC
778-600-0810 | 2644 Cyril St Abbotsford BC

# 8 ਸਤੰਬਰ ਨੂੰ ਹੋਵੇਗਾ ਰਨ-ਸਰੀ-ਰਨ ਮੈਰਾਥਨ ਦੌੜ ਦਾ ਆਯੋਜਨ




ਸਰੀ, (ਸਿਮਰਨਜੀਤ ਸਿੰਘ): 2024 RunSurreyRun ਲਈ ਕਾਊਂਟਡਾਊਨ ਸ਼ੁਰੂ ਹੋ ਗਿਆ ਹੈ , ਜੋ ਕਿ ਐਤਵਾਰ, 8 ਸਤੰਬਰ ਦੀ ਸਵੇਰ ਨੂੰ ਹੌਲੈਂਡ ਪਾਰਕ ਅਤੇ ਸਰੀ ਸਿਟੀ ਸੈਂਟਰ ਦੀਆਂ ਆਸ-ਪਾਸ ਦੀਆਂ ਗਲੀਆਂ ਵਿੱਚ ਆਯੋਜਿਤ ਕੀਤੀ ਜਾ ਰਹੀ ਹੈ।

ਕੋਵਿਡ-19 ਮਹਾਂਮਾਰੀ ਦੌਰਾਨ 2021 ਵਿੱਚ RunSurreyRun ਨੂੰ ਇੱਕ ਔਨਲਾਈਨ ਇਕੱਠ ਵਜੋਂ ਲਾਂਚ ਕੀਤੇ ਜਾਣ ਤੋਂ ਤਿੰਨ ਸਾਲ ਬਾਅਦ 10ਖ/5ਖ ਵਾਕ/ਰਨ ਵਿੱਚ ਵਿਅਕਤੀਗਤ ਅਤੇ ਵਰਚੁਅਲ ਇਵੈਂਟ ਸ਼ਾਮਲ ਹੋਣਗੇ।

ਗੁਰਜਿੰਦਰ ਭੁਰਜੀ, ਸੰਸਥਾਪਕ ਅਤੇ ਰੇਸ ਡਾਇਰੈਕਟਰ ਨੇ ਦੱਸਿਆ ਕਿ ਪਹਿਲੀ ਵਾਰ ਜਦੋਂ ਇਹ ਰੇਸ ਆਯੋਜਿਤ ਕੀਤੀ ਗਈ ਤਾਂ ਪਹਿਲੀ ਰੇਸ ਵਰਚੁਅਲ ਸੀ ਉਸ ਤੋਂ ਬਾਅਦ ਇਹ ਤੀਸਰੀ ਵਾਰ ਆਯੋਜਿਤ ਕੀਤੀ ਜਾ ਰਹੀ ਰਨ ਸਰੀ ਰਨ ਰੇਸ ਹੈ ।

ਉਹਨਾਂ ਦੱਸਿਆ ਕਿ ਰਜਿਸਟ੍ਰੇਸ਼ਨ ਰੁਨੁਰਰਏ.ਚੋਮ 'ਤੇ, ਵਰਚੁਅਲ ਇਵੈਂਟ ਲਈ $50, ਜਾਂ $30 ਹੈ । ਔਨਲਾਈਨ ਰਜਿਸਟ੍ਰੇਸ਼ਨ ਇਵੈਂਟ ਤੋਂ ਇੱਕ ਹਫ਼ਤਾ ਪਹਿਲਾਂ, ਐਤਵਾਰ, 1 ਸਤੰਬਰ ਨੂੰ ਰਾਤ 11:59 ਵਜੇ ਬੰਦ ਕਰ ਦਿੱਤੀ ਜਾਵੇਗੀ ।

ਇਹ ਇਵੈਂਟ ਨਵੇਂ ਸੈਰ ਕਰਨ ਵਾਲਿਆਂ ਤੋਂ ਲੈ ਕੇ ਕੁਲੀਨ ਦੌੜਾਕਾਂ ਅਤੇ ਸਹਿਣਸ਼ੀਲਤਾ ਦੇ ਸਾਰੇ ਪੱਧਰਾਂ ਲਈ ਖੁੱਲ੍ਹਾ ਹੈ। "ਇਹ ਇੱਕ ਹਰਿਆ ਭਰਿਆ ਸਮਾਗਮ ਹੋਵੇਗਾ।

ਗੁਰਜਿੰਦਰ ਭੁਰਜੀ ਨੇ ਦੱਸਿਆ ਕਿ ਅਸੀਂ ਪਿਛਲੇ ਸਾਲ ਆਪਣੀ ਗਿਣਤੀ ਦੁੱਗਣੀ ਕਰ ਦਿੱਤੀ ਸੀ, ਅਤੇ ਇਸ ਸਾਲ ਅਸੀਂ ਇਸ ਨੂੰ ਦੁਬਾਰਾ ਦੁੱਗਣਾ ਕਰਨ ਦੀ ਕੋਸ਼ਿਸ਼ ਕਰ ਰਹੇ ਹਾਂ, ਉਹਨਾਂ ਨੇ ਉਮੀਦ ਜਤਾਉਂਦੇ ਹੋਏ ਦੱਸਿਆ ਕਿ ਇਸ ਵਾਰ 800 ਤੋਂ ਵੱਧ ਲੋਕ ਇਸ ਰੇਸ ਵਿੱਚ ਹਿੱਸਾ ਲੈਣਗੇ । ਉਹਨਾਂ ਨੇ ਲੋਕਾਂ ਨੂੰ ਵੱਧ ਤੋਂ ਵੱਧ ਰਜਿਸਟਰੇਸ਼ਨ ਕਰਾਉਣ ਦੀ ਅਪੀਲ ਵੀ ਕੀਤੀ ।

ਜ਼ਿਕਰਯੋਗ ਹੈ ਕਿ RunSurreyRun ਦੀ ਸ਼ੁਰੂਆਤ ਤੋਂ ਪਹਿਲਾਂ 2018 ਵਿੱਚ ਭੁਰਜੀ ਨੇ ਵੈਨਕੂਵਰ ਦੀ ਸਨ ਰਨ ਦੇ ਸਰੀ ਸੰਸਕਰਣ ਨੂੰ ਲਾਂਚ ਕਰਨ ਵਿੱਚ ਲੋਕਾਂ ਦੀ ਦਿਲਚਸਪੀ ਦਾ ਪਤਾ ਲਗਾਉਣ ਲਈ ਇੱਕ ਸਰਵੇਖਣ ਸ਼ੁਰੂ ਕੀਤਾ ਸੀ। This report was written by Simranjit Singh as part of the Local Journalism Initiative.

# ਕਿੰਗ ਜੌਰਜ ਬੁਲੇਵਾਰਡ 'ਤੇ ਵਾਪਰਿਆ ਭਿਆਨਕ ਸੜਕ ਹਾਦਸਾ, ਨਵ-ਜੰਮੇ ਬੱਚੇ ਸਮੇਤ 4 ਲੋਕ ਗੰਭੀਰ ਜ਼ਖਮੀ



ਸਰੀ, (ਸਿਮਰਨਜੀਤ ਸਿੰਘ): ਕਿੰਗ ਜੌਰਜ ਬੁਲੇਵਾਰਡ ਅਤੇ 96 ਐਵੇਨਿਊ ਦੇ ਕੋਨੇ 'ਤੇ ਇੱਕ ਵਿਅਸਤ ਸਰੀ ਇੰਟਰਸੈਕਸ਼ਨ 'ਤੇ ਬੀਤੇ ਦਿਨੀਂ ਇੱਕ ਭਿਆਨਕ ਸੜਕ ਹਾਦਸਾ ਵਾਪਰਿਆ ਜਿਸ ਵਿੱਚ ਦੋ ਗੱਡੀਆਂ ਆਪਸ ਵਿੱਚ ਟਕਰਾ ਗਈਆਂ ਅਤੇ ਨਵ-ਜੰਮੇ ਬੱਚੇ ਸਮੇਤ 4 ਲੋਕ ਜ਼ਖਮੀ ਹੋ ਗਏ।

ਸਰੀ ਆਰਸੀਐਮਪੀ ਵੱਲੋਂ ਕੀਤੀ ਗਈ ਸ਼ੁਰੂਆਤੀ ਜਾਂਚ ਵਿੱਚ ਇਹ ਪਤਾ ਲੱਗਿਆ ਹੈ ਕਿ 96 ਐਵਨਿਊ ਤੋਂ ਆ ਰਹੀ ਇੱਕ ਰੇਂਜ ਰੋਵਰ ਨਿਸਾਨ ਗੱਡੀ ਨਾਲ ਜਾ ਟਕਰਾਈ ਜੋ ਕਿ ਰੈਸਟੋਰੈਂਟ ਵੱਲ ਜਾ ਰਹੀ ਸੀ ਇਹ ਹਾਦਸਾ 2:15 ਵਜੇ ਦੇ ਕਰੀਬ ਦੁਪਹਿਰ ਨੂੰ ਵਾਪਰਿਆ।

ਆਰਸੀਐਮਪੀ ਅਧਿਕਾਰੀਆਂ ਨੇ ਦੱਸਿਆ ਕਿ ਜਦੋਂ ਉਹ ਮੌਕੇ 'ਤੇ ਪਹੁੰਚੇ, ਤਾਂ ਉਨਾਂ ਨੇ ਸਰੀ ਫਾਇਰ ਸਰਵਿਸ ਅਤੇ ਬੀਸੀ ਐਮਰਜੈਂਸੀ ਹੈਲਥ ਸਰਵਿਸਿਜ਼ ਨਾਲ ਮਿਲ ਕੇ ਕਾਫੀ ਜਦੋ -ਜਹਿਦ ਤੋਂ ਬਾਅਦ ਜ਼ਖਮੀਆਂ ਨੂੰ ਹਾਦਸਾ ਗ੍ਰਸਤ ਗੱਡੀਆਂ ਵਿੱਚੋਂ ਕੱਢਿਆ ਅਤੇ ਹਸਪਤਾਲ ਪਹੁੰਚਾਇਆ ।

ਅਧਿਕਾਰੀਆਂ ਨੇ ਦੱਸਿਆ ਕਿ ਨਿਸਾਨ ਗੱਡੀ ਵਿੱਚ ਸਵਾਰ ਪਰਿਵਾਰ ਦੇ ਨਾਲ ਇੱਕ ਨਵ ਜੰਮਿਆ ਬੱਚਾ ਵੀ ਸੀ ਜਿਸ ਨੂੰ ਤੁਰੰਤ ਹਸਪਤਾਲ ਭੇਜਿਆ ਗਿਆ ਹੈ । ਦੂਜੇ ਪਾਸੇ ਅਧਿਕਾਰੀਆਂ ਨੇ ਇਸ ਹਾਦਸੇ ਦੀ ਜਾਂਚ ਨੂੰ ਅੱਗੇ ਵਧਾਉਣ ਲਈ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਜੇਕਰ ਕਿਸੇ ਵੀ ਵਿਅਕਤੀ ਜਿਸ ਕੋਲ ਇਸ ਘਟਨਾ ਬਾਰੇ ਜਾਣਕਾਰੀ ਹੈ, ਜਾਂ ਡੈਸ਼-ਕੈਮਰੇ ਦੀ ਫੁਟੇਜ ਹੈ ਤਾਂ ਉਹ ਸਰੀ ਆਰਸੀਐਮਪੀ ਨੂੰ 604-599-0502 'ਤੇ ਕਾਲ ਕਰਨ ਅਤੇ ਫਾਈਲ 2024-122943 ਨੂੰ ਹਵਾਲਾ ਦੇ ਕੇ ਸੰਪਰਕ ਕਰ ਸਕਦੇ ਹਨ । This report was written by Simranjit Singh as part of the Local Journalism Initiative.


TRIPLE N BARRY FARM LTD

ਸਾਨੂੰ ਬੇਰੀ ਤੋੜਨ ਵਾਲੇ

ਵਰਕਰਾਂ ਦੀ ਲੋੜ ਹੈ।



- ਬੇਰੀ ਤੋੜਨ ਵਾਲੇ ਵਰਕਰਾਂ ਨੂੰ ਘਰੋਂ ਲਿਜਾਣ ਅਤੇ ਛੱਡਣ ਦਾ ਪ੍ਰਬੰਧ ਹੈ।
- ਚੰਗੀ ਤਨਖਾਹ ਦਿੱਤੀ ਜਾਵੇਗੀ।
- ਫਾਰਮ ਸਾਫ਼ ਸੁਥਰੇ ਅਤੇ ਸਰੀ, ਕਲੌਵਰਡੇਲ ਅਤੇ ਰਿਚਮੰਡ ਵਿੱਚ ਹਨ।

-: ਸੰਪਰਕ ਕਰੋ :-

604-594-0616

# ਸਰੀ ਦੇ ਰਹਿਣ ਵਾਲੇ ਜਤਿੰਦਰ ਸਿੰਘ 'ਤੇ ਲੱਗੇ ਜਿਨਸੀ ਸ਼ੋਸ਼ਣ ਕਰਨ ਦੇ ਦੋਸ਼

ਸਰੀ, (ਸਿਮਰਨਜੀਤ ਸਿੰਘ): ਸਰੀ ਆਰ.ਸੀ.ਐਮ.ਪੀ. ਦੀ ਸਪੈਸ਼ਲ ਵਿਕਟਿਮ ਯੂਨਿਟ ਨੇ 24-ਸਾਲਾ ਜਤਿੰਦਰ ਸਿੰਘ 'ਤੇ 20 ਜੁਲਾਈ, 2024 ਨੂੰ ਵਾਪਰੀ ਇੱਕ ਘਟਨਾ ਨਾਲ ਸਬੰਧਤ ਬ੍ਰੇਕ ਐਂਡ ਐਂਟਰ ਅਤੇ ਜਿਨਸੀ ਸ਼ੋਸ਼ਣ ਦੇ ਦੋਸ਼ ਲਗਾਏ ਹਨ। ਇਹ ਦੋਸ਼ ਕਥਿਤ ਹਮਲੇ ਤੋਂ ਬਾਅਦ ਲੱਗੇ ਹਨ, ਅਧਿਕਾਰੀਆਂ ਵੱਲੋਂ ਸਾਂਝੀ ਕੀਤੀ ਗਈ ਜਾਣਕਾਰੀ ਦੇ ਅਨੁਸਾਰ ਜਤਿੰਦਰ ਸਿੰਘ ਵੱਲੋਂ ਇੱਕ ਘਰ 'ਚ ਪ੍ਰਵੇਸ਼

ਕਰਕੇ ਔਰਤ ਨਾਲ ਛੇੜਖਾਨੀ ਕੀਤੀ ਗਈ ਸੀ। ਜਿਸ ਤੋਂ ਬਾਅਦ ਜਤਿੰਦਰ ਸਿੰਘ ਨੂੰ 16 ਅਗਸਤ ਨੂੰ ਹਿਰਾਸਤ ਦੇ ਵਿੱਚ ਲਿਆ ਗਿਆ ਸੀ। ਅਦਾਲਤ ਵਿੱਚ ਪੇਸ਼ ਹੋਣ ਤੋਂ ਬਾਅਦ ਉਸਨੂੰ ਸ਼ਰਤਾਂ ਤੇ ਰਿਹਾ ਕੀਤਾ ਗਿਆ

ਜਤਿੰਦਰ ਸਿੰਘ ਉੱਪਰ ਪੀੜਤ ਨਾਲ ਸਿੱਧੇ ਜਾਂ ਅਸਿੱਧੇ ਤੌਰ 'ਤੇ ਕੋਈ ਸੰਪਰਕ ਨਾ ਕਰਨਾ; ਜਿੱਥੇ ਪੀੜਤ ਰਹਿੰਦਾ ਹੈ, ਕੰਮ ਕਰਦਾ ਹੈ, ਸਕੂਲ ਜਾਂਦਾ ਹੈ, ਪੂਜਾ ਕਰਦਾ ਹੈ ਜਾਂ ਹੈ, ਉਸ ਦੇ 50 ਮੀਟਰ ਦੇ ਅੰਦਰ ਨਹੀਂ ਹੋਣਾ ਚਾਹੀਦਾ; ਜਿੱਥੇ ਅਪਰਾਧ ਹੋਇਆ ਹੈ ਉਸ ਦੇ 50 ਮੀਟਰ ਦੇ ਅੰਦਰ ਨਹੀਂ ਹੋਣਾ ਚਾਹੀਦਾ; ਅਤੇ ਕੋਈ ਵੀ ਹਥਿਆਰ ਨਾਂ ਰੱਖਣ ਸਬੰਧੀ ਪਾਬੰਦੀਆਂ ਲਗਾਈਆਂ ਗਈਆਂ ਹਨ।

ਅਧਿਕਾਰੀਆਂ ਵੱਲੋਂ ਜਤਿੰਦਰ ਸਿੰਘ ਦੀ ਫੋਟੋ ਵੀ ਜਨਤਕ ਕਰ ਦਿੱਤੀ ਗਈ ਹੈ ਤਾਂ ਜੋ ਲੋਕ ਇਸ ਤੋਂ ਸੁਚੇਤ ਰਹਿ ਸਕਣ।

ਇਸ ਦੇ ਨਾਲ ਹੀ ਆਰਸੀਐਮਪੀ ਅਧਿਕਾਰੀਆਂ ਨੇ ਕਿਹਾ ਕਿ ਜੇਕਰ ਕਿਸੇ ਕੋਲ ਵੀ ਇਸ ਸਬੰਧੀ ਕੋਈ ਹੋਰ ਜਾਣਕਾਰੀ ਹੈ ਤਾਂ ਉਹ 604-599-0502 'ਤੇ ਸਰੀ RCMP ਸਪੈਸ਼ਲ ਵਿਕਟਿਮਜ਼ ਯੂਨਿਟ ਨਾਲ ਸੰਪਰਕ ਕਰ ਸਕਦੇ ਹਨ। This report was written by Simranjit Singh as part of the Local Journalism Initiative.

# ਹੱਤਿਆ ਕਰਨ ਦੇ ਦੋਸ਼ ਹੇਠ ਸਰੀ ਵਾਸੀ ਕਾਬੂ

ਸਰੀ, (ਸਿਮਰਨਜੀਤ ਸਿੰਘ): ਸਰੀ ਦੇ ਜੇਸਨ ਰਿਚਰਡ ਗਿੱਲ ਦੀ ਚਾਕੂ ਮਾਰ ਕੇ ਹੋਈ ਮੌਤ ਦੇ ਮਾਮਲੇ ਵਿੱਚ ਹੁਣ ਇੱਕ 24 ਸਾਲਾ ਵਿਅਕਤੀ ਉੱਤੇ ਦੂਜੇ ਦਰਜੇ ਦੇ ਕਤਲ ਦਾ ਦੋਸ਼ ਲਗਾਇਆ ਗਿਆ ਹੈ।



ਮੰਗਲਵਾਰ ਸਵੇਰੇ (20 ਅਗਸਤ) ਨੂੰ ਇੱਕ ਅੱਪਡੇਟ ਵਿੱਚ, IHIT ਨੇ ਦੱਸਿਆ ਕਿ ਵਿਲੀਅਮ ਅਲੈਗਜ਼ੈਂਡਰ ਕਲਿਪਿੰਗਡੇਲ, ਉੱਪਰ ਦੂਜੇ ਦਰਜੇ ਦੇ ਕਤਲ ਦਾ ਦੋਸ਼ ਲਗਾਇਆ ਗਿਆ ਹੈ।

ਕਿੰਗ ਜੌਰਜ ਬੁਲੇਵਾਰਡ ਦੇ 6600-ਬਲਾਕ ਵਿੱਚ 23 ਜੁਲਾਈ ਦੀ ਰਾਤ ਨੂੰ ਜੇਸਨ ਰਿਚਰਡ ਗਿੱਲ ਅਤੇ ਇੱਕ ਹੋਰ ਵਿਅਕਤੀ ਵਿੱਚ ਕਥਿਤ ਤੌਰ 'ਤੇ ਝਗੜਾ ਹੋ ਗਿਆ। ਇਸ ਦੌਰਾਨ ਜੇਸਨ ਰਿਚਰਡ ਗਿੱਲ ਜਿਸ ਦੀ ਉਮਰ 47 ਸਾਲ ਦੇ ਕਰੀਬ ਸੀ, ਦੀ ਚਾਕੂ ਮਾਰ ਕੇ ਹੱਤਿਆ ਕਰ ਦਿੱਤੀ ਗਈ, ਸਰੀ ਆਰਸੀਐਮਪੀ ਬੇ ਅਨੁਸਾਰ ਪਹਿਲਾ ਅਪਰਾਧੀ ਘਟਨਾ ਨੂੰ ਅੰਜਾਮ ਦੇ ਕੇ ਮੌਕੇ ਤੋਂ ਫਰਾਰ ਹੋ ਗਿਆ ਸੀ। ਜਿਸ ਤੋਂ ਬਾਅਦ ਬਾਅਦ ਵਿੱਚ ਉਸਨੂੰ ਜਾਂਚ ਦੌਰਾਨ ਹਿਰਾਸਤ ਵਿੱਚ ਲਿਆ ਗਿਆ।

ਔਨਲਾਈਨ ਕੋਰਟ ਰਜਿਸਟਰੀ ਦੇ ਅਨੁਸਾਰ, ਮੁਲਜਮ ਕਲਿਪਿੰਗਡੇਲ 11 ਸਤੰਬਰ ਨੂੰ ਸਰੀ ਦੀ ਸੂਬਾਈ ਅਦਾਲਤ ਵਿੱਚ ਪੇਸ਼ ਹੋਵੇਗਾ। This report was written by Simranjit Singh as part of the Local Journalism Initiative.

# ਸਰੀ ਵਿੱਚ ਪੁਲਿਸ ਨੇ ਨਕਲੀ ਐਨਡੌਰਇਡ ਅਤੇ ਆਈਫੋਨਾਂ ਦੀ ਵੱਡੀ ਖੇਪ ਫੜੀ



ਸਰੀ, (ਸਿਮਰਨਜੀਤ ਸਿੰਘ): ਸਰੀ ਵਿੱਚ ਪੁਲਿਸ ਨੇ ਨਕਲੀ ਸਮਾਰਟ ਫੋਨਾਂ ਦੀ ਵੱਡੀ ਖੇਪ ਬਰਾਮਦ ਕੀਤੀ ਹੈ ਜਿਸ ਵਿੱਚ ਐਪਲ ਦੇ ਨਕਲੀ ਆਈ ਫੋਨ ਵੀ ਵੱਡੀ ਗਿਣਤੀ ਵਿੱਚ ਜਬਤ ਕੀਤੇ ਗਏ ਹਨ। ਪੁਲਿਸ ਨੇ ਕਈ ਸ਼ਕਤੀਆਂ ਨੂੰ ਵੀ ਹਿਰਾਸਤ ਵਿੱਚ ਲਿਆ ਗਿਆ ਹੈ ਜੋ ਇਹ ਨਕਲੀ ਉਤਪਾਦ ਵੇਚ ਰਹੇ ਸਨ।

ਪੁਲਿਸ ਅਧਿਕਾਰੀਆਂ ਨੇ ਦੱਸਿਆ ਕਿ ਇਸ ਦੀ ਜਾਂਚ ਪਿਛਲੇ ਕਈ ਮਹੀਨਿਆਂ ਤੋਂ ਚੱਲ ਰਹੀ ਸੀ। ਅਧਿਕਾਰੀਆਂ ਨੇ ਦੱਸਿਆ ਕਿ ਜਬਤ ਕੀਤੇ ਗਏ ਮੋਬਾਇਲ ਫੋਨ ਇੰਨੀ ਸਫਾਈ ਨਾਲ ਵੇਚੇ ਜਾ ਰਹੇ ਸਨ ਕਿ ਇਹਨਾਂ ਦੀਆਂ ਨਕਲੀ ਰਸੀਦਾਂ ਵੀ ਬਣਾਈਆਂ ਗਈਆਂ ਸਨ।

ਜਾਂਚ ਦੌਰਾਨ ਪਤਾ ਲਗਾਇਆ ਗਿਆ ਹੈ ਕਿ ਇਹ ਆਈਫੋਨ ਅਤੇ ਹੋਰ ਨਕਲੀ ਸਮਾਰਟ ਫੋਨ ਲੋਅਰ ਮੇਨ ਲੈਂਡ ਇਲਾਕੇ ਵਿੱਚ ਵੇਚਣ ਦੀ ਤਿਆਰੀ ਕੀਤੀ ਜਾ ਰਹੀ ਸੀ।

27 ਜੂਨ ਨੂੰ, ਸਰੀ ਆਰਸੀਐਮਪੀ ਸਾਊਥ ਕਮਿਊਨਿਟੀ ਰਿਸਪਾਂਸ ਯੂਨਿਟ (ਸਾਊਥ ਸੀਆਰਯੂ), ਨੇ ਸਥਾਨਕ ਪੁਲਿਸ ਨਾਲ ਸਾਂਝੇਦਾਰੀ ਵਿੱਚ, ਰਿਹਾਇਸ਼ਾਂ 'ਤੇ ਦੋ ਖੋਜ ਵਾਰੰਟ ਲਾਗੂ ਕੀਤੇ: ਇੱਕ ਸਰੀ ਵਿੱਚ 135 ਸਟਰੀਟ ਦੇ 6900 ਬਲਾਕ ਵਿੱਚ ਅਤੇ ਇੱਕ ਮੈਪਲ ਵਿੱਚ 124 ਐਵਨਿਊ ਦੇ 21700 ਬਲਾਕ ਵਿੱਚ ਛਾਪੇਮਾਰੀ ਦੌਰਾਨ ਇਹਨਾਂ ਨਕਲੀ ਮੋਬਾਇਲਾਂ ਦੀ ਵੱਡੀ ਖੇਪ ਜਬਤ ਕੀਤੀ ਗਈ ਜਿਸ ਵਿੱਚ ਸਰੀ ਆਰਸੀਐਮਪੀ ਸਾਊਥ ਕਮਿਊਨਿਟੀ ਰਿਸਪਾਂਸ ਯੂਨਿਟ (ਸਾਊਥ ਸੀਆਰਯੂ) ਨੇ 74 ਨਕਲੀ ਐਪਲ ਆਈਫੋਨ, 9 ਨਕਲੀ ਐਪਲ ਵਾਚ ਅਲਟਰਾ, 29 ਨਕਲੀ ਐਪਲ ਏਅਰਪੌਡ ਪ੍ਰੋ, ਦੋ ਨਕਲੀ ਐਪਲ ਏਅਰਪੌਡ ਮੈਕਸ, 51 ਨਕਲੀ ਸੈਮਸੰਗ ਗਲੈਕਸੀ ਐੱਸ23 ਅਲਟਰਾ ਫੋਨ, 12 ਨਕਲੀ ਪ੍ਰਦਾ, ਇਕ ਨਕਲੀ ਸਨਗਲਾਟਸ ਜ਼ਬਤ ਕੀਤੇ ਹਨ। ਇਸ ਦੇ ਨਾਲ ਹੀ ਡਾਇਸਨ ਹੇਅਰ ਡ੍ਰਾਇਅਰ, ਵੱਡੀ ਗਿਣਤੀ ਵਿੱਚ ਖਾਲੀ ਨਕਲੀ ਐਪਲ ਉਤਪਾਦ ਬਕਸੇ, ਸੁਰੱਖਿਆ ਪ੍ਰਮਾਣਿਕਤਾ ਪੈਕੇਜ ਸਟਿੱਕਰ ਅਤੇ ਕਈ ਨਿੱਜੀ ਇਲੈਕਟ੍ਰਾਨਿਕ ਉਪਕਰਣ ਜਬਤ ਕੀਤੇ ਹਨ।

ਪੁਲਿਸ ਨੇ ਕਈ ਸ਼ੱਕੀ ਵਿਅਕਤੀਆਂ ਦੀ ਪਛਾਣ ਕੀਤੀ ਹੈ ਅਤੇ ਦੋਸ਼ਾਂ ਦੀ ਸਿਫ਼ਾਰਸ਼ ਕਰਨ ਵਾਲੀ ਬੀ ਸੀ ਪ੍ਰੋਸੀਕਿਊਸ਼ਨ ਸਰਵਿਸਿਜ਼ ਨੂੰ ਰਿਪੋਰਟ ਸੌਂਪਣ ਦੀ ਤਿਆਰੀ ਕੀਤੀ ਜਾ ਰਹੀ ਹੈ। This report was written by Simranjit Singh as part of the Local Journalism Initiative.


Gaba Tire
All TIRES AVAILABLE (AS, AT & MT)
CAR DETAILING Starting at $100
Free Delivery in Surrey
» 185/65/15 All-season
» 195/65/15
» 205/55/16
» 205/60/16
» 235/45/18 4 Tire 499$ Free install + Tax
» 4 Tire 299$ Free install + Tax
» 33/15/20 4 Mud Tire 10 ply
» 35/12.50/20 4 Mud Tire 10 ply
» 999$ Free install+Tax
2 YEARS 50000 KM WARRANTY
ਸਾਨੂੰ ਨਵੀਂ ਲੋਕੇਸ਼ਨ ਚਿਲੀਵੈਕ ਲਈ ਕੰਮ ਕਰਨ ਵਾਲੇ ਵਰਕਰ ਚਾਹੀਦੇ ਹਨ
CHILLIWACK
45877-HOCKING AVE
604-316-3643
BACK SIDE OF CHILLIWACK TAXI :
ABBOTSFORD
31324 - 107 Peardonville Rd
604-897-3235
604-746-4222
www.gabaautodetailing.com

Diamond Sweets & Restaurant
3 LOCATIONS
» SURREY
#102-15933 Fraser Hwy, Surrey, BC
604-593-5566
» LANGLEY
#102-7228 192 St. Langley, BC
604-372-4949
» DELTA
#160-8047 120St. Delta, BC
604-5917277
Specialised in all kinds of Indian Sweets & Foods
We do Catering for all Occassions
Open 7 days a Week
10:00am to 10:00pm


HIRING
FULL TIME
LANDSCAPING SUPERVISORS
STARTING SALARY
$30/PER HR
OR ABOVE AS PER EXPERIENCE
MINIMUM 2 YEARS EXPERIENCE REQUIRE
DRIVING LICENCE (5) MUST REQUIRE
Email : mountrockconstruction@gmail.com
PHONE : 604-902-5620

ਕੈਨੇਡੀਅਨ ਪੰਜਾਬ ਟਾਈਮਜ਼
Canadian Punjab Times



- Brar Bhagta Bhai Ka
  Editor
  604-751-1113

Funded by the Government of Canada | Financé par le gouvernement du Canada | Canada

ADVISORY BOARD

- Dr. Puran Singh
  Vancouver, Canada
- S. Jarnail Singh
  Surrey, Canada
- Simranjit Singh
  News Reporter
- Gora Sandhu Khurd
  News Reporter (Punjab)
- Paramjit Singh
  Graphic Designer

Ishpreet Kaur as part of the Local Journalism Initiative.

Distributed in B.C., Greater Vancouver, Fraser Valley,
Contact for Advertisement
**604-338-7310**

**ਕੈਨੇਡੀਅਨ ਪੰਜਾਬ ਟਾਈਮਜ਼ ਵਿੱਚ ਛਪੇ ਲੇਖਾਂ ਜਾਂ ਵਿਚਾਰਾਂ ਨਾਲ ਅਦਾਰਾ ਕੈਨੇਡੀਅਨ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।**

**The Canadian Punjab Times is not responsible or legally liable for any news, articles, advertisements or typing mistakes in the news or articles.**



**Canadian Punjab Times Inc.**
**(Punjabi Newspaper)**
Contact :
**604-338-7310**
Fax :
**604-572-3638**
Website :
**www.thepunjabtimes.ca**
E-mail :
**canadianpunjabtimes@gmail.com**



**Please Note:**
The Publisher does not guaranty the interaction of any particular advertisement on a specified date, or at all advertiser, Further, the publisher does not accept liability for printing and advertisement beyond the amount for the space actually occupied by the portion of the advertisements in which error occurs The publisher reserves the right to cancel any contract on which space has not been used within 90 days of from the contract does. All advertising is subject the publishers approved contract must be completed within one year from the date of commencement. Printing of key numbers is not guaranteed. Publisher is not responsible in any mishappening between the customer and Advertiser.

**ਪਾਠਕਾਂ ਵਲੋਂ ਲੇਖਾਂ ਬਾਰੇ ਕੀਤੇ ਜਾ ਰਹੇ ਫੋਨਾਂ ਸਬੰਧੀ ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਜੇਕਰ ਕਿਸੇ ਵੀ ਪਾਠਕ ਨੂੰ ਕਿਸੇ ਲੇਖ ਸਬੰਧੀ ਕੋਈ ਇਤਰਾਜ ਹੈ ਤਾਂ ਉਹ ਸਿਰਫ਼ 'ਤੇ ਸਿਰਫ਼ ਲਿਖਤੀ ਰੂਪ ਵਿੱਚ ਭੇਜੇ। ਪਾਠਕਾਂ ਵਲੋਂ ਭੇਜੀ ਲੇਖਾਂ ਸਬੰਧੀ ਸੱਭਿਅਕ ਭਾਸ਼ਾ ਨੂੰ ਪ੍ਰਕਾਸ਼ਤ ਕੀਤਾ ਜਾਵੇਗਾ।**


# ਕੈਨੇਡਾ-ਅਮਰੀਕਾ ਲਈ ਪੰਜਾਬ ਤੋਂ ਲੱਗਦੀਆਂ ਉਡਾਰੀਆਂ

ਦੂਜੀ ਕਿਸ਼ਤ

**ਲੇਖਕ : ਜਗਤਾਰ ਸੰਘ ਭੁੰਗਰਨੀ**

ਅਸੀਂ ਇੱਥੇ ਫਿਰ ਦੱਸਣਾ ਚਾਹੁੰਦੇ ਹਾਂ ਕਿ ਇਹੋ ਜਿਹੇ ਹਾਲਾਤ ਹਮੇਸ਼ਾ ਸਰਕਾਰਾਂ ਸੱਤਾ 'ਤੇ ਕਾਬਜ਼ ਰਹਿਣ ਲਈ ਪੈਦਾ ਕਰਦੀਆਂ ਹਨ। ਜਿਵੇਂ ਦੇਸ਼ ਦੀ ਅਜ਼ਾਦੀ ਤੋਂ ਪਹਿਲਾਂ ਅੰਗਰੇਜ਼ ਸਰਕਾਰਾਂ ਨੇ ਵੀ ਪੈਦਾ ਕੀਤੇ ਸਨ, ਜਿਸਦੀ ਮਿਸਾਲ ਅੱਜ ਤੋਂ ਸਵਾ ਕੁ ਸੌ ਸਾਲ ਪਹਿਲਾਂ ਦੇਸ਼ ਅਜ਼ਾਦ ਹੋਣ ਤੋਂ ਪਹਿਲਾਂ ਅੰਗਰੇਜ਼ ਸਰਕਾਰ ਨੇ ਵੀ ਦੇਸ਼ ਨੂੰ ਗੁਲਾਮ ਰੱਖਣ ਲਈ ਖਾਸ ਕਰਕੇ ਪੰਜਾਬ ਵਿੱਚ ਕਿਸਾਨਾਂ, ਮਜ਼ਦੂਰਾਂ ਅਤੇ ਆਮ ਲੋਕਾਂ ਦੇ ਖਿਲਾਫ ਵਿਰੋਧੀ ਨੀਤੀਆਂ ਲਿਆ ਕੇ ਇਸ ਤਰ੍ਹਾਂ ਦੇ ਹਾਲਾਤ ਪੈਦਾ ਕੀਤੇ ਸਨ। ਇਸਦੇ ਕਾਰਨ ਪੰਜਾਬ ਵਿੱਚੋ ਵਿਦੇਸ਼ ਪ੍ਰਵਾਸ ਹੋਣਾ ਸ਼ੁਰੂ ਹੋਇਆ। ਜਦੋਂ ਅੰਗਰੇਜ਼ ਸਰਕਾਰ ਨੇ ਜ਼ਮੀਨਾਂ ਦੇ ਮਾਲਕੀ ਹੱਕ ਦੇਣ ਦੇ ਬਹਾਨੇ (ਅੱਜ ਦੀ ਕੇਂਦਰ ਸਰਕਾਰ ਵੱਲੋਂ ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਵਾਲੇ ਤਿੰਨ ਕਾਲੇ ਕਾਨੂੰਨ) ਜਨਤਾ ਦੇ ਵਿਰੋਧੀ ਨੀਤੀਆਂ ਲਿਆਂਦੀਆਂ, ਜਿਸਨੇ ਕਿਸਾਨਾਂ ਨੂੰ ਜ਼ਮੀਨਾਂ ਸ਼ਾਹੂਕਾਰਾਂ ਕੋਲ ਵੇਚਣ ਲਈ ਮਜਬੂਰ ਕਰ ਦਿੱਤਾ, ਅੰਗਰੇਜ਼ ਰਾਜ ਪ੍ਰਬੰਧ ਅਤੇ ਅੰਗਰੇਜ਼ ਵਿਉਪਾਰੀਆ ਦੇ ਰਲੇਵੇਂ ਨੇ ਲੋਕਾਂ ਦੀ ਆਰਥਿਕਤਾ ਨੂੰ ਕਮਜ਼ੋਰ ਕਰ ਦਿੱਤਾ ਸੀ, ਜਿਸਦੇ ਕਾਰਨ ਦੇਸ਼ ਦੇ ਭਾਰਤੀਆਂ ਅਤੇ ਪੰਜਾਬੀਅਤ ਨੂੰ ਵਿਦੇਸ਼ ਜਾਣ ਲਈ ਮਜਬੂਰ ਹੋਣਾ ਪਿਆ ਸੀ। ਇਸ ਤਰ੍ਹਾਂ ਦੀ ਲੁੱਟ ਨਾਲ ਦੇਸ਼ ਥੁੜੋਂ ਦਾ ਸ਼ਿਕਾਰ ਹੋ ਕੇ ਕੰਗਾਲ ਹੋਣ ਲੱਗ ਪਿਆ।

ਅੰਨ ਦੇ ਬਾਹਰ ਚਲੇ ਜਾਣ ਨਾਲ, ਦੇਸ਼ ਆਏ ਦਿਨ ਅੰਨ ਦੇ ਕਾਲ ਦਾ ਸ਼ਿਕਾਰ ਹੁੰਦਾ ਗਿਆ। ਦੇਸ਼ ਵਿੱਚ ਭੁੱਖ, ਤੰਗੀ, ਗਰੀਬੀ ਤੇ ਮਰੋ-ਮਰੀ ਵੱਧ ਗਈ। 1850 ਤੋਂ ਲੈ ਕੇ 1900 ਤਕ ਕੋਈ ਪੰਝੀ ਕਾਲ ਪਏ। ਉਸ ਗਰੀਬੀ ਦੀ ਇਹ ਹਾਲਤ ਹੋ ਗਈ ਕਿ ਦੇਸ ਦੀ ਜੀਅ ਪ੍ਰਤੀ ਔਸਤ ਆਮਦਨੀ, ਜੋ 1881 ਵਿੱਚ 27 ਰੁਪਏ ਸੀ, ਉਹ 1899 ਵਿੱਚ 18 ਰੁਪਏ ਰਹਿ ਗਈ। ਹਿੰਦੁਸਤਾਨ ਦੀ ਅੰਗਰੇਜ਼ੀ ਰਾਜ ਹੱਥੋਂ ਹੋ ਰਹੀ ਇਸ ਲੁੱਟ ਬਾਰੇ ਲੈਨਿਨ ਨੇ 1908 ਵਿੱਚ ਲਿਖਿਆ ਸੀ, "ਹਿੰਦੁਸਤਾਨ ਵਿੱਚ ਉਸ ਲੁਟਮਾਰ ਦਾ ਕੋਈ ਅੰਤ ਨਹੀਂ, ਜਿਸ ਨੂੰ ਅੰਗਰੇਜ਼ੀ ਰਾਜ ਆਖਿਆ ਜਾਂਦਾ ਹੈ।"

ਅੰਗਰੇਜ਼ੀ ਰਾਜ ਦੀ ਇਸ ਲੁੱਟ ਨੇ ਨਾ ਸਿਰਫ ਸ਼ਹਿਰਾਂ, ਕਸਬਿਆਂ ਦੀ ਪੁਰਾਣੀ ਦਸਤਕਾਰੀ ਤੇ ਵਪਾਰ ਨੂੰ ਹੀ ਸੱਟ ਮਾਰੀ ਸਗੋਂ ਪਿੰਡਾਂ ਵਿੱਚ ਖੇਤੀ ਉੱਤੇ ਨਿਰਭਰ ਕਰ ਰਹੀ ਜਨਤਾ ਦੇ ਵੀ ਚੰਡ ਕੱਢ ਸੁੱਟੇ। ਜ਼ਮੀਨ ਦੀ ਨਿੱਜੀ ਖਾਤਿਆਂ ਵਿੱਚ ਵੰਡ ਤੇ ਸਰਕਾਰੀ ਮਾਮਲੇ ਦੀ ਨਕਦ ਉਗਰਾਹੀ ਨੇ ਪਿੰਡਾਂ ਦੇ ਪੁਰਾਣੇ ਸਵੈ-ਨਿਰਭਰ ਪ੍ਰਬੰਧ ਨੂੰ ਭੰਨਣਾ ਸ਼ੁਰੂ ਕਰ ਦਿੱਤਾ।" ਹਿੰਦੂ (ਹਿੰਦੀ) ਦੀ ਪੁਰਾਣੀ ਦੁਨੀਆਂ ਗਵਾਚ ਗਈ ਸੀ ਤੇ ਉਸ ਦੀ ਨਵੀਂ ਦੁਨੀਆਂ ਦਾ ਅਜੇ ਉਸ ਨੂੰ ਕੋਈ ਫਾਇਦਾ ਨਹੀਂ ਸੀ ਹੋਇਆ। ਇਸ ਵਰਤਾਰੇ ਨੇ ਹਿੰਦੀਆਂ ਦੀ ਕਮਬਖਤੀ ਵਿੱਚ ਹੋਰ ਵਾਧਾ ਕੀਤਾ ਤੇ ਅੰਗਰੇਜ਼ੀ ਰਾਜ ਨੇ ਇਸ ਨੂੰ ਹਿੰਦ ਦੀਆਂ ਤਮਾਮ ਪੁਰਾਣੀਆਂ ਰਵਾਇਤਾਂ ਤੇ ਸਾਰੀ ਪੁਰਾਤਨ ਤਵਾਰੀਖ ਤੋਂ ਜੁਦਾ ਕਰ ਦਿੱਤਾ। ਇਹ ਛੋਟੀ ਨਿੱਜੀ ਮਾਲਕੀ ਕਿਸਾਨ ਟੱਬਰ ਤੇ ਉਹਨਾਂ ਨਾਲ ਸੰਬੰਧਿਤ ਨੀਮ ਗੁਲਾਮ (ਕੰਮੀ) ਪੇਂਡੂ ਦਸਤਕਾਰ ਤੇ ਮਜ਼ਦੂਰ ਜਨਤਾ, ਗੁਜ਼ਾਰਾ ਤੋਰਨ ਤੋਂ ਵੀ ਰਹਿ ਗਈ। ਮਾਲੀਏ ਦੀ ਨਕਦੀ ਵਿੱਚ ਵਸੂਲੀ ਨੇ ਕਿਸਾਨਾਂ ਨੂੰ ਅਨਾਜ ਵੇਚਣ ਉੱਤੇ ਮਜਬੂਰ ਕਰ ਦਿੱਤਾ। ਇਸ ਨਾਲ ਪਿੰਡਾਂ ਵਿੱਚੋਂ ਅਨਾਜ ਦੀ ਧੂਹ ਪੈ ਗਈ, ਜੋ ਢੋਹ ਕੇ ਵਲੈਤ ਲਿਜਾਇਆ ਜਾਣ ਲੱਗ ਪਿਆ। ਇਸਦੇ ਦੋ ਭੈੜੇ ਨਤੀਜੇ ਨਿਕਲੇ। ਦੇਸ ਅਨਾਜ ਦੀ ਥੁੜ ਦਾ ਸ਼ਿਕਾਰ ਹੋਣ ਲੱਗ ਪਿਆ, ਇਸ ਲਈ ਜਦੋਂ ਵੀ ਕਿਤੇ ਮੌਸਮ ਦੀ ਖਰਾਬੀ ਦੇ ਕਾਰਨ ਅੰਨ ਦਾ ਕਾਲ ਪਿਆ ਤਾਂ ਉਹ ਲਾ-ਇਲਾਜ ਹੋ ਜਾਂਦਾ ਰਿਹਾ ਤੇ ਇਹਨਾਂ ਕਾਲਾਂ ਵਿੱਚ ਲੱਖਾਂ ਆਦਮੀ ਭੁੱਖ ਨਾਲ ਮਰ ਜਾਂਦੇ ਰਹੇ। ਕੇਵਲ 1850 ਤੋਂ 1900 ਤਕ ਦੇ ਪਏ ਕਾਲਾਂ ਵਿੱਚ ਕੋਈ ਦੋ ਕਰੋੜ ਬੰਦਾ ਜਾਨ ਗਵਾ ਬੈਠਾ। ਦੂਸਰਾ, ਕਿਸਾਨ ਦਾ ਹੱਥ ਤੰਗ ਪੈਣ ਲੱਗਾ। ਇਸ ਤੰਗੀ ਨਾਲ ਉਹ ਕਰਜ਼ੇ ਹੇਠ ਆਉਣ ਲੱਗ ਪਿਆ ਤੇ ਕਰਜ਼ਿਆਂ ਨੇ ਉਸ ਨੂੰ ਕੰਗਾਲ ਤੇ ਜ਼ਮੀਨ ਤੋਂ ਖਾਲੀ ਕਰਨਾ ਸ਼ੁਰੂ ਕੀਤਾ।

ਅੰਗਰੇਜ਼ੀ ਰਾਜ ਦੀ ਇਸ ਸੱਟ ਤੋਂ ਪੰਜਾਬ ਵੀ ਨਾ ਬਚ ਸਕਿਆ। ਅੰਗਰੇਜ਼ਾਂ ਨੇ 1850 ਵਿੱਚ ਪੰਜਾਬ ਉੱਤੇ ਕਬਜ਼ਾ ਕੀਤਾ। ਇਸ ਕਬਜ਼ੇ ਤੋਂ ਬਾਅਦ ਪੰਝੀਆਂ ਤੀਹਾਂ ਸਾਲਾਂ ਵਿੱਚ ਹੀ ਅੰਗਰੇਜ਼ੀ ਰਾਜ ਨੇ ਪੰਜਾਬ ਦੀ ਬੁਰੀ ਹਾਲਤ ਕਰ ਦਿੱਤੀ। ਬਾਬਾ ਬੰਦਾ ਸਿੰਘ ਬਹਾਦਰ ਵੇਲੇ ਤੋਂ ਪੰਜਾਬ ਜ਼ਮੀਨ ਦੀ ਸਾਂਝੀ ਮਾਲਕੀ ਦਾ ਸੂਬਾ ਸੀ। ਉਸ ਵੇਲੇ ਵਾਹੀ ਵਾਲੀ ਜ਼ਮੀਨ ਦੀ ਨਿੱਜੀ ਮਾਲਕੀ ਦੇ ਵਿਚਾਰ ਘੱਟ ਹੀ ਸਨ, ਕੋਈ ਇਕੱਲਾ ਜਣਾ ਨਹੀਂ, ਪਿੰਡ ਦੀ ਸਾਰੀ ਬਰਾਦਰੀ ਜ਼ਮੀਨ ਦੀ ਮਾਲਕ ਹੁੰਦੀ ਸੀ। ਅੰਗਰੇਜ਼ਾਂ ਨੇ ਬਰਾਦਰੀ ਦੇ ਹਰ ਮਰਦ ਜੀਅ ਨੂੰ ਜ਼ਮੀਨ ਦੇ ਹਿੱਸੇ ਆਉਂਦੇ ਖਾਤੇ ਦਾ ਮਾਲਕ ਬਣਾ ਦਿੱਤਾ ਤੇ ਖਾਤੇ ਉੱਤੇ ਕਾਫੀ ਨਿਰੋਲ ਮਾਲੀਆ ਲਗਾ ਦਿੱਤਾ। ਅੰਗਰੇਜ਼ੀ ਰਾਜ ਵੱਲੋਂ ਸਾਂਝੀ ਜ਼ਮੀਨ ਲੋਕਾਂ ਵਿੱਚ ਅੱਡੋ ਅੱਡ ਵੰਡ ਦਿੱਤੀ ਗਈ। ਜ਼ਮੀਨੀ ਖਾਤਿਆਂ ਦੀ ਪੈਦਾਵਾਰ ਨੇ ਪਿੰਡਾਂ ਦੇ ਇੱਕ ਮੁੱਠ ਤੇ ਸਾਂਝੇ ਜੀਵਨ ਨੂੰ ਖਤਮ ਕਰ ਦਿੱਤਾ। ਨਿੱਕੀ ਵੱਡੀ ਮਾਲਕੀ ਦੇ ਵਿਤਕਰੇ ਪੈਣੇ ਸ਼ੁਰੂ ਹੋ ਗਏ। ਸਾਂਝੇ ਥਾਉਂ ਮਾਲੀਆ ਜਾਣ ਦੀ ਥਾਂ ਕਿਸਾਨਾਂ ਨੂੰ ਆਪੋ ਆਪਣਾ ਮਾਮਲਾ ਤਾਰਨਾ ਪਿਆ। ਇਸ ਨਕਦ ਵਸੂਲੀ ਨੇ ਪਿੰਡਾਂ ਦੇ ਅਨਾਜ ਨੂੰ, ਜਿਸ ਕੋਲ ਨਕਦ ਪੈਸੇ ਨਹੀਂ ਸਨ, ਮੰਡੀਆਂ ਵਿੱਚ ਵੇਚਕੇ ਮਾਲੀਆ ਦਿੱਤਾ। ਜਿਸ ਕਾਰਨ ਪਿੰਡਾਂ ਵਿੱਚ ਬਾਹਲੇ ਕਿਸਾਨ ਅਨਾਜ ਤੋਂ ਖਾਲੀ ਹੋਣ ਲੱਗ ਪਏ ਤੇ ਪਿੰਡ ਦੀ ਵਸੋਂ ਵਾਸਤੇ ਲੋੜੀਂਦਾ ਅਨਾਜ ਬਹੁਤ ਘਟਣ ਲੱਗ ਪਿਆ। ਛੋਟੇ ਕਿਸਾਨ ਤੇ ਪੇਂਡੂ (ਕੰਮੀ) ਦਸਤਕਾਰ ਤੇ ਮਜ਼ਦੂਰ ਛੇਤੀ ਹੀ ਅਨਾਜ ਦੀ ਥੁੜ ਦਾ ਸ਼ਿਕਾਰ ਹੋ ਗਏ। ਜ਼ਮੀਨਾਂ ਉੱਤੇ ਪਿੰਡ ਦੀ ਵਸੋਂ ਦਾ ਗੁਜ਼ਾਰਾ ਮੁਸ਼ਕਿਲ ਹੀ ਮੁਸ਼ਕਿਲ ਹੁੰਦਾ ਗਿਆ। ਛੇਤੀ ਹੀ ਗੋਰੀ ਸਰਕਾਰ ਵੱਲੋਂ ਦਿੱਤੇ ਦੋਵੇਂ ਤੋਹਫ਼ੇ (ਜ਼ਮੀਨ ਦੀ ਨਿੱਜੀ ਮਾਲਕੀ ਤੇ ਨਕਦ ਮਾਮਲਾ) ਘਾਤਕ ਸਾਬਤ ਹੋਏ। ... ਲੋੜ ਨੇ ਉਧਾਰ ਲੈਣ ਦਾ ਰਵਾਜ ਪਾ ਦਿੱਤਾ।" 1

ਮਾਮਲਾ ਤਾਰਨ ਤੇ ਥੁੜੋਂ ਦੀਆਂ ਹੋਰ ਲੋੜਾਂ ਪੂਰੀਆਂ ਕਰਨ ਲਈ ਕਿਸਾਨ ਉਧਾਰ ਚੁੱਕਦਾ ਚੁਕਦਾ ਕਰਜ਼ੇ ਦੇ ਭਾਰ ਹੇਠ ਆਉਣ ਲੱਗ ਪਿਆ। ਇਸ ਕਰਜ਼ਾ ਵਧਣ ਦੇ ਕਾਰਨਾਂ ਵਿੱਚੋਂ ਇੱਕ ਕਾਰਨ ਜ਼ਮੀਨੀ ਮਾਮਲੇ ਦੀ ਬੜੀ ਕਰੜੀ ਅਟੁੱਟ ਉਗਰਾਹੀ ਦੀ ਰੀਤ ਹੈ। ਮਾਮਲੇ ਦੀ ਕਰੜੀ ਉਗਰਾਹੀ ਤੇ ਦੀਵਾਨੀ ਅਦਾਲਤਾਂ ਦੀਆਂ ਉਗਰਾਹੀਆਂ ਨੇ ਪਿੰਡ ਦੀਆਂ ਬਰਾਦਰੀਆਂ ਦੀ ਤਾਕਤ ਨੂੰ ਤੋੜ ਦਿੱਤਾ ਤੇ ਕਿਸਾਨਾਂ ਨੂੰ ਜ਼ਮੀਨ ਤੋਂ ਵਾਂਝੇ ਕਰਨਾ ਤੇ ਗਰੀਬੀ ਵਿੱਚ ਸੁੱਟਣਾ ਸ਼ੁਰੂ ਕੀਤਾ।

ਗੱਲ ਕੀ, ਪੈਸੇ ਦੀ ਪ੍ਰਧਾਨਤਾ ਤੇ ਕਿਸਾਨ ਦੀ ਮਾਮਲਾ ਨਕਦ ਤਾਰਨ ਦੀ ਮਜਬੂਰੀ ਨੇ ਉਸ ਬਲਾ ਨੂੰ ਤਕੜਿਆਂ ਕੀਤਾ ਜਿਸ ਨੂੰ "ਸ਼ਾਹੂਕਾਰਾ" ਆਖਦੇ ਹਨ। ਉਧਾਰ ਦੀ ਜ਼ਾਮਨੀ ਲਈ ਜ਼ਮੀਨਾਂ ਗਹਿਣੇ ਪੈਣ 'ਤੇ ਉਸ ਨੂੰ ਉਤਾਰਨ ਲਈ ਕਿਸਾਨਾਂ ਦੀਆਂ ਜ਼ਮੀਨਾਂ (ਵੇਚਣ) ਬੈਅ ਹੋਣ ਲੱਗ ਪਈਆਂ। ਜ਼ਮੀਨ ਗਹਿਣੇ ਪਾਉਣ ਦਾ ਰਵਾਜ, ਜੋ ਉਸ ਵੇਲੇ ਬਹੁਤ ਘੱਟ ਸੀ, ਹਰ ਪਿੰਡ ਵਿੱਚ ਪੈ ਗਿਆ ਤੇ 1887 ਤਕ ਸੂਬੇ ਦੀ ਭੋਂ ਦਾ 7 ਫੀਸਦੀ ਹਿੱਸਾ ਗਹਿਣੇ ਪੈ ਚੁੱਕਾ ਸੀ।"

ਸੋ ਕਰਜ਼ੇ ਦੀਆਂ ਉਗਰਾਹੀਆਂ ਤੇ ਮਜਬੂਰੀ ਵਸੂਲੀਆਂ ਲਈ ਅਦਾਲਤੀ ਡਿਗਰੀਆਂ ਨੇ ਕਿਸਾਨਾਂ ਦੀਆਂ ਜ਼ਮੀਨਾਂ ਖੋਹ ਕੇ ਸ਼ਾਹੂਕਾਰਾਂ ਦੇ ਹੱਥ ਫੜਾਉਣੀਆਂ ਸ਼ੁਰੂ ਕਰ ਦਿੱਤੀਆਂ। ਉਸ ਵੇਲੇ ਦੀ ਅਫਸਰ ਸ਼ਾਹੀ ਨੇ ਵੀ ਕਰਜ਼ੇ ਦੀ ਉਗਰਾਹੀ ਵਿੱਚ ਸ਼ਾਹੂਕਾਰਾਂ ਦਾ ਪੁੱਜ ਕੇ ਸਾਥ ਦਿੱਤਾ ਕਰਜ਼ੇ ਦੇ ਦੋ ਲੱਖ ਮੁਕੱਦਮੇ ਹਰ ਸਾਲ ਅਦਾਲਤਾਂ ਵਿੱਚ ਆਉਣ ਲੱਗ ਪਏ ਸਨ। ਇਸ ਸਿਲਸਿਲੇ ਵਿੱਚ 1901 ਤਕ 4 ਲੱਖ 13 ਹਜ਼ਾਰ ਏਕੜ ਜ਼ਮੀਨ ਵਿਕ ਗਈ ਸੀ। ਪੰਜਾਬ ਉੱਤੇ ਲਿਆਂਦੀ ਇਸ ਸਾੜ੍ਹਸਤੀ ਨਾਲ ਕਿਸਾਨਾਂ, ਪੇਂਡੂ ਦਸਤਕਾਰਾਂ ਤੇ ਮਜ਼ਦੂਰਾਂ ਦੇ ਦਿਨੋ ਦਿਨ ਮੰਦੇ ਹਾਲ ਹੁੰਦੇ ਗਏ। ਉਹਨਾਂ ਆਪਣੇ ਪੁਰਾਣੇ ਸਵੈ-ਨਿਰਭਰ ਪੇਂਡੂ ਪ੍ਰਬੰਧ ਨੂੰ ਆਪਣੀਆਂ ਅੱਖਾਂ ਸਾਹਮਣੇ ਟੁਟਦਿਆਂ ਵੇਖਿਆ ਤੇ ਉਹ ਇਸ ਮੰਦਹਾਲੀ ਨੂੰ ਝਬਦੇ ਹੀ ਮਹਿਸੂਸ ਕਰਨ ਲੱਗ ਪਏ। ਇਸਦੇ ਕਾਰਨ ਪੇਂਡੂ ਜਨਤਾ ਵੱਲੋਂ ਅੰਗਰੇਜ਼ੀ ਰਾਜ ਦੇ ਵਿਰੁੱਧ ਪਿੰਡਾਂ ਦੇ ਕਿਸਾਨਾਂ ਤੇ ਦਸਤਕਾਰਾਂ ਵਿੱਚ ਘਿਰਣਾ ਪੈਦਾ ਹੋਣੀ ਸ਼ੁਰੂ ਹੋਈ। ਅੰਤ ਕੋਈ ਚਾਰਾ ਨਾ ਚੱਲਦਾ ਦੇਖ ਅੰਗਰੇਜ਼ੀ ਰਾਜ ਨੇ ਅੱਜ ਦੀ ਸਰਕਾਰ ਦੀ ਤਰ੍ਹਾਂ ਥੁੜੋਂ ਦੇ ਮਾਰਿਆਂ ਦੀ ਇਸ ਦਾਸਤਾਂ ਤੋਂ ਫਾਇਦਾ ਉਠਾਉਣ ਲਈ ਅੰਗਰੇਜ਼ ਸਾਮਰਾਜੀ ਇਹਨਾਂ ਨੂੰ ਪੂਰਬੀ ਏਸ਼ੀਆ ਦੇ ਟਾਪੂਆਂ ਬਰਮਾ, ਮਲਾਇਆ, ਸਿੰਘਾਪੁਰ, ਹਾਂਗਕਾਂਗ ਤੇ ਘਾਟਾਂ ਉੱਤੇ ਆਪਣੇ ਕਾਰ-ਵਿਹਾਰਾਂ ਤੇ ਕੋਠੀਆਂ ਦੀ ਰਾਖੀ ਲਈ ਚੌਕੀਦਾਰ, ਦਰਬਾਨ, ਫੌਜ ਅਤੇ ਪੁਲੀਸ ਵਿੱਚ ਭਰਤੀ ਕਰਨੀ ਸ਼ੁਰੂ ਕਰ ਦਿੱਤੀ। ਫਿਰ ਕਈਆਂ ਨੇ ਆਪਣੇ ਰਿਸ਼ਤੇਦਾਰ ਅਤੇ ਦੋਸਤ ਮਿੱਤਰ ਵੀ ਮੰਗਵਾ ਲਏ। ਸੋ ਪੰਜਾਬ ਉੱਤੇ ਅੰਗਰੇਜ਼ੀ ਰਾਜ ਦੀ ਲਿਆਂਦੀ ਇਸ ਇਤਿਹਾਸਿਕ ਸਾੜ੍ਹਸਤੀ ਦੇ ਮਾਰੇ ਪੇਂਡੂ ਲੋਕ ਫੌਜ ਵਿੱਚ ਭਰਤੀ ਹੋਣ ਲਈ, ਬਾਹਰ ਟਾਪੂਆਂ ਵਿੱਚ ਨੌਕਰੀਆਂ ਤੇ ਮਜ਼ਦੂਰੀਆਂ ਕਰਨ ਲਈ ਜਾਣ ਉੱਤੇ ਮਜਬੂਰ ਹੋਏ। ਉਹਨਾਂ ਦਿਨਾਂ ਵਿੱਚ ਵੀ ਦੇਸ਼ ਅੰਦਰ ਤੇ ਖਾਸ ਕਰ ਆਪਣੇ ਸੂਬੇ ਅੰਦਰ ਦੇਸ਼ ਨੂੰ ਅਜ਼ਾਦ ਕਰਾਉਣ ਲਈ ਕੌਮੀ ਲਹਿਰ ਚੱਲ ਰਹੀ ਸੀ। ਹਜ਼ਾਰਾਂ ਦੀ ਗਿਣਤੀ ਵਿੱਚ ਪੰਜਾਬੀ ਬਾਹਰ ਅਮਰੀਕਾ, ਕਨੇਡਾ ਅਸਟ੍ਰੇਲੀਆ ਅਤੇ ਦੱਖਣ ਪੂਰਬੀ ਏਸ਼ੀਆ ਦੇ ਟਾਪੂਆਂ ਨੂੰ ਜਾ ਰਹੇ ਸਨ।

ਅੱਜ ਵੀ ਪੰਜਾਬ ਦੀ ਧਰਤੀ ਦੇ ਹਾਲਾਤ ਸਾਜ਼ਗਾਰ ਨਹੀਂ, ਪੌਣ-ਪਾਣੀ, ਜਲ ਸ੍ਰੋਤ ਅਤੇ ਵਾਤਵਰਨ ਬੜੇ ਹੈਰਾਨ ਕਰਨ ਵਾਲੇ ਹਨ। ਪੰਜਾਬੀ ਨੌਜਵਾਨ ਅੱਜ ਵਿਦੇਸ਼ਾਂ ਵੱਲ ਵਹੀਰਾਂ ਘੱਤ ਰਹੇ ਹਨ। ਪੰਜਾਬ ਦੀ ਜਵਾਨੀ ਦਾ ਪੰਜਾਬ ਤੋਂ ਮੋਹ ਭੰਗ ਹੋਣਾ ਸਭ ਲਈ ਚਿੰਤਾ ਦਾ ਵਿਸ਼ਾ ਹੈ। ਇੰਝ ਲਗਦਾ ਹੈ, ਜਿਵੇਂ ਪੰਜਾਬ ਦਾ ਨੌਜਵਾਨ ਆਪਣੀ ਜਨਮ ਭੂਮੀ ਤੋਂ ਇੱਕ ਤਰ੍ਹਾਂ ਨਾਲ ਬੇਮੁਖ ਹੋ ਕੇ ਵਿਦੇਸ਼ੀ ਧਰਤੀ ਨੂੰ ਭਾਗ ਲਾ ਰਿਹਾ ਹੈ। ਅਤੇ ਕਾਲਜਾਂ ਅਤੇ ਯੂਨੀਵਰਸਿਟੀਆਂ ਅੰਦਰ ਵਿਦਿਆਰਥੀਆਂ ਦੇ ਘਟ ਰਹੇ ਦਾਖ਼ਲੇ ਇਸਦੀ ਗਵਾਹੀ ਭਰ ਰਹੇ ਹਨ। ਮੈਡੀਕਲ ਖੇਤਰ ਤੋਂ ਇਲਾਵਾ ਤਕਨੀਕੀ ਕੋਰਸ, ਬੀਐੱਡ ਅਤੇ ਇੰਜਨੀਅਰਿੰਗ ਦੇ ਕਾਲਜ ਵੀ ਇੱਕ ਤਰ੍ਹਾਂ ਨਾਲ ਵੈਂਟੀਲੇਟਰ 'ਤੇ ਪਏ ਹਨ। ਉਂਝ ਇਹ ਹਾਲਾਤ ਪੰਜਾਬ ਸਮੇਤ ਗੁਆਂਢੀ ਪ੍ਰਾਂਤਾਂ ਵਿੱਚ ਵੀ ਬਣ ਰਹੇ ਹਨ। ਪਰ ਹੋਰ ਪ੍ਰਾਂਤਾਂ ਦੇ ਮੁਕਾਬਲੇ ਪੰਜਾਬ ਤੋਂ ਵਿਦੇਸ਼ ਜਾਣ ਦੇ ਅੰਕੜੇ ਬੜੇ ਹੈਰਾਨਕੁਨ ਹਨ। ਪੰਜਾਬ ਤੋਂ ਇਲਾਵਾ ਹਰਿਆਣਾ, ਹਿਮਾਚਲ, ਜੰਮੂ ਕਸ਼ਮੀਰ, ਦਿੱਲੀ ਸਮੇਤ ਹੋਰ ਪ੍ਰਾਂਤਾਂ ਦੇ ਵਧੇਰੇ ਨੌਜਵਾਨ ਅਮਰੀਕਾ, ਕੈਨੇਡਾ, ਆਸਟਰੇਲੀਆ ਆਦਿ ਦੇਸ਼ਾਂ ਵਿੱਚ ਜਾ ਰਹੇ ਹਨ। ਯੂਪੀ, ਬਿਹਾਰ ਦੇ ਲੋਕਾਂ ਦਾ ਰੁਝਾਨ ਖਾੜੀ ਦੇਸ਼ਾਂ ਵੱਲ ਹੈ। ਵਿਦੇਸ਼ ਮੰਤਰਾਲੇ ਦੇ ਹਵਾਲੇ ਮਤਾਬਿਕ ਪਿਛਲੇ ਸਾਲ ਤਕ ਇੱਕ ਕਰੋੜ 33 ਲੱਖ 83 ਹਜ਼ਾਰ 718 ਭਾਰਤੀ ਨਾਗਰਿਕ ਵਿਦੇਸ਼ਾਂ ਵਿੱਚ ਗਏ ਹਨ। ਇਹ ਅੰਕੜਾ ਕੁਝ ਸਾਲਾਂ ਵਿੱਚ ਹੀ ਲੱਖਾਂ ਤੋਂ ਵਧ ਕੇ ਕਰੋੜਾਂ ਵਿੱਚ ਪੁੱਜ ਗਿਆ। ਕੀ ਦੇਸ਼ ਛੱਡ ਕੇ ਵਿਦੇਸ਼ ਜਾਣ ਵਾਲਿਆਂ ਦੇ ਆਪਣੇ ਕਾਰਨ ਹੋਣਗੇ, ਇਹ ਕੌਮੀ ਪੱਧਰ 'ਤੇ ਘੋਖਣ ਦਾ ਵਿਸ਼ਾ ਹੈ। ਪੰਜਾਬ ਦੀ ਗੱਲ ਕੀਤੀ ਜਾਵੇ ਤਾਂ ਇੱਥੋਂ ਦੇ ਨੌਜਵਾਨ ਲੜਕੇ-ਲੜਕੀਆਂ ਵਿਦੇਸ਼ਾਂ ਵਿੱਚ ਪੜ੍ਹਨ ਜਾਂਦੇ ਹਨ ਅਤੇ ਫਿਰ ਪੰਜਾਬ ਵਾਪਸ ਨਹੀਂ ਆਉਂਦੇ। ਉਹ ਵਿਦੇਸ਼ੀ ਨਾਗਰਿਕਤਾ ਹਾਸਲ ਕਰ ਕੇ ਉੱਥੇ ਖੁਸ਼ਹਾਲ ਜ਼ਿੰਦਗੀ ਜਿਊਂਦੇ ਹਨ। ਸੂਬੇ ਵਿੱਚ 2016 ਤੋਂ ਫਰਵਰੀ 2021 ਤਕ ਨੌਂ ਲੱਖ 84 ਹਜ਼ਾਰ ਨੌਜਵਾਨ ਪੰਜਾਬ ਅਤੇ ਚੰਡੀਗੜ੍ਹ ਤੋਂ ਵਿਦੇਸ਼ ਵੱਸ ਗਏ। ਪਿੰਡਾਂ ਦੇ ਪਿੰਡ ਖਾਲੀ ਹੋ ਰਹੇ ਹਨ। ਵੱਡੀਆਂ ਵੱਡੀਆਂ ਕੋਠੀਆਂ ਨੂੰ ਤਾਲੇ ਲੱਗੇ ਹੋਏ ਹਨ। ਬਜ਼ੁਰਗ ਸ਼ਾਮ ਨੂੰ ਇਕੱਠੇ ਹੋ ਕੇ ਵਿਦੇਸ਼ਾਂ ਵਿੱਚ ਗਏ ਆਪਣੇ ਜਿਗਰ ਦੇ ਟੋਟਿਆਂ ਦੀਆਂ ਗੱਲਾਂ ਕਰ ਕੇ ਦਿਲ ਹੌਲਾ ਕਰ ਲੈਂਦੇ ਹਨ। ਪੰਜਾਬ ਦੀ ਜਵਾਨੀ ਨੇ ਜੋ ਵੱਡੇ ਪੱਧਰ 'ਤੇ ਵਿਦੇਸ਼ਾਂ ਦਾ ਰੁਖ ਕੀਤਾ ਹੈ, ਇਸਦਾ ਪਿਛੋਕੜ ਇੱਕ ਦਿਨ ਵਿੱਚ ਤਿਆਰ ਨਹੀਂ ਹੋਇਆ। ਆਜ਼ਾਦੀ ਦੇ ਸਾਢੇ ਸੱਤ ਦਹਾਕੇ ਬੀਤ ਜਾਣ ਬਾਅਦ ਅਸੀਂ ਅਜੇ ਆਪਣੇ ਨਾਗਰਿਕਾਂ ਨੂੰ ਮੁਢਲੀਆਂ ਸਹੂਲਤਾਂ ਵੀ ਨਹੀਂ ਦੇ ਸਕੇ। ਜਿੱਥੇ ਬੱਚੇ ਵਿਦੇਸ਼ ਜਾਣਾ ਚਾਹੁੰਦੇ ਹਨ, ਉੱਥੇ ਉਨ੍ਹਾਂ ਦੇ ਮਾਪੇ ਵੀ ਉਨ੍ਹਾਂ ਨੂੰ ਵਿਦੇਸ਼ ਭੇਜਣ ਲਈ ਤਤਪਰ ਹਨ। ਬੱਚਿਆਂ ਦੇ ਚੰਗੇ ਭਵਿੱਖ ਲਈ ਆਪਣੀ ਸਾਰੀ ਜ਼ਿੰਦਗੀ ਦੀ ਕਮਾਈ ਅਤੇ ਬੁਢਾਪਾ ਕੁਰਬਾਨ ਕਰ ਦਿੰਦੇ ਹਨ।

ਹੁਣ ਤੁਸੀਂ ਸੋਚੋਗੇ ਕਿ ਬੁਢਾਪਾ ਕਿਵੇਂ ਕੁਰਬਾਨ ਹੁੰਦਾ? ਜਦੋਂ ਬੱਚੇ ਦੀ ਵਿੱਦਿਅਕ ਯੋਗਤਾ ਮੁਤਾਬਿਕ ਸਰਕਾਰ ਉਸ ਨੂੰ ਰੁਜ਼ਗਾਰ ਨਹੀਂ ਦੇ ਸਕੀ ਤਾਂ ਰਾਜ ਸੱਤਾ ਦਾ ਸੁਖ ਭੋਗ ਰਹੀਆਂ ਸਰਕਾਰਾਂ ਦੇ ਫੋਕੇ ਵਾਅਦਿਆਂ ਅਤੇ ਲਾਰਿਆਂ ਨੇ ਉਨ੍ਹਾਂ ਦਾ ਵੀ ਪੰਜਾਬ ਤੋਂ ਮੋਹ-ਭੰਗ ਕਰ ਦਿੱਤਾ ਹੈ। ਅੰਤ ਮਾਂ-ਬਾਪ ਆਪਣੇ ਬੱਚੇ ਨੂੰ ਪੜ੍ਹਾਈ ਦੇ ਬਹਾਨੇ ਵਿਦੇਸ਼ ਭੇਜਣ ਲਈ ਸਾਰਾ ਕੁਝ ਕੁਰਬਾਨ ਕਰਕੇ ਵਿਦੇਸ਼ ਭੇਜ ਦਿੰਦੇ ਹਨ ਅਤੇ ਬੁਢਾਪਾ ਇੱਧਰ ਦਿਨ ਕੱਟਣ ਲਈ ਮਜਬੂਰ ਹੋ ਜਾਂਦਾ ਹੈ। 5-6 ਸਾਲ ਬਾਦ ਉਨ੍ਹਾਂ ਦਾ ਬੱਚਾ ਪੀ ਆਰ ਹੋ ਜਾਂਦਾ ਹੈ ਤੇ ਪੇਰੈਂਟਸ ਨੂੰ ਕੋਲ ਸੱਦਣਾ ਚਾਹੁੰਦਾ ਹੈ ਪਰ ਪੇਰੈਂਟਸ ਸਾਰੀ ਜ਼ਿੰਦਗੀ ਦੀ ਬਣਾਈ ਪ੍ਰਾਪਟੀ ਨੂੰ ਛੱਡਕੇ ਜਾਣ ਲਈ ਅੰਦਰੋਂ ਝੂਰਦੇ ਹਨ। ਪਰ ਮਜਬੂਰੀ ਵੱਸ ਵਿਦੇਸ਼ ਚਲੇ ਜਾਂਦੇ ਹਨ। ਜੋ ਬਜ਼ੁਰਗ ਹੁਣ ਵਿਦੇਸ਼ਾਂ ਵਿੱਚ ਰਹਿ ਰਹੇ ਹੋਣਗੇ, ਉਹ ਇਸ ਬਾਰੇ ਚੰਗੀ ਤਰ੍ਹਾਂ ਦੱਸ ਸਕਦੇ ਹਨ ਕਿ ਉਨ੍ਹਾਂ ਨੂੰ ਕਿਵੇਂ ਲੱਗ ਰਿਹਾ ਹੈ।

ਪਿਛਲੇ ਲੰਮੇ ਸਮੇਂ ਤੋਂ ਪੰਜਾਬ ਅੰਦਰ ਬੇਰੁਜ਼ਗਾਰੀ ਅਤੇ ਨੌਜਵਾਨਾਂ ਪ੍ਰਤੀ ਸਰਕਾਰਾਂ ਦਾ ਬੇਰੁਖ਼ੀ ਵਾਲਾ ਵਤੀਰਾ ਪਰਵਾਸ ਦਾ ਵੱਡਾ ਕਾਰਨ ਹੈ। ਅਸੀਂ ਜਾਣਦੇ ਹਾਂ ਕਿ ਗਰੀਬੀ ਅਤੇ ਅਨਪੜ੍ਹਤਾ ਸਕੀਆਂ ਭੈਣਾਂ ਹਨ। ਅੱਜ ਪੜ੍ਹੇ ਲਿਖੇ ਨੌਜਵਾਨ ਹਾਸ਼ੀਏ 'ਤੇ ਚਲੇ ਗਏ। ਸੱਤਾਧਾਰੀਆਂ ਅਤੇ ਗੈਂਗਸਟਰਾਂ ਦੇ ਗਠਜੋੜ ਨੇ ਹੋਰ ਬਰਬਾਦ ਕਰ ਦਿੱਤਾ। ਇਹ ਜ਼ਮੀਨਾਂ ਕੌਡੀਆਂ ਦੇ ਭਾਅ ਖਰੀਦ ਕੇ ਬਿਲਡਿੰਗਾਂ ਉਸਾਰਨ ਲੱਗੇ। ਸੱਤਾ ਦੇ ਗੈਂਗਸਟਰਾਂ ਅਤੇ ਬਿਲਡਰਾਂ ਨਾਲ ਗਠਜੋੜ ਨੇ ਆਰਥਿਕ ਪੱਖੋਂ ਪੰਜਾਬ ਨੂੰ ਬਰਬਾਦ ਕਰ ਦਿੱਤਾ। ਗਲੀਆਂ ਬਾਜ਼ਾਰਾਂ ਅੰਦਰ ਨਸ਼ਾ ਸ਼ਰੇਆਮ ਵਿਕਣ ਲੱਗ ਪਿਆ, ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਨਹੀਂ ਮਿਲ ਰਹੀਆਂ। ਪੱਕੇ ਮੁਲਾਜ਼ਮਾਂ ਦੀ ਥਾਂ ਕੱਚੇ ਮੁਲਾਜ਼ਮ ਰੱਖੇ ਜਾਣ ਲੱਗ ਪਏ। ਇਹ ਮੁਲਾਜ਼ਮ ਪੱਕੇ ਹੋਣ ਦੀ ਆਸ ਵਿੱਚ ਕਈ ਕਈ ਸਾਲਾਂ ਤੋਂ ਆਪਣੀਆਂ ਸੇਵਾਵਾਂ ਨਿਭਾਉਂਦੇ ਆ ਰਹੇ ਹਨ। ਅੱਜ ਦੀ ਨੌਜਵਾਨ ਪੀੜ੍ਹੀ ਆਪਣੀਆਂ ਅੱਖਾਂ ਨਾਲ ਇਨ੍ਹਾਂ ਦੀ ਲੁੱਟ ਦੇਖ ਰਹੀ ਹੈ। ਫਿਰ ਅਜਿਹੇ ਹਾਲਾਤ ਵਿੱਚ ਪੰਜਾਬੀ ਨੌਜਵਾਨ ਵਿਦੇਸ਼ਾਂ ਦਾ ਰੁਖ ਨਾ ਕਰਨ ਤਾਂ ਹੋਰ ਕੀ ਕਰਨ?

ਪਿੰਡਾਂ ਦੇ ਸਰਕਾਰੀ ਸਕੂਲਾਂ ਦੀ ਹਾਲਤ ਇਹ ਹੈ ਕਿ ਪੰਜਾਬ ਦੇ ਕਈ ਅਜਿਹੇ ਪ੍ਰਾਇਮਰੀ ਸਕੂਲ ਹਨ, ਜਿੱਥੇ ਪਹਿਲੀ ਤੋਂ ਪੰਜਵੀਂ ਜਮਾਤ ਤਕ ਬੱਚਿਆਂ ਨੂੰ ਇੱਕ ਹੀ ਮਾਸਟਰ ਪੜ੍ਹਾ ਰਿਹਾ ਹੈ। ਵੱਡੀਆਂ ਕਲਾਸਾਂ ਵਿੱਚ ਦੂਜੇ ਵਿਸ਼ਿਆਂ ਦੇ ਅਧਿਆਪਕ ਪੰਜਾਬੀ ਪੜ੍ਹਾ ਰਹੇ ਹਨ। ਸਕੂਲਾਂ ਅੰਦਰ ਬੱਚਿਆਂ ਦੀ ਗਿਣਤੀ ਘਟ ਰਹੀ ਹੈ। ਵਿੱਦਿਆ, ਸਿਹਤ ਸਹੂਲਤਾਂ, ਕਿਸਾਨੀ, ਟਰਾਂਸਪੋਰਟ, ਰੇਲਵੇ, ਏਅਰ ਲਾਈਨਾਂ, ਬਿਜਲੀ ਪ੍ਰਾਈਵੇਟ ਹੱਥਾਂ ਵਿੱਚ ਦੇ ਕੇ ਲੇਬਰ ਕਾਨੂੰਨਾਂ ਦਾ ਘਾਣ ਕੀਤਾ ਜਾ ਰਿਹਾ ਹੈ। ਮਲਾਜਮਾਂ ਮਜਦੂਰਾਂ ਦੀ ਘੱਟੋ ਘੱਟ ਉਜਰਤਾਂ ਵੀ ਨਹੀਂ ਦਿੱਤੀਆਂ ਜਾ ਰਹੀਆਂ। ਬੇਰੁਜ਼ਗਾਰੀ ਦਿਨੋ ਦਿਨ ਵਧ ਰਹੀ ਹੈ। ਜਦੋਂ ਤਕ ਸਰਕਾਰਾਂ ਇਸ ਵੱਲ ਧਿਆਨ ਨਹੀਂ ਦਿੰਦੀਆਂ, ਇਹ ਵਰਤਾਰਾ ਇਸੇ ਤਰ੍ਹਾਂ ਚਲਦਾ ਰਹਿਣਾ। ਇਸ ਲਈ ਸਭ ਵਰਗਾਂ ਲਈ ਵਿੱਦਿਆ ਇਕਸਾਰ ਫ੍ਰੀ ਕੀਤੀ ਜਾਵੇ। ਸਿਹਤ ਸਹੂਲਤਾਂ ਸਰਕਾਰੀ ਹਸਪਤਾਲਾਂ ਤੋਂ ਦਿੱਤੀਆਂ ਜਾਣ। ਸਰਕਾਰੀ ਹਸਪਤਾਲਾਂ ਵਿੱਚ ਡਾਕਟਰਾਂ ਦੀ ਘਾਟ ਨੂੰ ਪੂਰਾ ਕੀਤਾ ਜਾਵੇ। ਵਿਦੇਸ਼ਾਂ ਦੇ ਮੁਕਾਬਲੇ ਦੇਸ਼ ਵਿੱਚ ਪ੍ਰਾਈਵੇਟ ਇਲਾਜ ਬਹੁਤ ਮਹਿੰਗਾ ਹੈ, ਜੋ ਗਰੀਬ ਦੀ ਪਹੁੰਚ ਤੋਂ ਬਾਹਰ ਹੋ ਰਿਹਾ ਹੈ।

ਸਮਾਪਤ

# ਖਾਲਸਾ ਏਡ ਨੇ ਪਟਿਆਲਾ ਵਿਚ ਖੋਲ੍ਹਿਆ ਪੰਜਾਬ ਦਾ ਸਭ ਤੋਂ ਸਸਤਾ ਹੈਲਥ ਸੈਂਟਰ

## - ਲੋੜਵੰਦ ਲੋਕਾਂ ਨੂੰ ਸਿਹਤ ਸਬੰਧੀ ਜਾਂਚ ਕਰਾਉਣ ਵਿਚ ਨਹੀਂ ਆਏਗੀ ਦਿੱਕਤ, - ਸੀ.ਟੀ. ਸਕੈਨ, ਦੰਦਾਂ ਦੇ ਇਲਾਜ ਸਣੇ ਅਨੇਕਾਂ ਟੈਸਟ ਵਾਜਿਬ ਰੇਟਾਂ ਵਿਚ

ਪਟਿਆਲਾ: ਵਿਸ਼ਵ ਦੀ ਪਹਿਲੀ ਅੰਤਰਰਾਸ਼ਟਰੀ ਮਨੁੱਖਤਾਵਾਦੀ ਸਿੱਖ ਚੈਰਿਟੀ ਖਾਲਸਾ ਏਡ ਵੱਲੋਂ ਮਨੁੱਖਤਾ ਦੀ ਸੇਵਾ ਦੇ 25 ਵਰ੍ਹੇ ਮਨਾਉਂਦਿਆਂ ਪਟਿਆਲਾ ਵਿਖੇ ਹੈਲਥ ਸੈਂਟਰ ਦੀ ਸ਼ੁਰੂਆਤ ਕੀਤੀ ਗਈ ਹੈ। ਇਹ ਹੈਲਥ ਸੈਂਟਰ ਖਾਲਸਾ ਏਡ ਦਾ ਪੰਜਾਬ ਅੰਦਰ ਲੰਬੇ ਸਮੇਂ ਲਈ ਚੱਲਣ ਵਾਲੇ ਪ੍ਰੋਜੈਕਟਾਂ ਵਿਚੋਂ ਪਹਿਲਾ ਸਿਹਤ ਸੰਭਾਲ ਸੈਂਟਰ ਹੈ। ਇਸ ਸਿਹਤ ਕੇਂਦਰ ਵਿਚ ਪੰਜਾਬ ਦੇ ਲੋੜਵੰਦ ਗਰੀਬ ਪਰਿਵਾਰਾਂ ਲਈ ਸਿਹਤ ਸਬੰਧੀ ਹੋਣ ਵਾਲੇ ਮਹਿੰਗੇ ਟੈਸਟ ਬੜੇ ਹੀ ਸਸਤੇ ਰੇਟਾਂ ਉੱਤੇ ਕੀਤੇ ਜਾਣਗੇ। ਇਸ ਹੈਲਥ ਸੈਂਟਰ ਦੀ ਅਰੰਭਤਾ ਸੁਖਮਨੀ ਸਾਹਿਬ ਦੇ ਭੋਗ ਉਪਰੰਤ ਅਰਦਾਸ ਤੋਂ ਬਾਅਦ ਹੋਈ।

ਮੀਡੀਆ ਨੂੰ ਸੰਬੋਧਨ ਕਰਦਿਆਂ ਖਾਲਸਾ ਏਡ ਇੰਟਰਨੈਸ਼ਨਲ ਦੇ ਅਪ੍ਰੇਸ਼ਨ ਹੈੱਡ ਗੁਰਪ੍ਰੀਤ ਸਿੰਘ ਮਾਨ ਯੂ.ਕੇ ਨੇ ਦੱਸਿਆ ਕਿ ਇਹ ਹੈਲਥ ਸੈਂਟਰ ਖਾਲਸਾ ਏਡ ਦੇ ਲੰਬੇ ਸਮੇਂ ਲਈ ਚੱਲਣ ਵਾਲੇ ਪੰਜਾਬ ਅੰਦਰਲੇ ਪ੍ਰੋਜੈਕਟਾਂ ਵਿਚ ਸਿਹਤ ਸੰਭਾਲ ਸਬੰਧੀ ਪਹਿਲਾ ਕੇਂਦਰ ਅਤੇ ਤੀਜਾ ਪ੍ਰੋਜੈਕਟ ਹੋਏਗਾ। ਜਿਸ ਵਿਚ ਦੰਦਾਂ ਦਾ ਕਲੀਨਿਕ, ਐਕਸ ਰੇਅ, ਸੀ.ਟੀ ਸਕੈਨ, ਫਿਜ਼ਿਓਥੈਰੇਪੀ, ਪੈਥੋਲਜੀ ਲੈਬ (ਖੂਨ ਦੀ ਜਾਂਚ ਸਬੰਧੀ ਟੈਸਟ) ਅਤੇ ਮੈਡੀਕਲ ਸਟੋਰ ਦੀ ਸਹੂਲਤ ਉਪਲਬਧ ਹੋਏਗੀ। ਖਾਲਸਾ ਏਡ ਇੰਡੀਆ ਦੇ ਟ੍ਰਸਟੀ ਭਾਈ ਕੁਲਵੰਤ ਸਿੰਘ ਨੇ ਦੱਸਿਆ ਕਿ ਇਸ ਹੈਲਥ ਸੈਂਟਰ ਵਿਖੇ ਸਾਰੀਆਂ ਹੀ ਸੇਵਾਵਾਂ ਬਹੁਤ ਹੀ ਘੱਟ ਰੇਟਾਂ ਉੱਤੇ ਉਪਲਬਧ ਹੋਣਗੀਆਂ। ਉਨ੍ਹਾਂ ਕਿਹਾ




ਕਿ ਪੰਜਾਬ ਦੇ ਮੌਜੂਦਾ ਸਿਹਤ ਸੇਵਾਵਾਂ ਸਬੰਧੀ ਆਮ ਵਰਗ ਨੂੰ ਆ ਰਹੀਆਂ ਮੁਸ਼ਕਿਲਾਂ ਸਬੰਧੀ ਚਿੰਤਤ ਭਾਈ ਰਵੀ ਸਿੰਘ ਦੀ ਇਹ ਦਿਲੀ ਇੱਛਾ ਸੀ ਕਿ ਲੋੜਵੰਦਾਂ ਲਈ ਬਹੁਤ ਹੀ ਸਸਤੇ ਰੇਟਾਂ ਉੱਤੇ ਮਹਿੰਗੇ ਟੈਸਟਾਂ ਦੀ ਸਹੂਲਤ ਮੁਹੱਈਆ ਕਰਾਈ ਜਾਵੇ, ਅਤੇ ਜਿਸ ਦੀ ਬਦੌਲਤ ਅੱਜ ਪਟਿਆਲਾ ਵਿਖੇ ਅਤਿ ਆਧੁਨਿਕ ਮਸ਼ੀਨਾਂ ਅਤੇ ਹਾਈ ਐਕੁਰੇਸੀ ਜਾਂਚ ਮਸ਼ੀਨਾਂ ਨਾਲ ਲੈਸ ਇਹ ਸਿਹਤ ਕੇਂਦਰ ਖੋਲ੍ਹਿਆ ਗਿਆ ਹੈ। ਉਨ੍ਹਾਂ ਕਿਹਾ ਕਿ ਇਹ ਪੰਜਾਬ ਦਾ ਹੁਣ ਤੱਕ ਦਾ ਸਭ ਤੋਂ ਸਸਤਾ ਹੈਲਥ ਸੈਂਟਰ ਸਾਬਿਤ ਹੋਏਗਾ ਜਿਸ ਵਿਚ ਮਰੀਜ਼ਾਂ ਨੂੰ ਦਵਾਈਆਂ ਵੀ ਬਹੁਤ ਵਾਜਿਬ ਰੇਟਾਂ ਉਤੇ ਉਪਲਬਧ ਹੋਣਗੀਆਂ।

ਖਾਲਸਾ ਏਡ ਅਪ੍ਰੇਸ਼ਨ ਲੀਡ ਦਵਿੰਦਰਜੀਤ ਸਿੰਘ ਨੇ ਦੱਸਿਆ ਕਿ ਖਾਲਸਾ ਏਡ ਦੇ ਮੈਡੀਕਲ ਪ੍ਰੋਜੈਕਟ ਤਹਿਤ ਪਿਛਲੇ ਡੇਢ ਵਰ੍ਹੇ ਤੋਂ ਜ਼ਿਲ੍ਹਾ ਗੁਰਦਾਸਪੁਰ ਦੇ ਸ਼ਹਿਰ ਫਤਹਿਗੜ੍ਹ ਚੂੜੀਆਂ ਵਿਖੇ ਮਾਤਾ ਕੌਲਾਂ ਜੀ ਹਸਪਤਾਲ ਵਿਖੇ ਇਕ ਡਾਇਲਿਸਿਸ ਸੈਂਟਰ ਚਲਾਇਆ ਜਾ ਰਿਹਾ ਹੈ, ਜਿਥੇ ਮਹੀਨੇ ਵਿਚ 250 ਦੇ ਕਰੀਬ ਮਰੀਜ਼ ਬਹੁਤ ਹੀ ਸਸਤੇ ਰੇਟਾਂ ਅਤੇ ਲੋੜਵੰਦ ਪਰਿਵਾਰ ਬਿਲਕੁਲ ਮੁਫ਼ਤ ਡਾਇਲਿਸਿਸ ਦਾ ਲਾਭ ਲੈ ਰਹੇ ਹਨ। ਉਨ੍ਹਾਂ ਕਿਹਾ ਕਿ ਖਾਲਸਾ ਏਡ ਦਾ ਪਟਿਆਲਾ ਅੰਦਰ ਆਪਣਾ ਸਿਹਤ ਕੇਂਦਰ ਸਥਾਪਤ ਕਰਨ ਦੀ ਪਹਿਲਕਦਮੀ ਨੂੰ ਧਿਆਨ ਵਿਚ ਰੱਖਦੇ ਹੋਏ ਪੰਜਾਬ ਦੇ ਹੋਰਨਾਂ ਇਲਾਕਿਆਂ ਵਿਚ ਵੀ ਸਿਹਤ ਸਬੰਧੀ ਸਹੂਲਤਾਂ ਮੁਹੱਈਆ ਕਰਾਉਣ ਦਾ ਟੀਚਾ ਹੈ।

ਇਸ ਹੈਲਥ ਸੈਂਟਰ ਵਿਚ ਸਾਰੀਆਂ ਸੇਵਾਵਾਂ 1 ਸਤੰਬਰ 2024 ਤੋਂ ਸ਼ੁਰੂ ਕੀਤੀਆਂ ਜਾਣਗੀਆਂ। ਡਾ. ਅਮਰਵੀਰ ਸਿੰਘ ਅਤੇ ਡਾ. ਅਮਨਦੀਪ ਸਿੰਘ ਨੇ ਕਿਹਾ ਕਿ ਖਾਲਸਾ ਏਡ ਦੇ ਇਸ ਉਪਰਾਲੇ ਨਾਲ ਅਨੇਕਾਂ ਲੋੜਵੰਦ ਪਰਿਵਾਰਾਂ ਨੂੰ ਸਿਹਤ ਸਬੰਧੀ ਜਾਂਚ ਕਰਾਉਣ ਵਿਚ ਆਉਣ ਵਾਲੀਆਂ ਮੁਸ਼ਕਿਲਾਂ ਤੋਂ ਛੁਟਕਾਰਾ ਮਿਲੇਗਾ। ਉਨ੍ਹਾਂ ਦੀ ਸਮੁੱਚੀ ਟੀਮ, ਇਥੇ ਆਉਣ ਵਾਲੇ ਹਰ ਇਕ ਲੋੜਵੰਦ ਮਰੀਜ਼ ਦੀ ਸੇਵਾ ਲਈ ਤਿਆਰ ਬਰ ਤਿਆਰ ਹੈ।

ਇਸ ਮੌਕੇ ਖਾਲਸਾ ਏਡ ਪ੍ਰਬੰਧਕਾਂ ਵੱਲੋਂ ਇਸ ਹੈਲਥ ਸੈਂਟਰ ਦਾ ਸੰਪਰਕ ਨੰਬਰ 08069201313 ਅਤੇ ਈ.ਮੇਲ hc.patiala@khalsaaid.org ਵੀ ਜਾਰੀ ਕੀਤੀ ਗਈ।

# ਮਹਿੰਗਾਈ, ਬੇਰੁਜ਼ਗਾਰੀ, ਸੁਸਤ ਆਰਥਿਕਤਾ ਕਾਰਣ ਛੜੇ-ਛੜੀਆਂ ਦੀ ਗਿਣਤੀ ਵਧੀ, ਜਨਮ ਦਰ ਘਟੀ

ਦੁਨੀਆ ਭਰ ਦੇ ਕਈ ਦੇਸ਼ਾਂ ਵਿੱਚ ਵਿਆਹ ਕਰਵਾਉਣ ਵਾਲੇ ਜੋੜਿਆਂ ਦੀ ਗਿਣਤੀ ਵਿਚ ਲਗਾਤਾਰ ਕਮੀ ਆ ਰਹੀ ਹੈ। ਚੀਨ ਵਿਚ 2024 'ਚ ਵਿਆਹ ਕਰਵਾਉਣ ਵਾਲੇ ਨੌਜਵਾਨਾਂ ਦੀ ਗਿਣਤੀ ਪਿਛਲੇ 12 ਸਾਲਾਂ ਵਿਚ ਸਭ ਤੋਂ ਘੱਟ ਰਹੀ ਹੈ। ਇਸ ਕਾਰਨ ਚੀਨ ਵਿਚ ਜਨਮ ਦਰ ਘਟ ਰਹੀ ਹੈ, ਜਿਸ ਕਾਰਨ ਆਉਣ ਵਾਲੇ ਸਾਲਾਂ ਵਿਚ ਕੰਮਕਾਜੀ ਆਬਾਦੀ ਦੀ ਗਿਣਤੀ ਵਿੱਚ ਕਮੀ ਆ ਸਕਦੀ ਹੈ।

ਇਹ ਚੀਨ ਲਈ ਆਪਣੀ ਆਰਥਿਕਤਾ ਨੂੰ ਮਜ਼ਬੂਤ ਰੱਖਣ ਲਈ ਇੱਕ ਨਵੀਂ ਚੁਣੌਤੀ ਪੈਦਾ ਕਰ ਸਕਦਾ ਹੈ, ਜੋ ਪਹਿਲਾਂ ਹੀ ਆਪਣੀ ਬੁੱਢੀ ਆਬਾਦੀ ਤੋਂ ਪਰੇਸ਼ਾਨ ਹੈ।

ਚੀਨ ਦੇ ਅਧਿਕਾਰਤ ਅੰਕੜਿਆਂ ਮੁਤਾਬਕ ਇਸ ਸਾਲ ਦੀ ਪਹਿਲੀ ਛਿਮਾਹੀ 'ਚ ਵਿਆਹ ਕਰਵਾਉਣ ਵਾਲੇ ਚੀਨੀ ਜੋੜਿਆਂ ਦੀ ਗਿਣਤੀ 2013 ਤੋਂ ਬਾਅਦ ਸਭ ਤੋਂ ਹੇਠਲੇ ਪੱਧਰ 'ਤੇ ਆ ਗਈ ਹੈ। ਇਸ ਦਾ ਇੱਕ ਵੱਡਾ ਕਾਰਨ ਉੱਥੋਂ ਦੀ ਸੁਸਤ ਆਰਥਿਕਤਾ ਅਤੇ ਰਹਿਣ-ਸਹਿਣ ਦੀ ਵਧਦੀ ਲਾਗਤ ਹੈ। ਅਜਿਹੀ ਸਥਿਤੀ ਵਿਚ ਜ਼ਿਆਦਾਤਰ ਨੌਜਵਾਨ ਵਿਆਹ ਦੀਆਂ ਯੋਜਨਾਵਾਂ ਨੂੰ ਟਾਲ ਕਰ ਰਹੇ ਹਨ ਕਿਉਂਕਿ ਉਹ ਆਪਣੇ ਆਪ ਨੂੰ ਹੋਰ ਜ਼ਿੰਮੇਵਾਰੀਆਂ ਚੁੱਕਣ ਦੇ ਯੋਗ ਨਹੀਂ ਸਮਝਦੇ ਹਨ।

ਹੁਣ ਜੇਕਰ ਘੱਟ ਵਿਆਹ ਹੋਣਗੇ ਤਾਂ ਘੱਟ ਬੱਚੇ ਪੈਦਾ ਹੋਣਗੇ ਜਿਸ ਨਾਲ ਦੇਸ਼ ਵਿੱਚ ਜਨਮ ਦਰ ਘਟੇਗੀ। ਅਜਿਹੇ 'ਚ ਵਿਆਹ ਤੋਂ ਬਚਣ ਵਾਲੇ ਇਨ੍ਹਾਂ




ਨੌਜਵਾਨਾਂ ਅਤੇ ਘਟਦੀ ਜਨਮ ਦਰ ਨੇ ਚੀਨੀ ਸਰਕਾਰ ਅਤੇ ਨੀਤੀ ਨਿਰਮਾਤਾਵਾਂ ਦੀਆਂ ਚਿੰਤਾਵਾਂ ਵਧਾ ਦਿੱਤੀਆਂ ਹਨ। ਦਰਅਸਲ, ਉੱਥੇ ਦੀ ਸਰਕਾਰ ਆਬਾਦੀ ਨੂੰ ਵਧਾਉਣ ਲਈ ਕਈ ਪ੍ਰੋਗਰਾਮ ਚਲਾ ਰਹੀ ਹੈ। ਪਰ ਨੌਜਵਾਨਾਂ ਵਿਚ ਵਿਆਹ ਦਾ ਰੁਝਾਨ ਘਟਦਾ ਜਾ ਰਿਹਾ ਹੈ। ਚੀਨ ਵਿਚ ਵਿਆਹ ਰਜਿਸਟ੍ਰੇਸ਼ਨ ਦੇ ਅੰਕੜਿਆਂ ਮੁਤਾਬਕ ਇਸ ਸਾਲ ਦੀ ਪਹਿਲੀ ਛਿਮਾਹੀ ਵਿਚ ਕੁੱਲ 34 ਲੱਖ ਜੋੜਿਆਂ ਨੇ ਵਿਆਹ ਕਰਵਾਇਆ, ਜਦੋਂ ਕਿ 2023 ਦੇ ਪਹਿਲੇ ਛੇ ਮਹੀਨਿਆਂ ਵਿਚ ਲਗਭਗ 39 ਲੱਖ ਵਿਆਹ ਹੋਏ, ਯਾਨੀ ਜਨਵਰੀ-ਜੂਨ ਦਰਮਿਆਨ ਕਰੀਬ 5 ਲੱਖ ਘੱਟ ਵਿਆਹ ਹੋਏ।

ਇਹ ਸੰਕਟ ਚੀਨੀ ਸਰਕਾਰ ਦੇ ਜਨਮ ਦਰ ਨੂੰ ਵਧਾਉਣ ਦੇ ਇਰਾਦੇ ਨੂੰ ਵਿਗਾੜ ਰਿਹਾ ਹੈ। ਚੀਨ ਵਿਚ ਬੱਚੇ ਪੈਦਾ ਕਰਨ ਲਈ ਵਿਆਹ ਲਾਜ਼ਮੀ ਹੈ, ਜਿਸ 'ਚ ਮਾਤਾ-ਪਿਤਾ ਨੂੰ ਆਪਣੇ ਬੱਚੇ ਨੂੰ ਰਜਿਸਟਰ ਕਰਨ ਅਤੇ ਸਰਕਾਰੀ ਲਾਭ ਪ੍ਰਾਪਤ ਕਰਨ ਲਈ ਇੱਕ ਵਿਆਹ ਸਰਟੀਫਿਕੇਟ ਪ੍ਰਦਾਨ ਕਰਨ ਦੀ ਲੋੜ ਹੁੰਦੀ ਹੈ। ਪਰ ਦੁਨੀਆ ਦੀ ਦੂਜੀ ਸਭ ਤੋਂ ਵੱਡੀ ਅਰਥਵਿਵਸਥਾ ਚੀਨ ਵਿਚ ਹੌਲੀ ਵਿਕਾਸ ਕਾਰਨ ਨੌਕਰੀਆਂ ਘਟ ਰਹੀਆਂ ਹਨ ਅਤੇ ਨੌਜਵਾਨ ਆਪਣੇ ਭਵਿੱਖ ਨੂੰ ਲੈ ਕੇ ਚਿੰਤਤ ਹਨ।

ਅਜਿਹੀ ਸਥਿਤੀ ਵਿਚ ਬਹੁਤ ਸਾਰੇ ਚੀਨੀ ਨੌਜਵਾਨ ਇਕੱਲੇ ਰਹਿਣ ਜਾਂ ਦੇਰ ਨਾਲ ਵਿਆਹ ਕਰਨ ਦੀ ਚੋਣ ਕਰ ਰਹੇ ਹਨ। ਚੀਨ ਵਿਚ 2014 ਤੋਂ ਬਾਅਦ ਵਿਆਹਾਂ ਦੀ ਗਿਣਤੀ 'ਚ ਕਮੀ ਆ ਰਹੀ ਹੈ। ਕੋਵਿਡ ਮਹਾਮਾਰੀ ਦੀਆਂ ਪਾਬੰਦੀਆਂ ਵਿਚ ਢਿੱਲ ਦੇਣ ਤੋਂ ਬਾਅਦ 2023 'ਚ ਇਸ ਵਿਚ ਕੁਝ ਵਾਧਾ ਹੋਇਆ ਸੀ, ਜੋ ਹੁਣ ਫਿਰ ਤੋਂ ਘਟਣਾ ਸ਼ੁਰੂ ਹੋ ਗਿਆ ਹੈ।

ਚੀਨ ਵਿਚ ਮਾਹਿਰ ਭਵਿੱਖਬਾਣੀ ਕਰ ਰਹੇ ਹਨ ਕਿ ਇਸ ਸਾਲ ਵਿਆਹ ਦਰ 1980 ਤੋਂ ਬਾਅਦ ਸਭ ਤੋਂ ਘੱਟ ਹੋ ਸਕਦੀ ਹੈ। ਵਿਆਹ ਰਜਿਸਟ੍ਰੇਸ਼ਨਾਂ ਵਿਚ ਗਿਰਾਵਟ ਕਾਰਨ ਨੌਜਵਾਨਾਂ ਦੀ ਆਬਾਦੀ ਘਟ ਰਹੀ ਹੈ। ਇਸ ਦੇ ਨਾਲ ਹੀ ਵਿਆਹ ਯੋਗ ਆਬਾਦੀ ਵਿਚ ਔਰਤਾਂ ਦੇ ਮੁਕਾਬਲੇ ਮਰਦਾਂ ਦੀ ਵੱਧ ਗਿਣਤੀ ਅਤੇ ਵਿਆਹਾਂ ਦੇ ਵੱਧ ਖਰਚੇ ਵੀ ਵਿਆਹਾਂ ਦੀ ਦਰ ਨੂੰ ਘਟਾ ਰਹੇ ਹਨ। ਅਜਿਹੇ ਵਿਚ ਚੀਨ ਨੂੰ ਜਨਮ ਦਰ ਵਿਚ ਗਿਰਾਵਟ ਨੂੰ ਰੋਕਣ ਲਈ ਵੱਡੇ ਪੱਧਰ 'ਤੇ ਕਦਮ ਚੁੱਕਣ ਦੀ ਸਲਾਹ ਦਿੱਤੀ ਜਾ ਰਹੀ ਹੈ।

DHESI MEAT SHOP
SERVING THE COMMUNITY FOR OVER 16 YEARS.

FOR BEST & FRESH MEAT, VISIT US!
Tandoori Chicken, Lemon Chicken, Goat, Lamb & Pork Tandoori Fish, Shish-Kabab also Supply Fresh Cut Meat.
NOW SERVING IN 3 LOCATIONS
King George Blvd (Bear Creek) 106-13588-88 Avenue Surrey, BC V3W 3K8, 604-501-2277
Fleetwood Location : 104-15933 Fraser Hwy, Surrey, BC V4N 0Y3, 604-593-5222
Sullivan Heights : #102 - 14330 - 64 Ave Surrey, BC, 604-503-2880

SIDHU BROTHERS
ACCOUNTING SERVICE LTD.
- PAYROLL - PERSONAL INCOME TAX - CORPORATE INCOME TAX - GST/HST/WCB
We Also Provide Service to get Transport Authority (NSC#, DOT#, MC#, Single State Registration)
WE SPECIALIZED IN
ACCOUNTING FOR TRANSPORT COMPANIES

Jarnail Singh Sidhu
Cell : 604-808-1148
jsidhu61@gmail.com
TEL : 604-502-9988 FAX : 604-501-9900
Address : 12633-67B Ave. Surrey, BC V3W 1G2

# ਬਾਗੀ ਤੇ ਦਾਗੀ ਅਕਾਲੀ ਆਗੂ ਅਨੰਦਪੁਰ ਸਾਹਿਬ ਦੇ ਮਤੇ ਤੋਂ ਭਗੌੜੇ ਕਿਉਂ ਹਨ?

## ਕੀ ਅਕਾਲ ਤਖਤ ਤੋਂ ਅਕਾਲੀ ਲੀਡਰਾਂ ਦੀ ਜੁਆਬਦੇਹੀ ਹੋਵੇਗੀ?

ਕੋਈ ਵੀ ਅਕਾਲੀ ਆਗੂ ਚਾਹੇ ਬਾਗੀ ਹਨ ਚਾਹੇ ਦਾਗੀ ਹਨ ,ਸਭ ਨੇ ਅਨੰਦਪੁਰ ਮਤੇ ਨੂੰ ਬੇਦਾਵਾ ਦਿਤਾ ਹੋਇਆ ਹੈ।ਅਧੀ ਕੌਮ ਮੋਰਚਿਆਂ ਵਿਚ ਤਬਾਹ ਕਰਕੇ ਲਹੂ ਲੂਹਾਨ ਕਰਕੇ ਸਿਖ ਪੰਥ ਨੂੰ ਨਿਤਾਣਾ ਕਰਨ ਤੇ ਗੁਲਾਮ ਬਣਾਉਣ ਦੀ ਕੋਸ਼ਿਸ਼ ਕੀਤੀ ਕਿ ਜਿਵੇਂ ਅਸੀਂ ਕਹਿੰਦੇ ਹਾਂ ਸਾਡੀ ਖੇਡ ਖੇਡੀ ਜਾਵੇ। ਮਤਲਬ ਕਿ ਅਸੀਂ ਬਾਕੀ ਪਾਰਟੀਆਂ ਵਰਗੇ ਹੀ ਹਾਂ।ਸੱਤਾ ਦੀ ਭੁਖ ,ਅਨੰਦਪੁਰ ਮਤੇ ਦਾ ਤਿਆਗ ਅਕਾਲੀ ਲੀਡਰਸ਼ਿਪ ਦੇ ਧੋਖਿਆਂ ਦੀ ਕਹਾਣੀ ਹੈ।ਇਸੇ ਕਰਕੇ ਅਨੰਦਪੁਰ ਮਤੇ ਨੂੰ ਵਿਸਾਰਨ ਵਾਲੇ ਸੰਤ ਹਰਚੰਦ ਸਿੰਘ ਲੌਂਗੋਵਾਲ ਇਨ੍ਹਾਂ ਸਤਾ ਲਾਲਸਾ ਰਖਣ ਵਾਲਿਆਂ ਦੇ ਮਹਾਗੁਰੂ ਸਨ ਤੇ ਇਸੇ ਕਰਕੇ ਅਕਾਲੀ ਲੀਡਰਸ਼ਿਪ ਲੌਂਗੋਵਾਲ ਦੀਆਂ ਬਰਸੀਆਂ ਮਨਾਉਂਦੇ ਹਨ ਜਿਸ ਨੇ ਸਿਖ ਪੰਥ ਤੇ ਪੰਜਾਬ ਦੇ ਹੱਕਾਂ ਨਾਲ ਧੋਖਾ ਕੀਤਾ।

**ਕੀ ਸੀ ਅਨੰਦਪੁਰ ਦਾ ਮਤਾ**

ਭਾਰਤ ਵਿੱਚ ਜੇ ਕਿਸੇ ਖੇਤਰੀ ਏਜੰਡੇ ਨੇ ਕਦੇ ਕੌਮੀ ਸਿਆਸਤ ਦਾ ਰੁਖ਼ ਤੈਅ ਕੀਤਾ ਹੈ, ਤਾਂ ਉਹ ਸ਼੍ਰੋਮਣੀ ਅਕਾਲੀ ਦਲ ਨਾਲ ਸਬੰਧਤ 'ਅਨੰਦਪੁਰ ਸਾਹਿਬ ਦਾ ਮਤਾ' ਹੈ।

ਮਤੇ ਵਿੱਚ ਲਿਖਿਆ ਗਿਆ ਹੈ, "ਸ਼੍ਰੋਮਣੀ ਅਕਾਲੀ ਦਲ ਦਾ ਰਾਜਸੀ ਨਿਸ਼ਾਨਾ, ਨਿਸ਼ਚਿਤ ਤੌਰ 'ਤੇ ਸਾਹਿਬ ਦਸਮ ਪਾਤਸ਼ਾਹ ਦੇ ਆਦੇਸ਼ਾਂ, ਸਿੱਖ ਇਤਿਹਾਸ ਦੇ ਪੰਨਿਆਂ ਅਤੇ ਖ਼ਾਲਸਾ ਪੰਥ ਦੇ 'ਮਨ-ਮੰਦਰ' ਵਿੱਚ ਉਕਰਿਆ ਚੱਲਿਆ ਆ ਰਿਹਾ ਹੈ, ਜਿਸ ਦਾ ਮਨੋਰਥ 'ਖਾਲਸਾ ਜੀ ਦੇ ਬੋਲ-ਬਾਲੇ' ਹੈ।"

ਇਸ ਮਤੇ ਵਿਚ ਅੱਗੇ ਲਿਖਿਆ ਗਿਆ ਹੈ, "ਖਾਲਸਾ ਜੀ ਦੇ ਇਸ ਜਨਮ ਸਿੱਧ ਅਧਿਕਾਰ ਨੂੰ ਦ੍ਰਿਸ਼ਟਮਾਨ ਕਰਨ ਲਈ ਲੋੜੀਂਦੇ ਦੇਸ-ਕਾਲ ਅਤੇ ਰਾਜਸੀ ਵਿਧਾਨ ਦੀ ਸਿਰਜਨਾ-ਪ੍ਰਾਪਤੀ, ਸ਼ੋਮਣੀ ਅਕਾਲੀ ਦਲ ਦੇ ਬੁਨਿਆਦੀ ਢਾਂਚੇ ਦੀ ਨੀਂਹ ਹੈ।"

ਇਹੀ ਰਾਜਸੀ ਨਿਸ਼ਾਨਾ ਯਾਨੀ ਸਿਆਸੀ ਉਦੇਸ਼ ਫੈਡਰਲਿਜ਼ਮ ਸੀ।

ਇਹ ਮਤਾ ਅਖੀਰ ਰਾਜੀਵ-ਲੌਂਗੋਵਾਲ ਸਮਝੌਤੇ ਅਧੀਨ ਸਰਕਾਰੀਆ ਕਮਿਸ਼ਨ ਕੋਲ ਭੇਜ ਦਿੱਤਾ ਗਿਆ ਅਤੇ ਫਿਰ ਸੂਬੇ ਵਿੱਚ ਅਕਾਲੀ ਸਿਆਸਤ




ਤੋਂ ਦੂਰ ਹੋ ਗਿਆ।ਆਨੰਦਪੁਰ ਮਤੇ ਦਾ ਤਿਆਗ ਅਕਾਲੀ ਆਗੂਆਂ ਦੀ ਸਿਆਸੀ ਮੌਤ ਸੀ।

ਇਸ ਮਤੇ ਦਾ ਨਿਸ਼ਾਨਾ ਸੀ ਕੰਗਾਲੀ ਭੁੱਖ ਨੰਗ ਤੇ ਥੁੜ੍ਹ ਨੂੰ ਦੂਰ ਕਰਨਾ, ਨਿਆਂਕਾਰ ਤੇ ਚੰਗੇ ਨਿਜ਼ਾਮ ਨੂੰ ਕਾਇਮ ਕਰਨ ਲਈ ਦੌਲਤ ਤੇ ਉਪਜ ਨੂੰ ਵਧਾਉਣਾ ਤੇ ਮੌਜੂਦਾ ਕਾਣੀ ਵੰਡ ਤੇ ਲੁੱਟ-ਖਸੁੱਟ ਨੂੰ ਦੂਰ ਕਰਨਾ । ਗੁਰਮਤਿ ਆਸ਼ੇ ਅਨੁਸਾਰ ਅਨਪੜ੍ਹਤਾ, ਛੂਤ-ਛਾਤ ਤੇ ਜ਼ਾਤ-ਪਾਤ ਦੇ ਵਿਤਕਰੇ ਨੂੰ ਹਟਾਉਣਾ ।

ਮੰਦੀ ਸਿਹਤ ਤੇ ਬੀਮਾਰੀ ਨੂੰ ਦੂਰ ਕਰਨ ਦੇ ਉਪਾਓ, ਨਸ਼ਿਆਂ ਦੀ ਨਿਖੇਧੀ ਅਤੇ ਬੰਦਸ਼ ਤੇ ਸਰੀਰਕ ਅਰੋਗਤਾ ਦਾ ਵਾਧਾ, ਜਿਸ ਨਾਲ ਕੌਮ ਵਿੱਚ ਉਤਸ਼ਾਹ ਜਾਗੇ ਤੇ ਉਹ ਕੌਮੀ ਬਚਾਉ ਲਈ ਤਿਆਰ ਹੋ ਸੱਕੇ ।

ਇਹ ਮਨੋਰਥ ਸਪਸ਼ਟ ਕਰਦਾ ਹੈ ਕਿ ਅਨੰਦਪੁਰ ਸਾਹਿਬ ਦੇ ਮਤੇ ਦਾ ਰਾਜਨੀਤਕ ਮੰਤਵ ਖ਼ਾਲਸੇ ਦੇ ਬੋਲ ਬਾਲੇ, ਲੋੜੀਂਦਾ ਦੇਸ ਕਾਲ ਅਤੇ ਰਾਜਸੀ ਵਿਧਾਨ ਦੀ ਸਿਰਜਣਾ ਸੀ ।

ਸੁਆਲ ਇਹ ਹੈ ਕਿਉਂ ਭਗੌੜੀ ਹੈ ਅਕਾਲੀ ਲੀਡਰਸ਼ਿਪ ਪੰਥਕ ਨਿਸ਼ਾਨੇ ਤੋਂ ।ਸਿਧਾ ਤੇ ਸਾਦਾ ਜੁਆਬ ਹੈ ਕਿ ਇਨ੍ਹਾਂ ਦਾ ਨਿਸ਼ਾਨਾ ਸਤਾ ਹਾਸਿਲ ਕਰਨਾ ਹੈ।ਇਹ ਅਜੋਕੇ ਧਨਾਢ ਜਾਗੀਰਦਾਰ ਸਤਾ ਦੀ ਲਾਲਸਾ ਰਖਣ ਵਾਲੇ ਅਕਾਲੀ ਆਗੂਆਂ ਨੂੰ ਅਨੰਦਪੁਰ ਦਾ ਮਤਾ ਤੇ ਪੰਜਾਬ ਕਾਜ ਦੇ ਲਈ ਸੰਘਰਸ਼ ਪਸੰਦ ਨਹੀਂ ਹੈ।ਉਹ ਇਹ ਆਖਦੇ ਹਨ ਇਹ ਪੁਰਾਣੀਆਂ ਗਲਾਂ ਹਨ।ਇਹ ਅਕਾਲੀ ਆਗੂ ਆਖਦੇ ਹਨ 1920 ਵਾਲੀ ਅਕਾਲੀ ਵਿਰਾਸਤ ਨਹੀਂ ਚਲਣੀ,ਕਿਉਂ ਕਿ ਉਸ ਸਮੇਂ ਦਾ ਸਿਖ ਕਿਰਦਾਰ ਹੁਣ ਨਹੀਂ ਹੈ।

ਕੀ ਪੰਥ ਦੇ ਨਿਸ਼ਾਨੇ ਤੋਂ ਭਗੌੜੇ ਹੋਣ ਵਾਲੇ ਅਕਾਲੀ ਆਗੂਆਂ ਨੂੰ ਸਿਖ ਪੰਥ ਮਨਜੂਰ ਕਰੇਗਾ।ਕੀ ਜਥੇਦਾਰ ਅਕਾਲ ਤਖਤ ਪੰਥਕ ਵਿਰਾਸਤ ਦੀ ਰਖਿਆ ਲਈ ਤੇ ਪੰਥਕ ਨਿਸ਼ਾਨਾ ਬਚਾਉਣ ਲਈ ਉਪਰਾਲਾ ਕਰਨਗੇ।ਦੋਸ਼ੀ ਲੀਡਰਸ਼ਿਪ ਨੂੰ ਕਟਿਹਰੇ ਵਿਚ ਖੜਾ ਕਰਨਗੇ।

# ਪੰਜਾਬ ਦੇ ਕੋਚਿੰਗ ਸੈਂਟਰਾਂ ਦਾ ਸੱਚ

ਲੇਖਕ : ਡਾ. ਵਰਿੰਦਰ ਭਾਟੀਆ
ਸੰਪਰਕ: 95306-59393




ਦਿੱਲੀ ਦੇ ਇੱਕ ਆਈਏਐੱਸ ਕੋਚਿੰਗ ਸੈਂਟਰ ਵਿੱਚ ਪਾਣੀ ਭਰਨ ਕਾਰਨ ਤਿੰਨ ਵਿਦਿਆਰਥੀਆਂ ਦੀ ਦਰਦਨਾਕ ਮੌਤ ਨੇ ਕੋਚਿੰਗ ਸੈਂਟਰਾਂ ਦੀ ਕਾਰਜਸ਼ੈਲੀ ਉੱਤੇ ਇੱਕ ਵਾਰ ਫਿਰ ਵੱਡਾ ਸਵਾਲ ਖੜ੍ਹਾ ਕਰ ਦਿੱਤਾ। ਦੇਸ਼ ਭਰ ਤੋਂ ਵਿਦਿਆਰਥੀ ਆਪਣਾ ਭਵਿੱਖ ਬਣਾਉਣ ਦੀ ਲਾਲਸਾ ਨਾਲ ਕੋਚਿੰਗ ਸੈਂਟਰਾਂ 'ਚ ਆਉਂਦੇ ਹਨ, ਮੋਟੀਆਂ ਫੀਸਾਂ ਭਰਦੇ ਹਨ ਪਰ ਸਹੂਲਤਾਂ ਦੇ ਨਾਂ 'ਤੇ ਉਨ੍ਹਾਂ ਨੂੰ ਸਿਰਫ ਹਾਦਸਿਆਂ ਅਤੇ ਮੌਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ।

ਦਿੱਲੀ ਨੂੰ ਸਿਵਿਲ ਸੇਵਾਵਾਂ ਦੀ ਤਿਆਰੀ ਦਾ ਕੇਂਦਰ ਮੰਨਿਆ ਜਾਂਦਾ ਹੈ। ਜ਼ਿਆਦਾਤਰ ਕੋਚਿੰਗ ਸੈਂਟਰ ਕਿਰਾਏ ਦੇ ਮਕਾਨਾਂ ਵਿੱਚ ਚੱਲ ਰਹੇ ਹਨ ਜਿਨ੍ਹਾਂ ਵਿੱਚ ਕੋਈ ਵੀ ਲੋੜੀਂਦੀ ਸਹੂਲਤ ਨਹੀਂ ਹੈ। ਰਾਜਧਾਨੀ ਦੇ ਪੁਰਾਣੇ ਰਾਜੇਂਦਰ ਨਗਰ 'ਚ ਜਿਸ ਕੋਚਿੰਗ ਸੈਂਟਰ ਵਿੱਚ ਹਾਦਸਾ ਹੋਇਆ ਹੈ, ਉਹ ਵੀ ਕਿਰਾਏ 'ਤੇ ਸੀ। ਬੇਸਮੈਂਟ ਹਮੇਸ਼ਾ ਬਰਸਾਤੀ ਪਾਣੀ ਨਾਲ ਭਰੀ ਰਹਿੰਦੀ ਸੀ ਜਿਸ ਨੂੰ ਕੇਂਦਰ ਦੇ ਲੋਕਾਂ ਨੇ ਕਦੇ ਵੀ ਗੰਭੀਰਤਾ ਨਾਲ ਨਹੀਂ ਲਿਆ। ਆਂਢ-ਗੁਆਂਢ ਵਾਲੇ ਅਤੇ ਚਸ਼ਮਦੀਦ ਦੱਸਦੇ ਹਨ ਕਿ ਕੇਂਦਰ ਵਿੱਚ ਪਾਣੀ ਜਮ੍ਹਾਂ ਹੋਣ ਦੀ ਸਮੱਸਿਆ ਪੁਰਾਣੀ ਹੈ। ਪਾਣੀ ਦੀ ਨਿਕਾਸੀ ਦਾ ਸਹੀ ਪ੍ਰਬੰਧ ਨਹੀਂ ਅਤੇ ਸਫ਼ਾਈ ਵੀ ਬਾਕਾਇਦਾ ਨਹੀਂ ਕੀਤੀ ਜਾਂਦੀ। ਵਿਦਿਆਰਥੀਆਂ ਦੇ ਰਹਿਣ-ਸਹਿਣ ਦਾ ਪ੍ਰਬੰਧ ਵੀ ਠੀਕ ਨਹੀਂ ਸੀ। ਕਈ ਥਾਵਾਂ 'ਤੇ ਬਿਜਲੀ ਦੀਆਂ ਤਾਰਾਂ ਡਿੱਗੀਆਂ ਹੋਈਆਂ ਹਨ ਜਿਸ ਕਾਰਨ ਕਿਸੇ ਨੂੰ ਵੀ ਕਰੰਟ ਲੱਗ ਸਕਦਾ ਸੀ।

ਦਿੱਲੀ ਵਿੱਚ ਹੀ ਨਹੀਂ, ਦੇਸ਼ ਭਰ ਦੇ ਛੋਟੇ-ਛੋਟੇ ਕਸਬਿਆਂ ਵਿੱਚ ਅਣਗਿਣਤ ਕੋਚਿੰਗ ਸੈਂਟਰ ਪਰ ਕੋਚਿੰਗ ਲੈਣ ਵਾਲਿਆਂ ਨੂੰ ਉਹ ਸਹੂਲਤਾਂ ਨਹੀਂ ਮਿਲਦੀਆਂ ਜਿਹੜੀਆਂ ਬੱਚਿਆਂ ਨੂੰ ਸਿੱਖਿਆ ਅਤੇ ਸੁਰੱਖਿਆ ਤੋਂ ਇਲਾਵਾ ਦੇਣੀਆਂ ਚਾਹੀਦੀਆਂ ਹਨ। ਕੁਝ ਕੋਚਿੰਗ ਸੈਂਟਰਾਂ ਦੇ ਮਾਲਕ ਸਿੱਖਿਆ ਦੇ ਨਾਂ 'ਤੇ ਕਾਰੋਬਾਰ ਕਰਦੇ ਹਨ। ਇਨ੍ਹਾਂ ਦੇ ਤਾਕਤਵਰ ਲੋਕਾਂ ਨਾਲ ਸਬੰਧ ਹਨ। ਕੋਚਿੰਗ ਸੈਂਟਰਾਂ ਵਿੱਚ ਹਾਦਸਿਆਂ ਦੀ ਸੱਚਾਈ ਇਹ ਹੈ ਕਿ ਜ਼ਿਆਦਾਤਰ ਸੈਂਟਰ ਬੇਸਮੈਂਟਾਂ ਵਿੱਚ ਹਨ ਅਤੇ ਲਾਇਬ੍ਰੇਰੀਆਂ ਵੀ ਇਨ੍ਹਾਂ ਵਿੱਚ ਹਨ। ਇਹ ਸਿਆਸੀ ਨੇਤਾਵਾਂ, ਐੱਮਸੀਡੀ ਅਧਿਕਾਰੀਆਂ ਅਤੇ ਜ਼ਮੀਨ ਮਾਲਕਾਂ ਦੇ ਗਠਜੋੜ ਕਾਰਨ ਸੰਭਵ ਹੋਇਆ ਹੈ।

ਦਿੱਲੀ ਦੇ ਲਗਭਗ 90 ਫੀਸਦੀ ਕੋਚਿੰਗ ਸੈਂਟਰਾਂ ਦੀਆਂ ਲਾਇਬ੍ਰੇਰੀਆਂ ਬੇਸਮੈਂਟ ਵਿੱਚ ਹਨ। ਇਸ ਤੋਂ ਇਲਾਵਾ ਇਨ੍ਹਾਂ ਕੋਚਿੰਗ ਸੈਂਟਰਾਂ ਵਿੱਚ ਪੜ੍ਹਦੇ ਵਿਦਿਆਰਥੀ ਛੋਟੇ-ਛੋਟੇ ਕਮਰਿਆਂ ਵਿੱਚ ਰਹਿੰਦੇ ਹਨ ਜਿਨ੍ਹਾਂ ਵਿੱਚ ਨਾ ਤਾਂ ਖਿੜਕੀਆਂ ਹਨ ਅਤੇ ਨਾ ਹੀ ਕਿਸੇ ਵੀ ਘਟਨਾ ਦੀ ਹਾਲਤ ਵਿੱਚ ਬਚਣ ਲਈ ਕੋਈ ਐਮਰਜੈਂਸੀ ਸਹੂਲਤ ਹੈ। ਦਿੱਲੀ ਦੇ ਕੋਚਿੰਗ ਸੈਂਟਰਾਂ ਕੋਲ ਢੁਕਵਾਂ ਬੁਨਿਆਦੀ ਢਾਂਚਾ ਹੀ ਨਹੀਂ ਹੈ, ਸੜਕਾਂ 'ਤੇ ਕਬਜ਼ੇ ਹੋ ਗਏ ਹਨ। ਕੰਧਾਂ ਹੋਰਡਿੰਗਾਂ ਨਾਲ ਢੱਕੀਆਂ ਪਈਆਂ ਹਨ। ਕੀ ਇਹ ਸਭ ਅਧਿਕਾਰੀਆਂ ਨੂੰ ਨਜ਼ਰ ਨਹੀਂ ਆ ਰਿਹਾ? ਕੁੱਲ ਮਿਲਾ ਕੇ ਅਜਿਹੇ ਹਾਦਸੇ ਸਿਆਸੀ ਪਹੁੰਚ, ਐੱਮਸੀਡੀ ਅਤੇ ਕੋਚਿੰਗ ਸੰਸਥਾਵਾਂ ਦੇ ਮਾਲਕਾਂ ਵਿਚਾਲੇ ਗਠਜੋੜ ਦਾ ਨਤੀਜਾ ਹਨ। ਘਟਨਾ ਤੋਂ ਬਾਅਦ ਕਈ ਕੋਚਿੰਗ ਸੈਂਟਰਾਂ ਨੂੰ ਸੀਲ ਕਰ ਦਿੱਤਾ ਗਿਆ ਅਤੇ ਜਾਂਚ ਦੇ ਨਾਂ 'ਤੇ ਸ਼ਿਕੰਜਾ ਕੱਸ ਦਿੱਤਾ ਗਿਆ ਪਰ ਇਹ ਉਦੋਂ ਤੱਕ ਹੈ ਜਦੋਂ ਤੱਕ ਘਟਨਾ ਦਾ ਰੌਲਾ ਰਹੇਗਾ। ਜਿਵੇਂ ਹੀ ਇਹ ਰੌਲਾ ਸ਼ਾਂਤ ਹੋਵੇਗਾ, ਕੋਚਿੰਗ ਵਾਲੇ ਫਿਰ ਤੋਂ ਸਰਗਰਮ ਹੋ ਜਾਣਗੇ।

ਕੋਚਿੰਗ ਸੰਸਥਾਵਾਂ ਦਾ ਵਧ ਰਿਹਾ ਜਾਲ ਸਿੱਖਿਆ ਦੀ ਗੁਣਵੱਤਾ ਨੂੰ ਪ੍ਰਭਾਵਿਤ ਕਰ ਰਿਹਾ ਹੈ। ਇਹ ਕੋਚਿੰਗ ਸੰਸਥਾਵਾਂ ਬੱਚਿਆਂ ਨੂੰ ਮੁਕਾਬਲੇ ਦੀ ਪ੍ਰੀਖਿਆ ਪਾਸ ਕਰਨ ਵਿੱਚ ਕਾਮਯਾਬ ਤਾਂ ਹੋ ਰਹੀਆਂ ਹਨ ਪਰ ਇਸ ਦਾ ਦੂਰਗਾਮੀ ਪ੍ਰਭਾਵ ਇਹ ਹੈ ਕਿ ਬੱਚਿਆਂ ਨੂੰ ਇਸ ਵਿਸ਼ੇ ਦਾ ਪੂਰਾ ਗਿਆਨ ਨਹੀਂ ਮਿਲ ਰਿਹਾ ਜਿਸ ਕਾਰਨ ਬੱਚਿਆਂ ਨੂੰ ਸਹੀ ਗਿਆਨ ਹਾਸਲ ਨਹੀਂ ਹੁੰਦਾ। ਕੋਚਿੰਗ ਦੇ ਰੂਪ ਵਿੱਚ ਸਮਾਨਾਂਤਰ ਸਿੱਖਿਆ ਪ੍ਰਣਾਲੀ ਦੇਸ਼ ਵਿੱਚ ਉੱਚ ਸੈਕੰਡਰੀ ਸਿੱਖਿਆ ਪੱਧਰ ਤੱਕ ਤਕੜੀ ਹੋ ਗਈ ਹੈ। ਸਮਾਜ ਦੇ ਜ਼ਿਆਦਾਤਰ ਲੋਕਾਂ ਨੇ ਇਹ ਕਿਉਂ ਸਵੀਕਾਰ ਕਰ ਲਿਆ ਹੈ ਕਿ ਕਿਸੇ ਵੀ ਬੱਚੇ ਨੂੰ ਮਿਆਰੀ ਸਿੱਖਿਆ ਦੇਣ ਲਈ ਕੋਚਿੰਗ ਸੈਂਟਰਾਂ ਰਾਹੀਂ ਪੜ੍ਹਾਉਣਾ ਜ਼ਰੂਰੀ ਹੈ।

ਵਿਦਿਆਰਥੀਆਂ ਦੀਆਂ ਸਾਰੀਆਂ ਵਿਦਿਅਕ ਲੋੜਾਂ ਉਨ੍ਹਾਂ ਸੰਸਥਾਵਾਂ ਰਾਹੀਂ ਪੂਰੀਆਂ ਹੋਣੀਆਂ ਚਾਹੀਦੀਆਂ ਹਨ ਜਿੱਥੇ ਉਹ ਪੜ੍ਹਦੇ ਹਨ। ਅਜਿਹੀ ਹਾਲਤ ਵਿੱਚ ਕੋਚਿੰਗ ਰਾਹੀਂ ਵਿਦਿਅਕ ਲੋੜਾਂ ਪੂਰੀਆਂ ਕਰਨ ਦੇ ਅਮਲ ਨੂੰ ਗੰਭੀਰਤਾ ਨਾਲ ਵਿਚਾਰਨਾ ਚਾਹੀਦਾ ਹੈ। ਵਰਤਮਾਨ ਵਿੱਚ ਕੋਚਿੰਗ ਦੇ ਰੂਪ ਵਿੱਚ ਬਦਲਾਓ ਆਇਆ ਹੈ ਅਤੇ ਇਸ ਦੇ ਪੁਰਾਣੇ ਅਸੰਗਠਿਤ ਰੂਪ ਨਾਲ ਹੁਣ ਸੰਗਠਿਤ ਖੇਤਰ ਵਿੱਚ ਵੱਡੇ ਕੋਚਿੰਗ ਸੈਂਟਰਾਂ ਅਤੇ ਆਨਲਾਈਨ ਕੋਚਿੰਗ ਦਾ ਰੁਝਾਨ ਹੈ। ਇਉਂ ਕੋਚਿੰਗ ਪ੍ਰਬੰਧ ਹੁਣ ਵਿਦਿਅਕ ਸੰਸਥਾਵਾਂ ਦੇ ਸਮਾਨਾਂਤਰ ਰਸਮੀ ਸਿੱਖਿਆ ਦੇ ਲਗਭਗ ਹਰ ਪੱਧਰ ਲਈ ਉਪਲਬਧ ਹਨ। ਅਜਿਹੀਆਂ ਸਮਾਨਾਂਤਰ ਸਿੱਖਿਆ ਪ੍ਰਣਾਲੀਆਂ ਨੇ ਬੇਸ਼ੱਕ ਹਰ ਪੱਧਰ 'ਤੇ ਵਿੱਦਿਅਕ ਅਦਾਰਿਆਂ ਵਿੱਚ ਪੜ੍ਹ ਰਹੇ ਵਿਦਿਆਰਥੀਆਂ ਨੂੰ ਪੜ੍ਹਾਈ ਵਿੱਚ ਆ ਰਹੀਆਂ ਮੁਸ਼ਕਿਲਾਂ ਦੂਰ ਕਰ ਕੇ ਚੰਗੀ ਸਿੱਖਿਆ ਪ੍ਰਾਪਤ ਕਰਨ ਦੇ ਮੌਕੇ ਦਿੱਤੇ ਹਨ ਪਰ ਤਕੜੀ ਹੋ ਰਹੀ ਇਸ ਨਵੀਂ ਪ੍ਰਣਾਲੀ ਦੇ ਵੱਖ-ਵੱਖ ਪਹਿਲੂਆਂ ਦਾ ਮੁਲਾਂਕਣ ਕਰਨ ਦੀ ਲੋੜ ਹੈ।

ਦੇਸ਼ ਦੀ ਸਿੱਖਿਆ ਪ੍ਰਣਾਲੀ ਵਿੱਚ ਕਿਹੜੀ ਕਮੀ ਹੈ ਕਿ ਵਿਦਿਆਰਥੀਆਂ ਨੂੰ ਵਾਧੂ ਕੋਚਿੰਗ ਲੈਣੀ ਪੈਂਦੀ ਹੈ? ਸਕੂਲ ਅਤੇ ਕਾਲਜ ਦਾ ਪਾਠਕ੍ਰਮ ਅਜਿਹਾ ਕਿਉਂ ਨਹੀਂ ਬਣਾਇਆ ਗਿਆ ਕਿ ਕੋਈ ਵੀ ਵਿਦਿਆਰਥੀ ਜੋ ਸਿਵਿਲ ਸੇਵਾਵਾਂ ਜਾਂ ਕਿਸੇ ਹੋਰ ਵਿਸ਼ੇਸ਼ ਸੇਵਾ ਵਿੱਚ ਸ਼ਾਮਲ ਹੋਣਾ ਚਾਹੁੰਦਾ ਹੈ, ਉਹ ਸਿੱਖਿਆ ਆਪਣੇ ਹੀ ਕਾਲਜ ਵਿੱਚ ਪ੍ਰਾਪਤ ਕਰੇ? ਜੇ ਵਾਧੂ ਕੋਚਿੰਗ ਜ਼ਰੂਰੀ ਹੈ ਤਾਂ ਵੀ ਮੌਜੂਦਾ ਸਕੂਲਾਂ ਅਤੇ ਕਾਲਜਾਂ ਵਿੱਚ ਸਾਰੇ ਕੋਚਿੰਗ ਸੈਂਟਰ ਕਿਉਂ ਨਹੀਂ ਚਲਾਏ ਜਾ ਰਹੇ? ਜੇ ਅਜਿਹਾ ਕੀਤਾ ਜਾਂਦਾ ਹੈ ਤਾਂ ਕੋਚਿੰਗ ਸੈਂਟਰ ਚਲਾਉਣ ਵਾਲਿਆਂ ਨੂੰ ਵੀ ਸੰਗਠਿਤ ਜਗ੍ਹਾ ਮਿਲੇਗੀ ਅਤੇ ਵਿਦਿਆਰਥੀਆਂ ਨੂੰ ਖੁੱਲ੍ਹੇ ਮਾਹੌਲ ਵਿੱਚ ਪੜ੍ਹਾਈ ਕਰਨ ਦਾ ਮੌਕਾ ਵੀ ਮਿਲੇਗਾ।

ਜੇ ਅਜਿਹੇ ਹਾਦਸੇ ਰੋਕਣੇ ਹਨ ਤਾਂ ਦੇਸ਼ ਵਿੱਚ ਅਜਿਹੇ ਨਿਯਮ ਬਣਾਉਣ ਦੀ ਲੋੜ ਹੈ ਜਿੱਥੇ ਕੋਚਿੰਗ ਸੈਂਟਰ ਨਿਯਮਾਂ ਅਨੁਸਾਰ ਹੀ ਚਲਾਏ ਜਾ ਸਕਦੇ ਹਨ, ਆਪਣੀ ਮਰਜ਼ੀ ਅਨੁਸਾਰ ਨਹੀਂ। ਜਿਸ ਤਰ੍ਹਾਂ ਜਦੋਂ ਕੋਈ ਵੱਡਾ ਹਸਪਤਾਲ, ਹੋਟਲ ਜਾਂ ਮਾਲ ਖੁੱਲ੍ਹਦਾ ਹੈ ਤਾਂ ਸਾਰੇ ਵਿਭਾਗਾਂ ਤੋਂ ਇਜਾਜ਼ਤ ਲੈਣੀ ਲਾਜ਼ਮੀ ਹੁੰਦੀ ਹੈ, ਇਸੇ ਤਰ੍ਹਾਂ ਜੇ ਸਰਕਾਰ ਚਾਹੇ ਤਾਂ ਕੋਚਿੰਗ ਸੈਂਟਰਾਂ ਦੀ ਪ੍ਰਣਾਲੀ ਨੂੰ ਕੰਟਰੋਲ ਕਰ ਸਕਦੀ ਹੈ। ਅਜਿਹੇ ਹਾਲਾਤ ਵਿੱਚ ਜੇਕਰ ਕੋਚਿੰਗ ਸੈਂਟਰ ਅਤੇ ਸਬੰਧਿਤ ਏਜੰਸੀਆਂ ਆਪਣੀ ਡਿਊਟੀ ਪਾਰਦਰਸ਼ੀ ਢੰਗ ਨਾਲ ਨਿਭਾਉਣ ਤਾਂ ਅਜਿਹੇ ਹਾਦਸਿਆਂ ਨੂੰ ਕਾਫੀ ਹੱਦ ਤੱਕ ਰੋਕਿਆ ਜਾ ਸਕਦਾ ਹੈ।

ਜੋ ਵੀ ਤੁਸੀਂ ਦੇਖਦੇ ਹੋ, ਉਹ ਕੋਚਿੰਗ ਸੈਂਟਰ ਦੇ ਸੰਚਾਲਕਾਂ ਵੱਲ ਉਂਗਲ ਉਠਾ ਰਿਹਾ ਹੈ। ਅਜਿਹੇ ਹਾਦਸਿਆਂ ਵਿੱਚ ਸਿਰਫ਼ ਉਨ੍ਹਾਂ ਦਾ ਹੀ ਕਸੂਰ ਨਹੀਂ। ਸਭ ਜਾਣਦੇ ਹਨ ਕਿ ਹਰ ਕੋਚਿੰਗ ਸੈਂਟਰ ਨਾਲ ਸੰਗਠਿਤ ਖੇਤਰ ਜੁੜਿਆ ਹੋਇਆ ਹੈ; ਚਾਹੇ ਉਹ ਹੋਸਟਲ ਦਾ ਪ੍ਰਬੰਧ ਹੋਵੇ, ਖਾਣ-ਪੀਣ ਦਾ ਪ੍ਰਬੰਧ ਹੋਵੇ, ਕਿਤਾਬਾਂ ਦੀ ਦੁਕਾਨ ਹੋਵੇ ਜਾਂ ਉਥੇ ਪੜ੍ਹਦੇ ਵਿਦਿਆਰਥੀਆਂ ਲਈ ਹੋਰ ਸਬੰਧਿਤ ਪ੍ਰਬੰਧ ਹੋਵੇ ਪਰ ਜਦੋਂ ਵੀ ਕੋਈ ਹਾਦਸਾ ਵਾਪਰਦਾ ਹੈ ਤਾਂ ਸਿਰਫ਼ ਕੋਚਿੰਗ ਸੈਂਟਰ ਨੂੰ ਹੀ ਕਟਹਿਰੇ ਵਿੱਚ ਕਿਉਂ ਲਿਆਂਦਾ ਜਾਂਦਾ ਹੈ? ਕੀ ਕੋਚਿੰਗ ਸੈਂਟਰ ਚਲਾਉਣ ਦੀ ਇਜਾਜ਼ਤ ਦੇਣ ਵਾਲੀਆਂ ਏਜੰਸੀਆਂ ਇਸ ਲਈ ਜ਼ਿੰਮੇਵਾਰ ਨਹੀਂ? ਇਹ ਸਾਡੇ ਆਲੇ-ਦੁਆਲੇ ਚੱਲ ਰਹੇ ਕੋਚਿੰਗ ਸੈਂਟਰਾਂ ਦਾ ਸੱਚ ਹੈ।

# ਸਰਕਾਰੀ ਦਹਿਸ਼ਤ ਦਾ ਸਬੂਤ ਕਾਲੇ ਕਨੂੰਨ ਬਨਾਮ ਯੂ.ਏ.ਪੀ.ਏ.

**ਲੇਖਕ : ਜਸਵੰਤ ਜੀਰਖ**

ਪਿਛਲੇ 10 ਸਾਲਾਂ ਤੋਂ ਦੇਸ਼-ਧ੍ਰੋਹ ਦੇ ਕੇਸ ਲਗਾਤਾਰ ਵਧ ਰਹੇ ਹਨ। ਯੂਏਪੀਏ ਤਹਿਤ ਕਿੰਨੇ ਹੀ ਬੁੱਧੀਜੀਵੀ, ਰੰਗ ਕਰਮੀ, ਵਕੀਲ, ਡਾਕਟਰ, ਪੱਤਰਕਾਰ ਆਦਿ ਜੇਲ੍ਹਾਂ ਵਿੱਚ ਬੰਦ ਕੀਤੇ ਗਏ ਹਨ ਅਤੇ ਅੱਜ ਤੱਕ ਕੀਤੇ ਜਾ ਰਹੇ ਹਨ। ਬਿਨਾ ਕੋਈ ਮੁਕੱਦਮਾ ਚਲਾਏ ਸਾਲਾਂ ਬੱਧੀ ਜੇਲ੍ਹ ਵਿੱਚ ਬੰਦ ਰਹਿਣ ਕਾਰਨ ਕਈਆਂ ਦੀ ਸਿਹਤ ਬਹੁਤ ਨਾਜ਼ਕ ਦੌਰ ਵਿੱਚੋਂ ਲੰਘ ਰਹੀ ਹੈ। ਫਾਦਰ ਸਟੈਨ ਸਵਾਮੀ ਵਰਗੇ ਜੇਲ੍ਹ ਵਿੱਚ ਹੀ ਦਮ ਤੋੜ ਚੁੱਕੇ ਹਨ। ਇਹ ਉਹ ਲੋਕ ਹਨ ਜਿਨ੍ਹਾਂ ਨੇ ਭਾਰਤੀ ਲੋਕਾਂ ਉੱਪਰ ਹੋ ਰਹੇ ਸਰਕਾਰੀ ਤੇ ਗੈਰ-ਸਰਕਾਰੀ ਦਮਨ ਦੇ ਅਸਲ ਕਾਰਨ ਸਮਝ ਕੇ ਉਨ੍ਹਾਂ ਪ੍ਰਤੀ ਲੋਕਾਂ ਵਿੱਚ ਜਾਗ੍ਰਿਤੀ ਫੈਲਾ ਕੇ ਜ਼ਿੰਮੇਵਾਰ ਲੋਕਾਂ ਦੇ ਚਿਹਰੇ ਸਮਾਜ ਸਾਹਮਣੇ ਲਿਆਉਣ ਵਿੱਚ ਆਪਣੀ ਤੀਖਣ ਬੁੱਧੀ ਦੀ ਵਰਤੋਂ ਕਰਦਿਆਂ ਅਹਿਮ ਜ਼ਿੰਮੇਵਾਰੀ ਨਿਭਾਈ।

ਮਾਮਲਾ ਭਾਵੇਂ ਭੀਮਾ ਕੋਰੇਗਾਓਂ ਦਾ ਹੋਵੇ, ਦਿੱਲੀ ਦੇ ਸ਼ਾਹੀਨ ਬਾਗ਼ ਜਾਂ ਦਿੱਲੀ ਯੂਨੀਵਰਸਿਟੀ ਦਾ ਜਾਂ ਫਿਰ ਦੇਸ਼ ਵਿੱਚ ਮਨੀਪੁਰ ਵਰਗਾ ਕੋਈ ਹੋਰ ਖੇਤਰ ਹੋਵੇ; ਇਨ੍ਹਾਂ ਵਿੱਚ ਅਕਸਰ ਸਾਹਮਣੇ ਆਉਂਦਾ ਰਿਹਾ ਹੈ ਕਿ ਪੀੜਤ ਧਿਰ ਦੀ ਹੱਕੀ ਆਵਾਜ਼ ਦਬਾਉਣ ਲਈ ਹਮੇਸ਼ਾ ਧਰਮ ਆਧਾਰਿਤ ਫਿਰਕੂ ਰੰਗਤ ਰਾਹੀਂ ਛਲ ਕਪਟ ਤੇ ਸੱਤਾ ਦੇ ਬਲ ਦੀ ਵਰਤੋਂ ਕੀਤੀ ਜਾਂਦੀ ਹੈ ਜੋ ਕਿਸੇ ਵੀ ਤਰ੍ਹਾਂ ਦੇਸ਼-ਧ੍ਰੋਹ ਤੋਂ ਘੱਟ ਨਹੀਂ। ਮਨੀਪੁਰ ਵਿੱਚ ਪੁਲੀਸ ਦੀ ਹਾਜ਼ਰੀ ਵਿੱਚ ਹੁਲੜਬਾਜ਼ਾਂ ਦਾ ਔਰਤਾਂ ਨੂੰ ਨਿਰਵਸਤਰ ਕਰ ਕੇ ਸੜਕਾਂ 'ਤੇ ਘੁਮਾਉਣਾ ਕੀ ਦਰਸਾਉਂਦਾ ਹੈ? ਸ਼ਾਹੀਨ ਬਾਗ ਵਿੱਚ ਮਹਿਲਾਵਾਂ ਦੇ ਨਾਗਰਿਕਤਾ ਸੋਧ ਕਾਨੂੰਨ ਖਿਲਾਫ ਵਿੱਢੇ ਸੰਘਰਸ਼ ਮੌਕੇ ਕਈ ਹੋਰ ਇਨਸਾਫ਼ ਪਸੰਦ ਜੱਥੇਬੰਦੀਆਂ ਨੇ ਵੀ ਹਮਾਇਤ ਕੀਤੀ। ਇਸ ਦੌਰਾਨ ਸਰਕਾਰੀ ਬਲਾਂ ਦੀ ਵਰਤੋਂ ਕਰਦਿਆਂ ਜਿੱਥੇ ਸਰਗਰਮ ਕਾਰਕੁਨਾਂ ਖਿਲਾਫ ਕਈ ਸੰਗੀਨ ਕੇਸ ਦਰਜ ਕੀਤੇ ਗਏ ਪਰ ਜਿਹੜੇ ਸ਼ਰ੍ਹੇਆਮ ਡਰਾਉਣ ਧਮਕਾਉਣ ਦੀ ਦਹਿਸ਼ਤ ਪਾ ਕੇ 'ਦੇਸ਼ ਦੇ ਗੱਦਾਰੋਂ ਕੋ, ਗੋਲੀ ਮਾਰੋ...' ਵਰਗੇ ਨਾਅਰੇ ਲਾ ਰਹੇ ਸਨ, ਉਨ੍ਹਾਂ ਨੂੰ ਦਹਿਸ਼ਤ ਪਾਉਣ ਦੀ ਖੁੱਲ੍ਹੀ ਛੁੱਟੀ ਦੇ ਦਿੱਤੀ ਗਈ। ਅਸਲ ਵਿੱਚ ਦਹਿਸ਼ਤ ਪਾਉਣ ਵਾਲੇ ਇਹ ਲੋਕ ਦੇਸ਼-ਧ੍ਰੋਹ ਵਰਗੇ ਕੇਸਾਂ ਦੇ ਹੱਕਦਾਰ ਸਨ ਪਰ ਅਫਸੋਸ! ਸਰਕਾਰੀ ਸਰਪ੍ਰਸਤੀ ਹੇਠ ਅਜਿਹੀ ਬੁਰਛਾਗਰਦੀ ਸ਼ਰ੍ਹੇਆਮ ਹੁੰਦੀ ਦੇਖੀ ਗਈ।

ਇਸੇ ਤਰ੍ਹਾਂ ਭੀਮਾ ਕੋਰੇਗਾਓਂ ਘਟਨਾ ਵਿੱਚ ਮੁੱਖ ਦੋਸ਼ੀਆਂ ਦੀ ਬਜਾਇ ਉਨ੍ਹਾਂ ਲੋਕਾਂ ਖਿਲਾਫ ਦੇਸ਼-ਧ੍ਰੋਹ ਵਰਗੇ ਕੇਸ ਸਰਕਾਰੀ ਸ਼ਹਿ ਹੇਠ ਦਰਜ ਕਰ ਲਏ ਗਏ ਜਿਹੜੇ ਉਸ ਵੇਲੇ ਉੱਥੇ ਹਾਜ਼ਰ ਵੀ ਨਹੀਂ ਸਨ। ਜਸਟਿਸ (ਸੇਵਾਮੁਕਤ) ਕੋਲਸੇ ਪਾਟਿਲ ਵਰਗੇ ਸਮਾਜ ਚਿੰਤਕ ਬੁੱਧੀਜੀਵੀ ਭਾਵੇਂ ਸਭ ਕੁਝ ਸਪਸ਼ਟ ਕਰ ਚੁੱਕੇ ਹਨ ਪਰ ਇਸ ਦੇ ਬਾਵਜੂਦ ਹਕੂਮਤੀ ਜਬਰ ਬਰਕਰਾਰ ਹੈ। ਅਮਰੀਕਾ ਦੀ ਇੱਕ ਏਜੰਸੀ ਇਹ ਸਿੱਧ ਕਰ ਚੁੱਕੀ ਹੈ ਕਿ ਇਸ ਕੇਸ ਬਾਰੇ ਝੂਠਾ ਬਿਰਤਾਂਤ ਸਿਰਜਣ ਲਈ ਇੱਕ ਸਮਾਜਿਕ ਕਾਰਕੁਨ ਦੇ ਕੰਪਿਊਟਰ ਵਿੱਚ ਬਾਹਰੋਂ ਦਸਤਾਵੇਜ਼ ਫਿੱਟ ਕੀਤੇ ਗਏ ਜਿਸ ਨੂੰ ਆਧਾਰ ਬਣਾ ਕੇ ਦੇਸ਼-ਧ੍ਰੋਹ ਦਾ ਕੇਸ ਬਣਾਇਆ ਗਿਆ ਪਰ ਇਸ ਮਾਮਲੇ ਦੀ ਵਿਗਿਆਨਿਕ ਆਧਾਰ 'ਤੇ ਹੋਰ ਛਾਣ-ਬੀਣ ਕਰਨ ਤੋਂ ਕਿਨਾਰਾ ਕੀਤਾ ਗਿਆ। ਦਿੱਲੀ ਯੂਨੀਵਰਸਿਟੀ ਦੇ ਪ੍ਰੋਫੈਸਰ ਜੀਐੱਨ ਸਾਈ ਬਾਬਾ ਜੋ ਸਰੀਰਕ ਤੌਰ 'ਤੇ 90% ਅਪਾਹਜ ਹੈ, ਵਰਗੇ ਬੁੱਧੀਜੀਵੀ ਕਾਰਕੁਨਾਂ ਨੂੰ ਵੀ ਦੇਸ਼-ਧ੍ਰੋਹੀ ਕਰਾਰ ਦੇ ਕੇ ਜੇਲ੍ਹ 'ਚ ਬੰਦ ਰੱਖਿਆ ਗਿਆ। ਪ੍ਰੋ. ਸਾਈ ਬਾਬਾ ਮਨੁੱਖੀ ਤੇ ਜਮਹੂਰੀ ਹੱਕ ਕੁਚਲਣ ਖਿਲਾਫ ਆਵਾਜ਼ ਉਠਾਉਣ ਲਈ ਜਾਣੇ ਜਾਂਦੇ ਹਨ।




"ਗੁਜਰਾਤ ਕਤਲੇਆਮ ਦੌਰਾਨ ਬਿਲਕੀਸ ਬਾਨੋ ਨਾਲ ਬਲਾਤਕਾਰ ਹੋਇਆ, ਉਸ ਦੀ ਬੱਚੀ ਨੂੰ ਵੀ ਕਤਲ ਕੀਤਾ ਗਿਆ; ਲੰਮੀ ਅਦਾਲਤੀ ਲੜਾਈ ਤੋਂ ਬਾਅਦ ਦੋਸ਼ੀਆਂ ਨੂੰ ਸਜ਼ਾ ਦਿਵਾਈ ਗਈ ਪਰ ਗੁਜਰਾਤ ਦੀ ਭਾਜਪਾ ਸਰਕਾਰ ਨੇ ਦੋਸ਼ੀਆਂ ਨੂੰ ਚੰਗੇ ਵਿਹਾਰ ਦਾ ਸਰਟੀਫਿਕੇਟ ਦੇ ਕੇ ਜੇਲ੍ਹ 'ਚੋਂ ਰਿਹਾਈ ਕਰਵਾ ਦਿੱਤੀ। ਜਦੋਂ ਉਹ ਜੇਲ੍ਹ ਤੋਂ ਬਾਹਰ ਆਏ ਤਾਂ ਉਨ੍ਹਾਂ ਦਾ ਸਵਾਗਤ ਮਠਿਆਈ ਵੰਡ ਕੇ ਅਤੇ ਗਲਾਂ ਵਿੱਚ ਹਾਰ ਪਾ ਕੇ ਸਨਮਾਨਤ ਕੀਤਾ ਗਿਆ। ਕੀ ਇਹ ਕਾਰਵਾਈ ਦੇਸ਼-ਧ੍ਰੋਹੀ ਤੋਂ ਘੱਟ ਹੈ? ਬਾਅਦ ਵਿੱਚ ਜਦੋਂ ਇਨਸਾਫ ਪਸੰਦ ਲੋਕਾਂ ਨੇ ਇਸ ਬੇਨਿਯਮੀ ਖਿਲਾਫ ਆਵਾਜ਼ ਉਠਾਈ ਤਾਂ ਇਨ੍ਹਾਂ ਦੋਸ਼ੀਆਂ ਨੂੰ ਦੁਬਾਰਾ ਜੇਲ੍ਹ ਤਾਂ ਭੇਜ ਦਿੱਤਾ ਗਿਆ ਪਰ ਉਨ੍ਹਾਂ ਨੂੰ ਬਰੀ ਕਰਵਾਉਣ ਵਾਲਿਆਂ ਖਿਲਾਫ ਕੋਈ ਕਾਰਵਾਈ ਨਹੀਂ ਕੀਤੀ ਗਈ।"

ਦਿੱਲੀ ਯੂਨੀਵਰਸਿਟੀ ਵਿੱਚ ਫਿਰਕੂ ਟੋਲਿਆਂ ਅਤੇ ਪੁਲੀਸ ਨੇ ਕਿੰਨੇ ਹੀ ਵਿਦਿਆਰਥੀਆਂ ਦੀ ਕੁੱਟਮਾਰ ਕੀਤੀ। ਕਈਆਂ ਨੂੰ ਗੰਭੀਰ ਸੱਟਾਂ ਵੀ ਲੱਗੀਆਂ ਪਰ ਕੇਸ ਵੀ ਵਿਦਿਆਰਥੀਆਂ ਖਿਲਾਫ ਹੀ ਦਰਜ ਕਰ ਲਏ ਗਏ। ਯੂਨੀਵਰਸਿਟੀ ਵਿੱਚ ਧਰਮ ਆਧਾਰਿਤ ਫਿਰਕਾਪ੍ਰਸਤ ਟੋਲਿਆਂ ਅਤੇ ਪੁਲੀਸ ਬਲ ਦੇ ਜ਼ੋਰ ਵਿਦਿਆਰਥੀਆਂ ਉੱਪਰ ਤਸ਼ੱਦਦ ਕਰ ਕੇ ਦਨਦਨਾਉਣ ਵਾਲਿਆਂ ਖਿਲਾਫ ਕੋਈ ਕਾਰਵਾਈ ਨਾ ਕਰਨਾ ਕੀ ਸਿੱਧ ਕਰਦਾ ਹੈ? ਇਕ ਪਾਸੇ 2022 ਤੱਕ ਦੇਸ਼ ਦੇ ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਦੇ ਫਰਮਾਨ ਜਾਰੀ ਕੀਤੇ ਗਏ, ਦੂਜੇ ਪਾਸੇ ਕਿਸਾਨਾਂ ਦੀ ਬਜਾਇ ਕਾਰਪੋਰੇਟਾਂ ਦੀ ਆਮਦਨ ਦੁੱਗਣੀ ਹੀ ਨਹੀਂ, ਕਈ ਗੁਣਾ ਵਧਾਉਣ ਲਈ ਤਿੰਨ ਖੇਤੀ ਕਾਨੂੰਨ ਲਿਆਉਣੇ ਕੀ ਦੇਸ਼/ਲੋਕਾਂ ਨਾਲ ਧੋਖਾ ਨਹੀਂ? ਕੀ ਅਜਿਹਾ ਧੋਖਾ ਕਰਨ ਵਾਲਿਆਂ ਖਿਲਾਫ ਦੇਸ਼-ਧ੍ਰੋਹ ਦਾ ਕੇਸ ਨਹੀਂ ਬਣਦਾ? ਇਸ ਧੋਖੇ ਖਿਲਾਫ ਦਿੱਲੀ ਦੀਆਂ ਬਰੂਹਾਂ ਅਤੇ ਚਾਰੇ ਪਾਸੇ ਲੱਗੇ ਕਿਸਾਨ ਮੋਰਚੇ ਨੇ ਸਰਕਾਰੀ ਮਨਸੂਬਿਆਂ ਬਾਰੇ ਲੋਕਾਂ ਦੀ ਸੋਝੀ ਵਿਕਸਿਤ ਕਰਨ ਲਈ ਜੋ ਹਿੱਸਾ ਪਾਇਆ, ਉਹ ਇਤਿਹਾਸਿਕ ਹੋ ਨਿੱਬੜਿਆ ਹੈ। ਇੱਕ ਸਾਲ ਤੋਂ ਵੀ ਵੱਧ ਸਮਾਂ ਚੱਲੇ ਇਸ ਸੰਘਰਸ਼ ਨੇ ਸਰਕਾਰੀ ਨੀਤੀਆਂ ਬਣਾਉਣ ਅਤੇ ਲਾਗੂ ਕਰਨ ਲਈ ਕੀਤੀ ਜਾਂਦੀ ਤਿਕੜਮਬਾਜ਼ੀ ਜਿਸ ਢੰਗ ਨਾਲ ਸਾਹਮਣੇ ਲਿਆਂਦੀ, ਉਸ ਨੇ ਦੇਸ਼ ਨੂੰ ਬਚਾਉਣ ਵਾਲਿਆਂ ਅਤੇ ਦੇਸ਼ ਨੂੰ ਵੱਡੇ ਕਾਰਪੋਰੇਟ ਘਰਾਣਿਆਂ ਦੇ ਹੱਥਾਂ ਵਿੱਚ ਦੇ ਕੇ ਅੰਨ੍ਹਾ ਮੁਨਾਫਾ ਕਮਾਉਣ ਦੀਆਂ ਖੁੱਲ੍ਹਾਂ ਦੇਣ ਵਾਲੀਆਂ ਨੀਤੀਆਂ ਨੂੰ ਸਮਝਣ ਵਿੱਚ ਅਹਿਮ ਰੋਲ ਨਿਭਾਇਆ। ਘੋਲ ਨੂੰ ਲੀਹੋਂ ਲਾਹੁਣ ਲਈ ਜੋ ਸਰਕਾਰੀ ਸਾਜ਼ਿਸ਼ਾਂ ਸਾਹਮਣੇ ਆਈਆਂ, ਉਹ ਸਾਰੀਆਂ ਦੇਸ਼ ਵਿਰੋਧੀ ਕਾਰਵਾਈਆਂ ਸਨ ਜੋ ਸਰਕਾਰੀ ਸਰਪ੍ਰਸਤੀ ਹੇਠ ਦੇਸ਼ ਵਿਰੋਧੀ ਅਨਸਰਾਂ ਰਾਹੀਂ ਵਾਰ-ਵਾਰ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਗਈਆਂ ਪਰ ਅਜਿਹੀਆਂ ਸਾਜ਼ਿਸ਼ਾਂ ਘੜਨ ਵਾਲਿਆਂ ਖਿਲਾਫ ਦੇਸ਼-ਧ੍ਰੋਹ ਤਾਂ ਕੀ, ਕੋਈ ਆਮ ਕੇਸ ਵੀ ਦਰਜ ਨਹੀਂ ਹੋਇਆ। ਕਿੰਨੇ ਹੀ ਕਿਸਾਨ ਇਸ ਘੋਲ ਦੌਰਾਨ ਗ਼ਲਤ ਸਰਕਾਰੀ ਨੀਤੀਆਂ ਦਾ ਸ਼ਿਕਾਰ ਹੋ ਕੇ ਕੁਰਬਾਨੀਆਂ ਦੇ ਗਏ ਪਰ ਸਰਕਾਰ ਨੇ ਇਨ੍ਹਾਂ ਦੀ ਗਿਣਤੀ ਰੱਖਣ ਦੀ ਵੀ ਲੋੜ ਨਹੀਂ ਸਮਝੀ। ਕੀ ਆਪਣੇ ਹੀ ਦੇਸ਼ ਵਾਸੀਆਂ ਨਾਲ ਅਜਿਹਾ ਵਰਤਾਓ ਦੇਸ਼-ਧ੍ਰੋਹ ਨਹੀਂ?

ਗੁਜਰਾਤ ਕਤਲੇਆਮ ਦੌਰਾਨ ਬਿਲਕੀਸ ਬਾਨੋ ਨਾਲ ਬਲਾਤਕਾਰ ਹੋਇਆ, ਉਸ ਦੀ ਬੱਚੀ ਨੂੰ ਵੀ ਕਤਲ ਕੀਤਾ ਗਿਆ; ਲੰਮੀ ਅਦਾਲਤੀ ਲੜਾਈ ਤੋਂ ਬਾਅਦ ਦੋਸ਼ੀਆਂ ਨੂੰ ਸਜ਼ਾ ਦਿਵਾਈ ਗਈ ਪਰ ਗੁਜਰਾਤ ਦੀ ਭਾਜਪਾ ਸਰਕਾਰ ਨੇ ਦੋਸ਼ੀਆਂ ਨੂੰ ਚੰਗੇ ਵਿਹਾਰ ਦਾ ਸਰਟੀਫਿਕੇਟ ਦੇ ਕੇ ਜੇਲ੍ਹ 'ਚੋਂ ਰਿਹਾਈ ਕਰਵਾ ਦਿੱਤੀ। ਜਦੋਂ ਉਹ ਜੇਲ੍ਹ ਤੋਂ ਬਾਹਰ ਆਏ ਤਾਂ ਉਨ੍ਹਾਂ ਦਾ ਸਵਾਗਤ ਮਠਿਆਈ ਵੰਡ ਕੇ ਅਤੇ ਗਲਾਂ ਵਿੱਚ ਹਾਰ ਪਾ ਕੇ ਸਨਮਾਨਤ ਕੀਤਾ ਗਿਆ। ਕੀ ਇਹ ਕਾਰਵਾਈ ਦੇਸ਼-ਧ੍ਰੋਹੀ ਤੋਂ ਘੱਟ ਹੈ? ਬਾਅਦ ਵਿੱਚ ਜਦੋਂ ਇਨਸਾਫ ਪਸੰਦ ਲੋਕਾਂ ਨੇ ਇਸ ਬੇਨਿਯਮੀ ਖਿਲਾਫ ਆਵਾਜ਼ ਉਠਾਈ ਤਾਂ ਇਨ੍ਹਾਂ ਦੋਸ਼ੀਆਂ ਨੂੰ ਦੁਬਾਰਾ ਜੇਲ੍ਹ ਤਾਂ ਭੇਜ ਦਿੱਤਾ ਗਿਆ ਪਰ ਉਨ੍ਹਾਂ ਨੂੰ ਬਰੀ ਕਰਵਾਉਣ ਵਾਲਿਆਂ ਖਿਲਾਫ ਕੋਈ ਕਾਰਵਾਈ ਨਹੀਂ ਕੀਤੀ ਗਈ।

ਸੋ, ਸਪਸ਼ਟ ਹੈ ਕਿ ਇਸ ਦੇਸ਼ ਵਿੱਚ ਸੱਤਾ ਦੇ ਜ਼ੋਰ ਕਾਨੂੰਨ ਦੀਆਂ ਧੱਜੀਆਂ ਉਡਾ ਕੇ ਦੋਸ਼ੀਆਂ ਨੂੰ ਬਰੀ ਕਰਨ ਅਤੇ ਨਿਰਦੋਸ਼ਾਂ ਦੀਆਂ ਜ਼ਮਾਨਤਾਂ ਵੀ ਨਾ ਹੋਣ ਦੇਣ ਲਈ ਝੂਠੇ ਬਿਰਤਾਂਤ ਸਿਰਜੇ ਜਾਣ ਲਈ ਸਰਕਾਰੀ ਹੱਥ ਵਰਤੇ ਜਾ ਰਹੇ ਹਨ ਜਿਸ ਨੂੰ ਕਿਸੇ ਵੀ ਤਰ੍ਹਾਂ ਦੇਸ਼ ਦੇ ਹਿਤ ਵਿੱਚ ਨਹੀਂ ਕਿਹਾ ਜਾ ਸਕਦਾ।

ਇਸ ਤੋਂ ਬਿਨਾ ਦੇਸ਼ ਦੇ ਕਮਾਊ ਪਬਲਿਕ ਅਦਾਰੇ ਜੋ ਲੋਕਾਂ ਦੀ ਕਿਰਤ ਕਮਾਈ ਅਤੇ ਉਨ੍ਹਾਂ ਦੇ ਦਿੱਤੇ ਟੈਕਸਾਂ ਦੇ ਸਰਮਾਏ ਨਾਲ ਉਸਾਰੇ ਗਏ ਸਨ, ਨੂੰ ਬਿਨਾਂ ਲੋਕਾਂ ਦੀ ਰਾਏ ਲਿਆਂ ਨਿੱਜੀ ਹੱਥਾਂ ਵਿੱਚ ਦੇ ਦਿੱਤਾ ਗਿਆ। ਇਨ੍ਹਾਂ ਵਿੱਚ ਸਿਹਤ, ਸਿੱਖਿਆ, ਹਵਾਈ ਅੱਡੇ, ਟੈਲੀਫੋਨ, ਰੇਲ, ਬਿੱਜਲੀ, ਟਰਾਂਸਪੋਰਟ ਆਦਿ ਅਦਾਰੇ ਗਿਣਨ ਯੋਗ ਹਨ; ਇੱਥੋਂ ਤੱਕ ਕਿ ਸਿੱਖਿਆ ਤੇ ਸਿਹਤ ਜੋ ਦੇਸ਼ ਦੇ ਲੋਕਾਂ ਲਈ ਬਹੁਤ ਹੀ ਮਹੱਤਵਪੂਰਨ ਅਦਾਰੇ ਹਨ, ਨੂੰ ਵੀ ਵੱਡੀ ਪੱਧਰ 'ਤੇ ਨਿੱਜੀਕਰਨ ਰਾਹੀਂ ਆਮ ਲੋਕਾਂ ਦੀ ਪਹੁੰਚ ਤੋਂ ਦੂਰ ਕਰ ਕੇ ਨਿੱਜੀ ਮੁਨਾਫੇ ਕਮਾਉਣ ਦੇ ਸਾਧਨਾਂ ਵਿੱਚ ਤਬਦੀਲ ਕਰ ਦਿੱਤਾ ਗਿਆ। ਇਹ ਅਸਲ ਵਿੱਚ ਦੇਸ਼/ਲੋਕ ਵਿਰੋਧੀ ਕਾਰਵਾਈਆਂ ਹਨ। ਦੇਸ਼ ਦੀ ਤਰੱਕੀ ਵਿੱਚ ਆਮ ਮਨੁੱਖ ਲਈ ਚੰਗੀ ਸਿੱਖਿਆ ਅਤੇ ਚੰਗੀ ਸਿਹਤ ਬੇਹੱਦ ਜ਼ਰੂਰੀ ਹੈ ਜਿਸ ਦਾ ਪ੍ਰਬੰਧ ਕਰਨਾ ਸਰਕਾਰ ਦੀ ਮੁੱਢਲੀ ਜ਼ਿੰਮੇਵਾਰੀ ਹੈ ਪਰ ਅਫਸੋਸ ਕਿ ਸਰਕਾਰ ਇਹ ਜ਼ਿੰਮੇਵਾਰੀ ਨਿਭਾਉਣ ਤੋਂ ਭੱਜ ਗਈ ਹੈ।

ਹਾਲ ਹੀ ਵਿੱਚ ਹੋਈਆਂ ਲੋਕ ਸਭਾ ਚੋਣਾਂ ਦੌਰਾਨ ਸਾਹਮਣੇ ਆਇਆ ਕਿ ਕਿਵੇਂ ਵੱਡੀਆਂ ਕੰਪਨੀਆਂ ਪਾਸੋਂ ਚੋਣ ਬਾਂਡਾਂ ਰਾਹੀਂ ਹਜ਼ਾਰਾਂ ਕਰੋੜ ਦੇ ਫੰਡ ਲੈ ਕੇ ਬਦਲੇ ਵਿੱਚ ਉਨ੍ਹਾਂ ਨੂੰ ਵੱਡੇ-ਵੱਡੇ ਕਾਰੋਬਾਰੀ ਠੇਕੇ ਦਿੱਤੇ ਗਏ। ਕੀ ਇਹ ਦੇਸ਼-ਧ੍ਰੋਹ ਨਹੀਂ? ਕੀ ਦੇਸ਼ ਦੀ ਤਰੱਕੀ ਇਸ ਤਰ੍ਹਾਂ ਹੋਵੇਗੀ? ਲੋਕ ਦੇਸ਼ ਦੀ ਸਰਕਾਰ ਦੇਸ਼ ਚਲਾਉਣ ਲਈ ਚੁਣਦੇ ਹਨ ਜਾਂ ਇਸ ਨੂੰ ਵੇਚਣ ਲਈ? ਕੀ ਇਨ੍ਹਾਂ ਸਵਾਲਾਂ ਦੇ ਜਵਾਬ ਮੰਗਣਾ ਦੇਸ਼-ਧ੍ਰੋਹ ਹੈ? ਇਹ ਸਵਾਲ ਉਠਾਉਣੇ ਹਰ ਦੇਸ਼ ਹਿਤੈਸ਼ੀ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਸਰਕਾਰ ਸਾਹਮਣੇ ਅਜਿਹੇ ਸਵਾਲ ਖੜ੍ਹੇ ਕਰ ਕੇ ਦੇਸ਼ ਦੇ ਹਿੱਤ ਵਿੱਚ ਆਵਾਜ਼ ਉਠਾਏ ਅਤੇ ਸਰਕਾਰ ਇਨ੍ਹਾਂ ਦਾ ਜਵਾਬ ਦੇ ਕੇ ਸਪਸ਼ਟ ਕਰਨ ਲਈ ਪਾਬੰਦ ਹੋਵੇ।

ਹੁਣ ਜਦੋਂ ਲੋਕ ਅਜਿਹੇ ਸਵਾਲ ਉਠਾ ਰਹੇ ਹਨ ਤਾਂ ਉਨ੍ਹਾਂ ਦੀ ਜ਼ਬਾਨਬੰਦੀ ਲਈ ਅੰਗਰੇਜ਼ ਵੇਲੇ ਦੇ ਕਾਨੂੰਨ ਖਤਮ ਕਰਨ ਦੇ ਬਹਾਨੇ ਤਿੰਨ ਅਜਿਹੇ ਕਾਨੂੰਨ ਅਜਿਹੇ ਲਿਆਂਦੇ ਗਏ ਜੋ ਦੇਸ਼ ਵਿੱਚ ਮਨੁੱਖ ਦੇ ਬਚਦੇ ਜਮਹੂਰੀ ਹੱਕਾਂ ਨੂੰ ਵੀ ਖਤਮ ਕਰਨ ਦੀ ਵਕਾਲਤ ਕਰਦੇ ਹਨ ਅਤੇ ਦੇਸ਼ ਨੂੰ ਪੁਲੀਸ ਰਾਜ ਵਿੱਚ ਤਬਦੀਲ ਕਰਨ ਦਾ ਰਾਹ ਖੋਲ੍ਹਦੇ ਹਨ। ਇਨ੍ਹਾਂ ਖਿਲਾਫ ਪੰਜਾਬ ਅਤੇ ਕਈ ਹੋਰ ਸੂਬਿਆਂ ਵਿੱਚ ਲੋਕ ਆਵਾਜ਼ ਉਠਾ ਰਹੇ ਹਨ ਜੋ ਦੇਸ਼ ਵਿੱਚ ਜਮਹੂਰੀ ਹੱਕਾਂ ਦੀ ਰਾਖੀ ਲਈ ਬੇਹੱਦ ਜ਼ਰੂਰੀ ਹੈ। ਕਿਰਤੀ ਲੋਕਾਂ ਦੀ ਕਮਾਈ ਰਾਹੀਂ ਕੀਤੀ ਦੇਸ਼ ਉਸਾਰੀ ਨੂੰ ਕੁਝ ਕੁ ਘਰਾਣਿਆਂ ਦੇ ਮੁਨਾਫੇ ਵਧਾਉਣ ਲਈ ਦੇਸ਼ ਨੂੰ ਉਨ੍ਹਾਂ ਦੇ ਹਵਾਲੇ ਕਰਨ ਤੋਂ ਸਿਰਫ ਲੋਕ ਸੰਘਰਸ਼ ਹੀ ਰੋਕ ਸਕਦੇ ਹਨ। ਅਜਿਹੇ ਸੰਘਰਸ਼ ਰੋਕਣ ਲਈ ਹੀ ਇਹ ਕਾਨੂੰਨ ਲਿਆਂਦੇ ਗਏ ਹਨ। ਕੀ ਦੇਸ਼ ਨੂੰ ਕਾਰਪੋਰੇਟਾਂ ਦੀ ਲੁੱਟ ਤੋਂ ਬਚਾਉਣ ਵਾਲਿਆਂ ਖਿਲਾਫ ਅਜਿਹੇ ਕਾਨੂੰਨ ਲਾਗੂ ਕਰਨਾ ਦੇਸ਼-ਧ੍ਰੋਹ ਨਹੀਂ? ਇਸ ਲਈ ਅੱਜ ਦੇਸ਼ ਨੂੰ ਕਾਰਪੋਰੇਟ ਪੱਖੀ ਨੀਤੀਆਂ ਦੇ ਪੰਜੇ 'ਚੋਂ ਕੱਢਣ ਲਈ ਉਨ੍ਹਾਂ ਦੇ ਵਿਰੋਧ ਵਿੱਚ ਵੱਡੇ ਸੰਘਰਸ਼ਾਂ ਲਈ ਖੜ੍ਹੇ ਹੋਣਾ ਹੀ ਦੇਸ਼ ਭਗਤੀ ਹੈ ਜਿਸ ਨੂੰ ਹਾਕਮ ਧਿਰ ਉਲਟਾ ਦੇਸ਼-ਧ੍ਰੋਹ ਕਹਿ ਭੰਡਦੀ ਹੈ।

ਘਾਹ ਕੱਟਣ ਵਾਲੀ ਮਸ਼ੀਨ,
(lawnmower)
ਵਾਸ਼ਰ ਡਰਾਇਰ, ਮਿਕਸੀ,
ਮਾਈਕਰੋਵੇਵ ਵਾਜਬ ਰੇਟ ਤੇ
ਠੀਕ ਕਰਵਾਓ



REPAIR & SERVICES
ਸੰਪਰਕ ਕਰੋ
604-773-7258(ਸਰੀ)



NEWTON DENTURE CLINIC INC.
Web: www.newtondentures.ca | Email: newtondentures@gmail.com
ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਬੋਲਦੇ ਹਾਂ। ਮੁਫ਼ਤ ਸਲਾਹ
"Over 20 years experience as Denturist"
- ਜੇ ਤੁਸੀਂ ਦੰਦ ਲਵਾਉਣੇ ਹਨ ਜਾਂ ਫਿਰ ਲਗਵਾਏ ਹਨ। ਦੰਦ ਪੁਰਾਣੇ ਹਨ ਅਤੇ ਨਵੇਂ ਲਗਵਾਣੇ ਹਨ।
- ਤੁਹਾਡੇ ਲਵਾਏ ਦੰਦ ਢਿੱਲੇ ਹਨ ਜਾਂ ਟੁੱਟ ਗਏ ਹਨ।
- ਬਲਰਾਜ ਨਾਲ ਅਪਾਇੰਟਮੈਂਟ ਬਣਾਓ ਅਤੇ ਖਾਣਾ ਚੰਗੀ ਤਰ੍ਹਾਂ ਖਾਓ।
- ਜੇ ਤੁਹਾਡੇ ਸਾਰੇ ਦੰਦ ਨਹੀਂ ਨਿਕਲੇ ਪਰ ਖਾਣਾ ਠੀਕ ਤਰ੍ਹਾਂ ਨਹੀਂ ਖਾ ਹੁੰਦਾ ਤਾਂ ਬਲਰਾਜ ਨੂੰ ਮਿਲੋ ਇਹ ਤੁਹਾਡੀ ਸੇਵਾ ਲਈ ਸਰੀ ਵਿੱਚ ਹਨ।



BALRAJ (REGGIE) GILL
R.D. Bsc. Registered Denturist
ਬਲਰਾਜ ਸਿੰਘ ਗਿੱਲ 604-590-9747
Surrey #211-8334-128 St. Surrey BC V3W 4G2
(Second floor Khalsa Business Centre)



# ਸੰਤ ਲੌਂਗੋਵਾਲ ਦੀ ਹੱਤਿਆ

## ਪੁਲਿਸ ਚੀਫ ਦੀ ਜ਼ਬਾਨੀ

ਲੇਖਕ : ਹਰਪਾਲ ਸਿੰਘ ਪੰਨੂ, ਫੋਨ: 91-94642-51454

ਪ੍ਰਧਾਨ ਮੰਤਰੀ ਰਾਜੀਵ ਗਾਂਧੀ ਅਤੇ ਸੰਤ ਹਰਚੰਦ ਸਿੰਘ ਲੌਂਗੋਵਾਲ ਵਲੋਂ ਕੀਤੇ ਰਾਜ਼ੀਨਾਮੇ ਦਾ ਨਾਂ ਪੰਜਾਬ ਸਮਝੌਤਾ ਸੀ। ਇਸ ਦਾ ਪਿਛੋਕੜ, ਮਨੋਰਥ ਅਤੇ ਸਿੱਟੇ ਸਭ ਵਿਵਾਦ ਵਾਲੇ ਹਨ ਤੇ ਇਸ ਵਿਚਲੀ ਕਿਸੇ ਮੱਦ ਉਪਰ ਅਮਲ ਨਹੀਂ ਹੋਇਆ। ਜਦੋਂ ਦੋਵਾਂ ਧਿਰਾਂ ਨੇ ਇਸ ਰਾਜ਼ੀਨਾਮੇ ਉਪਰ ਦਸਤਖਤ ਕੀਤੇ, ਉਦੋਂ ਇਕ ਮਜ਼ਾਕ ਵੀ ਪ੍ਰਚੱਲਤ ਹੋਇਆ ਸੀ ਕਿ ਪੰਨਾ ਲਾਲ ਦੀ ਲੜਾਈ ਤਾਂ ਜੰਗ ਸਿੰਘ ਨਾਲ ਹੋਈ ਸੀ ਪਰ ਰਾਜ਼ੀਨਾਮਾ ਉਹਨੇ ਸੰਤ ਸਿੰਘ ਨਾਲ ਕਰ ਲਿਆ। ਜਿਸ ਸਮੇਂ ਦੇ ਇਹ ਵਾਕਿਆਤ ਹਨ, ਸ਼ ਕਿਰਪਾਲ ਸਿੰਘ ਢਿਲੋਂ ਉਦੋਂ ਪੰਜਾਬ ਪੁਲਿਸ ਦੇ ਚੀਫ ਸਨ। ਉਨ੍ਹਾਂ ਦੀ ਪੈਂਗੁਇਨ ਵਲੋਂ ਛਾਪੀ ਕਿਤਾਬ 'ਟਾਈਮ ਪ੍ਰੈਜ਼ੈਂਟ ਐਂਡ ਟਾਈਮ ਪਾਸਟ' ਆਈ ਹੈ ਜਿਸ ਵਿਚ ਅਹਿਮ ਜਾਣਕਾਰੀ ਹੈ। ਪਾਠਕਾਂ ਲਈ ਕੁਝ ਅੰਸ਼ ਪੇਸ਼ ਹਨ।

ਆਪ੍ਰੇਸ਼ਨ ਬਲੂਸਟਾਰ ਤੋਂ ਠੀਕ ਇਕ ਮਹੀਨਾ ਬਾਅਦ, 3 ਜੁਲਾਈ 1984 ਨੂੰ ਮੈਂ ਪੰਜਾਬ ਪੁਲਿਸ ਦੇ ਮੁਖੀ ਵਜੋਂ ਅਹੁਦਾ ਸੰਭਾਲਿਆ। ਭਾਰਤੀ ਸੰਵਿਧਾਨ ਵਿਚ ਬੇਸ਼ਕ ਮਾਰਸ਼ਲ ਲਾਅ ਦੀ ਵਿਵਸਥਾ ਨਹੀਂ ਹੈ, ਤਾਂ ਵੀ ਲੋੜ ਪੈਣ 'ਤੇ ਫੌਜ ਸਿਵਲ ਪ੍ਰਸ਼ਾਸਨ ਦੀ ਮਦਦ ਵਾਸਤੇ ਆ ਜਾਂਦੀ ਹੈ। ਜ਼ਿਲ੍ਹੇ ਵਿਚ ਗੜਬੜ ਹੋਵੇ ਤਾਂ ਡੀ.ਸੀ. ਲਿਖਤੀ ਮੰਗ ਕਰਦਾ ਹੈ ਤੇ ਸੂਬੇ ਵਿਚ ਗੜਬੜ ਹੋਵੇ ਤਾਂ ਸਟੇਟ ਚੀਫ ਲਿਖਤੀ ਪੱਤਰ ਭੇਜ ਕੇ ਫੌਜੀ ਮਦਦ ਦੀ ਮੰਗ ਕਰਦਾ ਹੈ। ਪੰਜਾਬ ਵਿਚ ਅਜਿਹਾ ਨਹੀਂ ਹੋਇਆ। ਗਵਰਨਰੀ ਰਾਜ ਸੀ ਪਰ ਰਾਜਪਾਲ ਨੇ ਅਜਿਹੀ ਮੰਗ ਨਹੀਂ ਕੀਤੀ। ਗ੍ਰਿਫਤਾਰ ਕੀਤੇ ਬੰਦਿਆਂ ਨੂੰ ਅੱਠ ਪਹਿਰ ਅੰਦਰ ਅਦਾਲਤ ਵਿਚ ਪੇਸ਼ ਕਰ ਕੇ ਰਿਮਾਂਡ ਲੈਣਾ ਹੁੰਦਾ ਹੈ, ਪੰਜਾਬ ਵਿਚ ਅਜਿਹਾ ਵੀ ਨਹੀਂ ਸੀ ਹੋ ਰਿਹਾ। ਫੌਜੀ ਛਾਉਣੀਆਂ ਵਿਚ ਤਫਤੀਸ਼ ਹੁੰਦੀ ਰਹਿੰਦੀ।

ਲੋਕਾਂ ਦਾ ਪੁਲਿਸ ਤੋਂ ਇਤਬਾਰ ਉਠ ਗਿਆ ਸੀ, ਇਸ ਕਰ ਕੇ ਨਾਜਾਇਜ਼ ਹਿਰਾਸਤ ਵਿਚਲੇ ਬੰਦੀਆਂ ਨੂੰ ਛੁਡਾਉਣ ਲਈ ਉਹ ਹਾਈਕੋਰਟ ਦਾ ਬੂਹਾ ਖੜਕਾਉਂਦੇ। ਅੰਮ੍ਰਿਤਸਰ ਜ਼ਿਲੇ ਦੇ ਇਕ ਪਰਿਵਾਰ ਦੇ ਬੰਦੀ ਇਸੇ ਤਰ੍ਹਾਂ ਹਾਈਕੋਰਟ ਦੇ ਰੇਡ ਕਾਰਨ ਰਿਹਾ ਹੋਏ। ਮੇਰੀ ਇੱਛਾ ਸੀ ਕਿ ਜ਼ਿਲ੍ਹਾ ਪੁਲਿਸ ਮੁਖੀ ਸਮੇਤ ਸਾਰੇ ਕਸੂਰਵਾਰ ਪੁਲਸੀਆਂ ਨੂੰ ਮੁਅੱਤਲ ਕਰ ਕੇ ਪੜਤਾਲ ਕਰਾਵਾਂ। ਯੂ.ਪੀ. ਕੇਡਰ ਦਾ ਇਕ ਡੀ.ਆਈ.ਜੀ. ਮੇਰੇ ਨਾਲ ਸਹਿਮਤ ਸੀ ਪਰ ਮੈਂ ਸੋਚਿਆ, ਪੰਜਾਬ ਕੇਡਰ ਦੇ ਅਫਸਰ ਦੀ ਸਲਾਹ ਲਵਾਂ। ਮੈਂ ਆਈ.ਜੀ. ਹਰਜੀਤ ਰੰਧਾਵਾ ਦੇ ਕਮਰੇ ਵਿਚ ਗਿਆ ਤੇ ਗੱਲ ਕੀਤੀ। ਉਹ ਬੋਲਿਆ, ਨਹੀਂ ਸਰ, ਅਜਿਹਾ ਨਹੀਂ ਕਰਨਾ। ਪੁਲਿਸ ਫੋਰਸ ਦਾ ਮਨੋਬਲ ਡਿਗ ਜਾਏਗਾ। ਮੈਂ ਪੁੱਛਿਆ, ਪਰ ਹਾਈਕੋਰਟ ਆਰਡਰ ਦਾ ਕੀ ਕਰੀਏ? ਇਕ ਅੱਖ ਦਬਾ ਕੇ ਉਹ ਬੋਲਿਆ, ਇਹ ਤਾਂ ਚੁਟਕੀ ਦਾ ਕੰਮ ਐ। ਜਿਨ੍ਹਾਂ ਬੰਦਿਆਂ ਦੀ ਰਿਹਾਈ ਹੋਈ ਐ, ਉਹ ਹਲਫੀਆ ਬਿਆਨ ਦੇ ਦੇਣਗੇ ਕਿ ਉਨ੍ਹਾਂ ਨੂੰ ਨਾ ਕਿਸੇ ਨੇ ਕਦੀ ਗ੍ਰਿਫਤਾਰ ਕੀਤਾ, ਨਾ ਰਿਹਾਈ ਕਰਵਾਈ। ਇਹੋ ਹੋਇਆ। ਜਾਣਦਾ ਹਾਂ, ਇਹ ਗੱਲ ਕਾਨੂੰਨਨ ਗਲਤ ਸੀ ਪਰ ਇਹੋ ਜਿਹੇ ਹਾਲਾਤ ਵਿਚ ਕਈ ਕੁਝ ਕਰਨਾ ਪੈਂਦਾ ਹੈ।

ਸਿੱਖ ਸਦਮੇ ਵਿਚ ਸਨ, ਅਫਗਾਨਾਂ ਤੋਂ ਬਾਅਦ ਹੁਣ ਫਿਰ ਦਰਬਾਰ ਸਾਹਿਬ ਉਪਰ ਹਮਲਾ। ਉਹ ਸਿੱਖ ਜਿਨ੍ਹਾਂ ਦਾ ਅਤਿਵਾਦ ਨਾਲ ਕੋਈ ਲੈਣ ਦੇਣ ਨਹੀਂ ਸੀ, ਨਿਰਾਸ਼ ਸਨ। ਦਰਬਾਰ ਸਾਹਿਬ ਦਰਸ਼ਨਾਂ ਲਈ ਖੁੱਲ੍ਹਿਆ ਤਾਂ ਕੰਧਾਂ ਉਪਰ ਗੋਲੀਆਂ ਦੇ ਨਿਸ਼ਾਨਾਂ ਨੂੰ ਉਹ ਇਉਂ ਪਲੋਸ ਰਹੇ ਸਨ ਜਿਵੇਂ ਉਨ੍ਹਾਂ ਦੇ ਗੁਰੂ ਦੇ ਜਿਸਮ ਉਪਰ ਜ਼ਖਮ ਹੋਣ, ਸਿਸਕੀਆਂ, ਹੰਝੂ।

ਬੂਟਾ ਸਿੰਘ ਅਤੇ ਨਿਹੰਗ ਮੁਖੀ ਸੰਤਾ ਸਿੰਘ ਨੇ ਜਿਹੜਾ ਅਕਾਲ ਤਖਤ ਸਰਕਾਰੀ ਪੈਸੇ ਨਾਲ ਉਸਾਰਿਆ, ਸਿੱਖਾਂ ਨੇ ਢੇਰੀ ਕਰ ਦਿੱਤਾ। ਇਨ੍ਹਾਂ ਦੋਵਾਂ ਨੂੰ ਅਤੇ ਗਿਆਨੀ ਜ਼ੈਲ ਸਿੰਘ ਨੂੰ ਅਕਾਲ ਤਖਤ ਉਪਰ ਤਲਬ ਕੀਤਾ ਗਿਆ। ਗਿਆਨੀ ਜੀ ਰਾਸ਼ਟਰਪਤੀ ਹੋਣ ਕਾਰਨ ਫੌਜਾਂ ਦੇ ਚੀਫ ਸਨ, ਸੋ ਉਹ ਬਰਾਬਰ ਦੇ ਜ਼ਿੰਮੇਵਾਰ ਹੋਏ। ਜਦੋਂ ਗਿਆਨੀ ਜੀ ਪੇਸ਼ ਹੋਏ; ਕੌਮੀ, ਕੌਮਾਂਤਰੀ ਮੀਡੀਆ ਮੌਜੂਦ ਸੀ ਤੇ ਰਾਗੀ ਕੀਰਤਨ ਕਰ ਰਹੇ ਸਨ, ਕੁਤਾ ਰਾਜ ਬਹਾਲੀਐ ਫਿਰਿ ਚਕੀ ਚੱਟੈ॥

31 ਅਕਤੂਬਰ 1984 ਨੂੰ ਇੰਦਰਾ ਗਾਂਧੀ ਦਾ ਕਤਲ ਹੋਇਆ ਤਾਂ ਮੀਡੀਏ ਨੇ ਭੜਕਾਊ ਦ੍ਰਿਸ਼ ਫਲੈਸ਼ ਕੀਤੇ। ਹਿੰਦੂ ਭੀੜਾਂ ਸਿੱਖ ਵਿਰੋਧੀ ਨਾਹਰੇ ਮਾਰਦੀਆਂ ਜਾਂਦੀਆਂ ਦਿਖਾਈਆਂ। ਯੋਜਨਾਬਧ ਤਰੀਕੇ ਨਾਲ ਸਿੱਖਾਂ ਦਾ ਕਤਲੇਆਮ ਹੋਇਆ। ਹੱਥਾਂ ਵਿਚ ਵੋਟਰ ਸੂਚੀਆਂ ਫੜੀ ਕਾਂਗਰਸੀ ਲੀਡਰ ਧਾੜਵੀਆਂ ਦੀ ਅਗਵਾਈ ਕਰ ਰਹੇ ਸਨ। ਇੰਦਰਾ ਗਾਂਧੀ ਦੇ ਕਾਤਲਾਂ ਨੂੰ ਫਾਂਸੀ ਹੋਈ, ਸਿੱਖਾਂ ਦੇ ਕਾਤਲਾਂ ਨੂੰ ਸਜ਼ਾ ਨਹੀਂ ਮਿਲੀ।

ਅਰਜਨ ਸਿੰਘ ਨੂੰ ਰਾਜੀਵ ਗਾਂਧੀ ਨੇ ਪੰਜਾਬ ਦਾ ਗਵਰਨਰ ਲਾਇਆ। ਅਰਜਨ ਸਿੰਘ ਦਾ ਪਿਤਾ ਉਦਯੋਗ ਮੰਤਰੀ ਸੀ। ਉਸ ਨੇ ਮੁੰਬਈ ਦੇ ਇਕ ਉਦਯੋਗਪਤੀ ਤੋਂ ਮੋਟੀ ਰਕਮ ਮੰਗੀ। ਇਹ ਉਦਯੋਗਪਤੀ ਸਰਦਾਰ ਪਟੇਲ ਦੇ ਕਰੀਬ ਸੀ। ਮੰਤਰੀ ਨੂੰ ਦਿੱਲੀ ਦੀ ਸਪੈਸ਼ਲ ਪੁਲਿਸ ਨੇ ਫੜ ਲਿਆ ਤੇ ਉਸ ਨੇ ਕਈ ਸਾਲ ਜੇਲ੍ਹ ਦੀ ਹਵਾ ਖਾਧੀ। ਮਾਰਚ 1985 ਵਿਚ ਭਾਵੇਂ ਅਰਜਨ ਸਿੰਘ ਦੂਜੀ ਵਾਰ ਭਾਰੀ ਬਹੁਮਤ ਨਾਲ ਅਸੈਂਬਲੀ ਚੋਣ ਜਿੱਤ ਗਿਆ ਸੀ ਪਰ ਭੋਪਾਲ ਗੈਸ ਕਾਂਡ ਵਕਤ ਨਿਭਾਈ ਉਸ ਦੀ ਭੂਮਿਕਾ ਠੀਕ ਨਹੀਂ ਸੀ। ਯੂਨੀਅਨ ਕਾਰਬਾਈਡ ਦਾ ਅਮਰੀਕਨ ਚੇਅਰਮੈਨ ਆਪ ਹਾਲਾਤ ਦਾ ਜਾਇਜ਼ਾ ਲੈਣ ਆਇਆ ਤਾਂ ਗ੍ਰਿਫਤਾਰ ਕਰ ਲਿਆ। ਅਮਰੀਕਾ ਨੇ ਜਦੋਂ ਸਖਤ ਨਾਰਾਜ਼ਗੀ ਦਿਖਾਈ ਤਾਂ ਦਿੱਲੀ ਹਾਈਕਮਾਂਡ ਨੇ ਅਰਜਨ ਸਿੰਘ ਦੀ ਖਿਚਾਈ ਕੀਤੀ ਤਾਂ ਚੇਅਰਮੈਨ ਰਿਹਾ ਹੋਇਆ।

ਅਰਜਨ ਸਿੰਘ ਨੂੰ ਪੰਜਾਬ ਭੇਜ ਕੇ ਕਾਂਗਰਸ ਪਾਰਟੀ ਨੇ ਇਕ ਤੀਰ ਨਾਲ ਦੋ ਸ਼ਿਕਾਰ ਕਰਨੇ ਚਾਹੇ-ਜੇ ਪੰਜਾਬ ਵਿਚ ਸ਼ਾਂਤੀ ਹੋ ਗਈ, ਪਾਰਟੀ ਦੀ ਸ਼ਾਨ ਬਣੇਗੀ। ਜੇ ਸ਼ਾਂਤੀ ਨਾ ਹੋਈ, ਅਰਜਨ ਸਿੰਘ ਦੀ ਬੇਇੱਜ਼ਤੀ ਹੋਏਗੀ।

ਸ੍ਰੀ ਰਾਜੀਵ ਗਾਂਧੀ ਨੂੰ ਸਲਾਹ ਮਿਲੀ ਕਿ ਦਰਬਾਰ ਸਾਹਿਬ ਮੱਥਾ ਟੇਕ ਕੇ ਆਪ੍ਰੇਸ਼ਨ ਬਲੂਸਟਾਰ ਅਤੇ ਦੰਗਿਆਂ ਦੀ ਖਿਮਾ ਮੰਗੇ। ਅਸੀਂ ਸੁਰੱਖਿਆ ਦਾ ਪੂਰਾ ਬੰਦੋਬਸਤ ਕੀਤਾ। ਜਿਹੜੇ ਪੁਲਿਸ ਅਫਸਰ ਪ੍ਰਧਾਨ ਮੰਤਰੀ ਦੇ ਗਾਰਡ ਹੋਣ, ਸਭ ਉਸ ਦੇ ਕੱਦ ਤੋਂ ਉਚੇ ਹੋਣ, ਪਰ ਇਹ ਸਕੀਮ ਆਖਰ ਆਈ.ਬੀ. ਦੇ ਕਹਿਣ 'ਤੇ ਰੱਦ ਕਰ ਦਿੱਤੀ ਗਈ।

ਅਰਜਨ ਸਿੰਘ ਨੇ ਅਕਾਲੀ ਦਲ ਵਿਚੋਂ ਸੰਤ ਹਰਚੰਦ ਸਿੰਘ ਲੌਂਗੋਵਾਲ ਨੂੰ ਦਿੱਲੀ ਰਾਜ਼ੀਨਾਮੇ ਵਾਸਤੇ ਜਾਣ ਲਈ ਤਿਆਰ ਕਰ ਲਿਆ। ਬਾਦਲ ਸਾਹਿਬ ਅਤੇ ਟੌਹੜਾ ਸਾਹਿਬ ਨਹੀਂ ਮੰਨੇ। ਸ਼ ਸੁਰਜੀਤ ਸਿੰਘ ਬਰਨਾਲਾ ਅਤੇ ਸ਼ ਬਲਵੰਤ ਸਿੰਘ ਤਿਆਰ ਹੋ ਗਏ। ਬਲਵੰਤ ਸਿੰਘ, ਅਰਜਨ ਸਿੰਘ ਦਾ ਵਫਾਦਾਰ ਬੰਦਾ ਸੀ, ਲੌਂਗੋਵਾਲ ਦਾ ਨਹੀਂ। ਸੰਤ ਵਿਚ ਅਰਜਨ ਸਿੰਘ ਵਰਗੀ ਕੂਟਨੀਤੀ ਕਿਥੇ? 24 ਜੁਲਾਈ 1985 ਨੂੰ ਰਾਜੀਵ-ਲੌਂਗੋਵਾਲ ਪੰਜਾਬ ਅਕਾਰਡ ਤੇ ਦੋਵਾਂ ਦੇ ਦਸਤਖਤ ਹੋ ਗਏ। ਪਤਾ ਲੱਗਾ ਕਿ ਦਸਤਖਤ ਕਰਨ ਪਿਛੋਂ ਸੰਤ ਚਿੰਤਾਤੁਰ ਹੋ ਗਏ, ਡਿਪਰੈਸ਼ਨ ਵਿਚ ਚਲੇ ਗਏ।

ਅਰਜਨ ਸਿੰਘ ਦਾ ਪਲੈਨ ਸੀ ਕਿ ਹੁਣ ਪੰਜਾਬ ਵਿਚ ਚੋਣਾਂ ਇਸ ਤਰ੍ਹਾਂ ਕਰਵਾਈਏ ਕਿ ਅਕਾਲੀ ਅਸੈਂਬਲੀ ਬਣ ਜਾਏ, ਫਿਰ ਅਕਾਲੀ ਜਾਣਨ ਜਾਂ ਖਾੜਕੂ। ਕਾਂਗਰਸੀ ਅਤੇ ਅਕਾਲੀ ਉਮੀਦਵਾਰ ਕਿਹੜੇ ਹੋਣਗੇ, ਇਹ ਫੈਸਲਾ ਅਰਜਨ ਸਿੰਘ ਨੇ ਕੀਤਾ। ਵਫਾਦਾਰੀ ਕਾਰਨ ਦਹਾਕਿਆਂ ਤੱਕ ਕਾਂਗਰਸ ਨੇ ਬਰਨਾਲਾ ਨੂੰ ਵੱਡੀਆਂ ਕੁਰਸੀਆਂ ਦਿੱਤੀਆਂ।

ਲੌਂਗੋਵਾਲ ਨੂੰ ਜਲਦੀ ਮਹਿਸੂਸ ਹੋ ਗਿਆ ਕਿ ਉਹ ਠੱਗੇ ਗਏ ਹਨ। ਸਿੱਖਾਂ ਨੂੰ ਇਸ ਵਿਚੋਂ ਕੁਝ ਨਹੀਂ ਮਿਲਿਆ, ਖਾੜਕੂਆਂ ਦੀ ਸ਼ਕਤੀ ਵਧਣੀ ਹੀ ਸੀ। ਸੰਤ ਲੌਂਗੋਵਾਲ ਪੁਲਿਸ ਵਲੋਂ ਮਾਰੇ ਜਾ ਰਹੇ ਖਾੜਕੂਆਂ ਦੇ ਭੋਗਾਂ ਵਿਚ ਜਾਣ ਲੱਗ ਪਏ।

ਸਰਕਾਰ ਨੂੰ ਲੱਗਾ ਕਿ ਸੰਤ ਦੀ ਜਾਨ ਨੂੰ ਖਤਰਾ ਹੈ। ਮੈਂ ਖੁਫੀਆ ਵਿੰਗ ਦੇ ਆਈ.ਜੀ. ਤ੍ਰਿੱਖਾ ਨੂੰ ਕਿਹਾ, ਜ਼ੀਰੋ ਡਿਫੈਕਟ ਇੰਤਜ਼ਾਮ ਕਰੋ। ਤ੍ਰਿੱਖਾ ਨੇ ਸੰਗਰੂਰ ਵਿਖੇ ਪੀ.ਏ.ਪੀ. ਦੇ ਆਈ.ਜੀ. ਅਤੇ ਸਿਕਿਊਰਿਟੀ ਦੇ ਆਈ.ਜੀ., ਐਸ਼ਪੀ. ਸੰਗਰੂਰ ਅਤੇ ਸਬੰਧਤ ਹੋਰ ਅਫਸਰਾਂ ਦੀ ਮੀਟਿੰਗ ਬੁਲਾ ਕੇ ਪੁਖਤਾ ਇੰਤਜ਼ਾਮ ਦੀ ਸਕੀਮ ਤਿਆਰ ਕਰਨ ਲਈ ਕਿਹਾ। ਐਸ਼ਪੀ. ਰੈਂਕ ਦਾ ਪੀ.ਏ.ਪੀ. ਅਫਸਰ ਗੁਰਬਚਨ ਸਿਘ ਮਾਨ, ਸੰਤ ਲੌਂਗੋਵਾਲ ਦੇ ਨਜ਼ਦੀਕ ਸੀ। ਉਸ ਨੂੰ ਸੁਰੱਖਿਆ ਦਾ ਮੁੱਖ ਇੰਚਾਰਜ ਲਾ ਦਿੱਤਾ। ਕੁਝ ਗਾਰਦ ਸਿਵਲ ਵਿਚ ਤੇ ਕੁਝ ਵਰਦੀ ਵਿਚ ਸੰਤ ਨੂੰ ਕਵਰ ਕਰੇਗੀ। ਕੇਵਲ ਵਧੀਆ ਹਥਿਆਰ ਨਹੀਂ, ਵਧੀਆ ਸੰਚਾਰ ਯੰਤਰ ਵੀ ਦਿੱਤੇ ਤਾਂ ਕਿ ਫੌਰਨ ਕਿਸੇ ਨਾਲ ਵੀ ਸੰਪਰਕ ਕਰ ਸਕਣ। ਫੈਸਲਾ ਹੋਇਆ ਕਿ ਮਾਨ ਵਾਲੇ ਇਸ ਯੂਨਿਟ ਦੀ ਨਿਗਰਾਨੀ ਆਈ.ਜੀ. ਇੰਟੈਲੀਜੈਂਸ ਤੇ ਡੀ.ਆਈ.ਜੀ. ਸੁਰੱਖਿਆ ਕਰਨਗੇ, ਉਹੀ ਟਰੇਨਿੰਗ ਦੇਣਗੇ, ਬਦਲੀਆਂ ਕਰਨਗੇ ਤੇ ਹਦਾਇਤਾਂ ਦੇਣਗੇ। ਆਈ.ਜੀ. ਨੇ ਪੁਲਿਸ ਚੀਫ ਨੂੰ ਤਾਜ਼ਾ ਜਾਣਕਾਰੀ ਦਿੰਦੇ ਰਹਿਣਾ ਹੋਵੇਗਾ। ਸਾਰਾ ਅਮਲਾ ਪੀ.ਏ.ਪੀ. ਦਾ ਹੋਣਾ ਹੈ।

ਪੰਜਾਬ ਅਕਾਰਡ 'ਤੇ ਦਸਤਖਤ ਹੋਣ ਪਿਛੋਂ ਲੌਂਗੋਵਾਲ ਪਿੰਡ ਦੇ ਨਜ਼ਦੀਕ ਸ਼ੇਰਪੁਰ ਵਿਖੇ ਸੰਤ ਦੀ ਹੱਤਿਆ ਹੋ ਗਈ। ਸੰਤ ਨੂੰ ਕਿਸ ਨੇ ਕਿਉਂ ਕਤਲ ਕੀਤਾ, ਇਸ ਰਹੱਸ ਤੋਂ ਪਰਦਾ ਨਹੀਂ ਉਠਿਆ। ਰਾਜਪਾਲ ਦੇ ਸੁਰੱਖਿਆ ਸਲਾਹਕਾਰ ਲੈਫਟੀਨੈਂਟ ਜਨਰਲ ਗੌਰੀ ਸ਼ੰਕਰ ਨੇ ਪੜਤਾਲ ਕੀਤੀ ਪਰ ਉਸ ਨੇ ਰਿਪੋਰਟ ਵਿਚ ਕੀ ਲਿਖਿਆ? ਕਿਸੇ ਨੂੰ ਪਤਾ ਨਹੀਂ। ਹਾਂ, ਕੁਝ ਪੁਲਿਸ ਮੁਲਾਜ਼ਮ ਸਸਪੈਂਡ ਕਰ ਦਿੱਤੇ, ਕੁਝ ਡਿਸਮਿਸ। ਗੌਰੀ ਸ਼ੰਕਰ ਨੇ ਛੇਤੀ ਅਸਤੀਫਾ ਦੇ ਦਿੱਤਾ। ਮਰਜ਼ੀ ਨਾਲ ਕਿ ਦਬਾਅ ਅਧੀਨ, ਪਤਾ ਨਹੀਂ। ਜਦੋਂ ਉਹ ਮਦਰਾਸ ਆਪਣੇ ਘਰ ਚਲਾ ਗਿਆ ਤਾਂ ਮੇਰੇ ਕੋਲ ਫੋਨ ਆਇਆ ਕਿ ਉਸ ਨੇ ਮੈਨੂੰ ਕੋਈ ਸੂਚਨਾ ਦੇਣੀ ਹੈ। ਮੈਨੂੰ ਲੱਗਾ ਲੌਂਗੋਵਾਲ ਦੀ ਹੱਤਿਆ ਬਾਰੇ ਕੋਈ ਗੱਲ ਹੋਣੀ ਹੈ, ਪਰ ਛੇਤੀ ਹੀ ਗੌਰੀ ਸ਼ੰਕਰ ਦੀ ਵੀ ਮੌਤ ਹੋ ਗਈ। ਮੈਂ ਖੁਦ ਸੰਤ ਦੇ ਕਤਲ ਬਾਰੇ ਜਾਣਕਾਰੀ ਇਕੱਤਰ ਕਰਨ ਲੱਗਾ।ਸੰਤ ਦੀ ਸੁਰੱਖਿਆ ਸਕੀਮ ਨੂੰ ਅੰਜਾਮ ਦਿੱਤਿਆਂ ਅਜੇ ਕੁਝ ਕੁ ਦਿਨ ਹੋਏ ਸਨ ਕਿ ਪੀ.ਏ.ਪੀ. ਦੇ ਆਈ.ਜੀ. ਨੇ ਗੁਰਬਚਨ ਸਿੰਘ ਮਾਨ ਦੀ ਥਾਂ ਐਸ਼ਪੀ. (ਪੀ.ਏ.ਪੀ.) ਜੀਤ ਸਿੰਘ ਨੂੰ ਚਾਰਜ ਦੇ ਦਿੱਤਾ। ਜੀਤ ਸਿੰਘ ਵਿਰੁਧ ਵਿਭਾਗੀ ਪੜਤਾਲ ਚੱਲ ਰਹੀ ਸੀ ਕਿ ਉਸ ਦੇ ਖਤਰਨਾਕ ਬੰਦਿਆਂ ਨਾਲ ਲਿੰਕ ਹਨ। ਵਿਭਾਗ ਨੇ ਡਿਸਮਿਸ ਕਰਨ ਦੀ ਸਿਫਾਰਿਸ਼ ਕਰ ਕੇ ਰਾਜਪਾਲ ਅਰਜਨ ਸਿੰਘ ਪਾਸ ਫਾਈਲ ਭੇਜੀ ਹੋਈ ਸੀ, ਤਾਂ ਕਿ ਆਰਡਰ ਕਰ ਦੇਣ। ਇਹੋ ਜਿਹੇ ਬੰਦੇ ਨੂੰ ਸੰਤ ਦੀ ਸੁਰੱਖਿਆ ਲਈ ਤਾਇਨਾਤ ਕਰਨਾ ਬੜਾ ਗ਼ੈਰ ਜ਼ਿੰਮੇਵਾਰਾਨਾ ਫੈਸਲਾ ਸੀ। ਆਈ.ਜੀ. ਖੁਫੀਆ ਵਿਭਾਗ ਅਤੇ ਆਈ.ਜੀ. ਪੀ.ਏ.ਪੀ ਕੋਈ ਤਸੱਲੀਬਖ਼ਸ਼ ਜਵਾਬ ਨਹੀਂ ਦੇ ਸਕੇ। ਹੁਣ ਗਵਰਨਰ ਨੇ ਫਟਾਫਟ ਜੀਤ ਸਿੰਘ ਦੀ ਮੁਅੱਤਲੀ ਦੇ ਹੁਕਮ ਕਰ ਦਿੱਤੇ। ਆਈ.ਜੀ. ਖੁਫੀਆ ਵਿੰਗ ਦਾ ਰਾਜਪਾਲ ਨਾਲ ਸਿੱਧਾ ਰਾਬਤਾ ਸੀ। ਜਸਟਿਸ ਗੁਰਨਾਮ ਸਿੰਘ ਜਾਂਚ ਕਮਿਸ਼ਨ ਨੂੰ ਇਸ ਕਤਲ ਦੀ ਪੜਤਾਲ ਵਾਸਤੇ ਕਿਹਾ ਗਿਆ।

ਜੀ.ਆਈ.ਐਸ਼ ਭੁਲਰ ਨੇ ਮੇਰੇ ਕੋਲ ਇਸ ਘਟਨਾ ਦੀਆਂ ਕਈ ਪਰਤਾਂ ਖੋਲ੍ਹੀਆਂ। ਸੰਤ ਜੀ ਦੇ ਪਿਛੇ ਦੋ ਨੌਜਵਾਨ ਬੈਠੇ ਸਨ। ਅਰਦਾਸ ਪਿਛੋਂ ਸੰਤ ਜਦੋਂ ਮੱਥਾ ਟੇਕਣ ਲਈ ਝੁਕੇ ਤਾਂ ਇਨ੍ਹਾਂ ਨੇ ਰਿਵਾਲਵਰਾਂ ਨਾਲ ਸੰਤ 'ਤੇ ਫਾਇਰ ਕੀਤੇ। ਸੰਗਤ ਵਿਚ ਅਜਿਹੇ ਮੌਕੇ ਭਗਦੜ ਮੱਚਣੀ ਹੀ ਸੀ, ਪਰ ਸੰਤਾਂ ਦੇ ਕੁਝ ਸੂਝਵਾਨ ਸ਼ਰਧਾਲੂ ਉਨ੍ਹਾਂ ਦੇ ਸਰੀਰ ਉਪਰ ਲੇਟ ਗਏ ਤਾਂ ਕਿ ਹੋਰ ਗੋਲੀ ਨਾ ਵੱਜ ਸਕੇ। ਇਕ ਪੁਲਿਸ ਅਫਸਰ ਤੁਰੰਤ ਮੌਕੇ 'ਤੇ ਆਇਆ, ਤੇ ਲੇਟੇ ਸ਼ਰਧਾਲੂਆਂ ਨੂੰ ਕਿਹਾ, ਕਾਤਲ ਫੜੇ ਗਏ ਹਨ, ਉਠੋ। ਜਦੋਂ ਉਹ ਉਠ ਖਲੋਤੇ, ਉਦੋਂ ਸੰਤ 'ਤੇ ਦੁਬਾਰਾ ਮਾਰੂ ਫਾਇਰਿਗ ਹੋਈ। ਇਹ ਤੱਥ ਰਿਪੋਰਟ ਵਿਚ ਦਰਜ ਹੀ ਨਹੀਂ ਹੋਏ।

ਚੰਡੀਗੜ੍ਹ ਅਤੇ ਦਿੱਲੀ ਵਿਚ ਇਸ ਕਤਲ ਦੇ ਵੇਰਵੇ ਜਾਣਨ ਵਿਚ ਕਿਸੇ ਦੀ ਰੁਚੀ ਨਹੀਂ ਸੀ। ਸੰਤ ਦੀ ਸੁਰੱਖਿਆ ਛਤਰੀ ਵਿਚ ਅਦਲਾ-ਬਦਲੀ ਕਰਨ ਵਾਲਾ ਅਫਸਰ ਕੌਣ ਸੀ ਜਿਸ ਸਦਕਾ ਇਹ ਭਾਣਾ ਵਾਪਰਿਆ? ਕੀ ਪੀ.ਏ.ਪੀ. ਦੇ ਡੀ.ਆਈ.ਜੀ. ਅਤੇ ਆਈ.ਜੀ. ਨੂੰ ਜੀਤ ਸਿੰਘ ਬਾਰੇ ਕੁਝ ਵੀ ਪਤਾ ਨਹੀਂ ਸੀ ਕਿ ਉਸ ਦਾ ਪਿਛੋਕੜ ਕਿਹੋ ਜਿਹਾ ਹੈ? ਇਨ੍ਹਾਂ ਦੋਵਾਂ ਅਫਸਰਾਂ ਨੇ ਹੀ ਪੜਤਾਲ ਕਰ ਕੇ ਜੀਤ ਸਿੰਘ ਨੂੰ ਡਿਸਮਿਸ ਕਰਨ ਦੀ ਸਿਫਾਰਿਸ਼ ਭੇਜੀ ਸੀ। ਸੰਤ ਦੀ ਸੁਰੱਖਿਆ ਵਾਸਤੇ ਤਾਇਨਾਤੀ ਤੋਂ ਪਹਿਲਾਂ ਕੀ ਇਨ੍ਹਾਂ ਨੇ ਆਈ.ਜੀ. ਖੁਫੀਆ ਵਿਭਾਗ ਦੀ ਆਗਿਆ ਲੈ ਲਈ ਸੀ? ਜੇ ਹਾਂ, ਤਾਂ ਆਈ.ਜੀ. ਖੁਫੀਆ ਵਿੰਗ ਨੇ ਮੈਨੂੰ ਕਿਉਂ ਨਹੀਂ ਦੱਸਿਆ? ਰਾਜਪਾਲ ਨੇ ਬਰਖਾਸਤਗੀ ਦੀ ਫਾਈਲ ਲੰਮਾ ਸਮਾਂ ਆਪਣੇ ਕੋਲ ਕਿਉਂ ਧਰੀ ਰੱਖੀ? ਪੀ.ਏ.ਪੀ. ਦੇ ਆਈ.ਜੀ. ਨੂੰ ਵਾਇਰਲੈਸ ਰਾਹੀਂ ਇਸ ਘਟਨਾਕ੍ਰਮ ਬਾਰੇ ਜਿਹੜਾ ਪੱਤਰ ਘੱਲਿਆ, ਉਸ ਦਾ ਕਦੀ ਜਵਾਬ ਨਹੀਂ ਆਇਆ।

ਮੈਨੂੰ ਪਤਾ ਲੱਗਾ, ਰਾਜਪਾਲ ਲੌਂਗੋਵਾਲ ਪਿੰਡ ਸਸਕਾਰ ਉਤੇ ਪੁੱਜ ਗਏ ਹਨ। ਮੈਂ ਉਨ੍ਹਾਂ ਨੂੰ ਕਿਹਾ, ਮੈਂ ਜਲਦੀ ਪੁੱਜ ਰਿਹਾ ਹਾਂ। ਉਨ੍ਹਾਂ ਕਿਹਾ, ਨਹੀਂ, ਤੁਸੀਂ ਚੰਡੀਗੜ੍ਹ ਰਹੋ, ਸੁਰੱਖਿਆ ਦੀ ਨਿਗਰਾਨੀ ਕਰੋ। ਬਾਅਦ ਵਿਚ ਮੈਨੂੰ ਪਤਾ ਲੱਗਾ ਕਿ ਆਈ.ਜੀ. ਪੀ.ਏ.ਪੀ. ਅਤੇ ਆਈ.ਜੀ. ਖੁਫੀਆ ਵਿੰਗ ਨਾਲ ਉਨ੍ਹਾਂ ਉਥੇ ਮੀਟਿੰਗ ਕੀਤੀ ਤੇ ਕੁਝ ਹਦਾਇਤਾਂ ਦਿੱਤੀਆਂ। ਇਹ ਉਹੋ ਦੋ ਅਫਸਰ ਸਨ ਜਿਨ੍ਹਾਂ ਨੇ ਜੀਤ ਸਿੰਘ ਨੂੰ ਸੰਤਾਂ ਦੀ ਸੁਰੱਖਿਆ ਲਈ ਤਾਇਨਾਤ ਕੀਤਾ। ਜੋ ਹੋਇਆ, ਉਸ ਦੇ ਦੋਸ਼ ਤੋਂ ਇਹ ਕਿਵੇਂ ਬਚ ਸਕਦੇ ਸਨ? ਹੋਰ ਤਾਂ ਹੋਰ, ਮੇਰੇ ਅਧੀਨ ਕੰਮ ਕਰਦੇ ਇਨ੍ਹਾਂ ਅਫਸਰਾਂ ਨੇ ਮੈਨੂੰ ਇਹ ਦੱਸਣਾ ਵੀ ਮੁਨਾਸਬ ਨਹੀਂ ਸਮਝਿਆ ਕਿ ਲੌਂਗੋਵਾਲ ਪਿੰਡ ਰਾਜਪਾਲ ਨਾਲ ਮੀਟਿੰਗ ਵਿਚ ਕੀ ਵਿਚਾਰ ਵਟਾਂਦਰਾ ਹੋਇਆ। ਜੇ ਮੈਨੂੰ ਰਾਜਪਾਲ ਨੇ ਖੁਦ ਚੰਡੀਗੜ੍ਹ ਰਹਿਣ ਦਾ ਹੁਕਮ ਨਾ ਦਿੱਤਾ ਹੁੰਦਾ, ਮੈਂ ਲੌਂਗੋਵਾਲ ਜਾ ਕੇ ਮੌਕੇ ਦੀ ਸਾਰੀ ਸੂਚਨਾ ਇਕੱਠੀ ਕਰ ਕੇ ਕੇਂਦਰ ਨੂੰ ਭੇਜ ਦੇਣੀ ਸੀ। ਇਹੋ ਕੁਝ ਰਾਜਪਾਲ ਨੇ ਹੋਣ ਨਹੀਂ ਦੇਣਾ ਸੀ। ਇਹ ਕਤਲ ਅਣਗਹਿਲੀ ਦਾ ਨਤੀਜਾ ਸੀ ਕਿ ਸੰਗੀਨ ਸਾਜ਼ਿਸ਼, ਇਸ ਦਾ ਪਤਾ ਲਾਉਣਾ ਔਖਾ ਕੰਮ ਨਹੀਂ ਸੀ।

ਹੁਣ ਅੱਗਿਉਂ ਕੀ ਕੀਤਾ ਜਾਵੇ, ਰਾਜਪਾਲ ਨੇ ਮੇਰੀ ਸਲਾਹ ਲੈਣੀ ਵਾਜਬ ਨਹੀਂ ਸਮਝੀ। ਤਾਂ ਵੀ ਮੈਂ ਵਿਸਤ੍ਰਿਤ ਰਿਪੋਰਟ ਤਿਆਰ ਕੀਤੀ ਤੇ ਘਟਨਾਵਾਂ ਦੇ ਵੇਰਵੇ ਸਹਿਤ ਡਾਇਰੈਕਟਰ ਆਈ.ਬੀ. ਨੂੰ ਭੇਜ ਦਿੱਤੀ। ਮੇਰਾ ਨਹੀਂ ਖਿਆਲ, ਡਾਇਰੈਕਟਰ ਨੇ ਪ੍ਰਧਾਨ ਮੰਤਰੀ ਤੱਕ ਇਹ ਪੁਚਾਈ ਹੋਵੇ, ਸਗੋਂ ਰਾਜਪਾਲ ਨੇ ਪ੍ਰਧਾਨ ਮੰਤਰੀ ਨੂੰ ਕਹਿਣਾ ਸ਼ੁਰੂ ਕਰ ਦਿੱਤਾ ਕਿ ਸੰਤ ਲੌਂਗੋਵਾਲ ਦਾ ਕਤਲ ਪੁਲਿਸ ਚੀਫ ਢਿਲੋਂ ਦੀ ਅਣਗਹਿਲੀ ਕਾਰਨ ਹੋਇਆ ਹੈ। ਮੈਂ ਪ੍ਰਧਾਨ ਮੰਤਰੀ ਤੋਂ ਮਿਲਣ ਦਾ ਸਮਾਂ ਮੰਗਿਆ, ਨਹੀਂ ਮਿਲਿਆ। ਮੇਰੀ ਬਦਲੀ ਮੇਰੇ ਕੇਡਰ ਮੱਧ ਪ੍ਰਦੇਸ਼ ਵਿਚ ਹੋ ਗਈ। ਕੌਮੀ, ਕੌਮਾਂਤਰੀ ਪ੍ਰੈਸ ਵਿਚ ਇਸ ਖਬਰ ਦੀਆਂ ਵੱਡੀਆਂ ਸੁਰਖੀਆਂ ਛਪੀਆਂ। ਸਾਰਾ ਦਿਨ ਫੋਨ ਆਉਂਦੇ ਰਹੇ। ਅਮਰੀਕਾ ਤੋਂ ਮੇਰੀ ਭੈਣ ਦਾ ਫੋਨ ਆਇਆ, ਇਹੋ ਜਿਹੀ ਸਰਕਾਰ ਦੀ ਨੌਕਰੀ ਕਿਉਂ ਕਰਨੀ ਹੈ, ਅਸਤੀਫਾ ਦੇ ਦੇ।

ਲੇਖਕ : ਸੁਰਿੰਦਰ ਸਿੰਘ ਤੇਜ

# ਚੀਨ ਤੇ ਪੱਛਮ

## ਅਕਸ ਤੇ ਅਸਲੀਅਤ



ਸਤੰਬਰ 2023 ਵਿੱਚ ਭਾਰਤੀ ਵਣਜ ਮੰਤਰਾਲੇ ਨੇ ਚੀਨ ਤੋਂ ਲੈਪਟੌਪਸ, ਟੈਬਲੈੱਟਸ ਤੇ ਪਰਸਨਲ ਕੰਪਿਊਟਰਾਂ (ਪੀ.ਸੀਜ਼) ਦੀ ਦਰਾਮਦ ਉੱਤੇ ਰੋਕ ਲਗਾ ਦਿੱਤੀ। ਇਜਾਜ਼ਤ ਉਸ ਮੁਲਕ ਤੋਂ ਸਿਰਫ਼ ਕੰਪਿਊਟਰ ਹਾਰਡਵੇਅਰ ਮੰਗਵਾਉਣ ਦੀ ਦਿੱਤੀ ਗਈ। ਕੰਪਿਊਟਰ ਸਨਅਤ ਨੇ ਇਸ ਰੋਕ ਦਾ ਵਿਰੋਧ ਕੀਤਾ। ਮੰਗ ਕੀਤੀ ਗਈ ਕਿ ਇਹ ਬੰਦਸ਼ ਘੱਟੋ ਘੱਟ ਇੱਕ ਮਹੀਨੇ ਲਈ ਮੁਲਤਵੀ ਕੀਤੀ ਜਾਵੇ ਤਾਂ ਜੋ ਪੀ.ਸੀਜ਼ ਦਾ ਨਿਰਮਾਣ ਕਰਨ ਵਾਲੀਆਂ ਭਾਰਤੀ ਕੰਪਨੀਆਂ ਇਸ ਨਿਰਮਾਣ ਤੇ ਵਿਨਿਰਮਾਣ ਵਿੱਚ ਵਰਤੇ ਜਾਂਦੇ ਸਾਜ਼ੋ-ਸਾਮਾਨ ਤੇ ਕਲ-ਪੁਰਜ਼ਿਆਂ ਦੀ ਸਪਲਾਈ ਦੇ ਬਦਲਵੇਂ ਪ੍ਰਬੰਧ ਕਰ ਸਕਣ। ਇਹ ਮੰਗ ਵਾਜਬ ਸੀ, ਸਰਕਾਰ ਆਪਣੇ ਹੁਕਮਾਂ ਨੂੰ 15 ਦਿਨਾਂ ਲਈ ਮੁਲਤਵੀ ਕਰਨ ਵਾਸਤੇ ਰਾਜ਼ੀ ਹੋ ਗਈ। ਪੰਦਰ੍ਹਾਂ ਦਿਨਾਂ ਬਾਅਦ ਫਿਰ ਸ਼ੋਰ-ਸ਼ਰਾਬਾ ਸ਼ੁਰੂ ਹੋ ਗਿਆ ਕਿ ਬਦਲਵੇਂ ਪ੍ਰਬੰਧ ਅਜੇ ਰਵਾਂ ਨਹੀਂ ਹੋਏ, ਇਸ ਕਰਕੇ ਭਾਰਤੀ ਨਿਰਮਾਤਾਵਾਂ ਨੂੰ ਆਲਮੀ ਮੰਡੀ ਵਿੱਚ ਮਾਰ ਪੈਣ ਲੱਗੀ ਹੈ। ਸਰਕਾਰ ਨੇ ਸਾਰੇ ਸ਼ਿਕਵੇ ਦੂਰ ਕਰਨ ਦੀ ਖ਼ਾਤਿਰ ਰੋਕ ਵਾਲਾ ਹੁਕਮ ਮਾਰਚ 2024 ਤੱਕ ਮੁਲਤਵੀ ਕਰ ਦਿੱਤਾ। ਹੁਣ ਇਹ ਅੰਕੜੇ ਸਾਹਮਣੇ ਆਏ ਹਨ ਕਿ ਰੋਕ ਹਟਦਿਆਂ ਹੀ ਪਰਸਨਲ ਕੰਪਿਊਟਰਾਂ ਤੇ ਲੈਪਟੌਪਾਂ ਦੀ ਦਰਾਮਦ ਰਿਕਾਰਡਤੋੜ ਤੇਜ਼ੀ ਨਾਲ ਵਧੀ। ਇਕੱਲੇ ਦਸੰਬਰ 2023 ਵਿੱਚ ਇਹ ਵਾਧਾ 11 ਫ਼ੀਸਦੀ ਤੋਂ ਜ਼ਿਆਦਾ ਸੀ। ਜ਼ਾਹਿਰ ਹੈ ਕਿ 'ਮੇਕ ਇਨ ਇੰਡੀਆ' ਤੇ 'ਆਤਮ-ਨਿਰਭਰ ਭਾਰਤ' ਵਰਗੇ ਸੰਕਲਪਾਂ ਦੀਆਂ ਪਰਚਮਬਰਦਾਰ ਮੰਨੀਆਂ ਜਾਂਦੀਆਂ ਕੰਪਨੀਆਂ ਅਜੇ ਵੀ ਸਹੀ ਮਾਅਨਿਆਂ ਵਿੱਚ ਆਪ ਉਤਪਾਦਨ ਨਹੀਂ ਕਰ ਰਹੀਆਂ ਬਲਕਿ ਆਪਣੇ ਉਤਪਾਦਨ, ਚੀਨ ਤੋਂ ਹੀ ਆਊਟਸੋਰਸ ਕਰ ਰਹੀਆਂ ਹਨ। ਦਾਅਵੇ ਭਾਵੇਂ ਉਹ ਕੁਝ ਵੀ ਕਰਨ।

ਇਕੱਲਾ ਭਾਰਤ ਹੀ ਨਹੀਂ, ਅਮਰੀਕਾ ਤੇ ਉਸ ਦੇ ਯੂਰੋਪੀਅਨ ਭਾਈਵਾਲ ਵੀ ਇਸੇ ਸੂਰਤੇਹਾਲ ਨਾਲ ਜੂਝ ਰਹੇ ਹਨ। ਇਹ ਮੰਨਿਆ ਜਾਂਦਾ ਹੈ ਕਿ ਭਾਰਤ ਉਨ੍ਹਾਂ ਨਾਲੋਂ ਮੁਕਾਬਲਤਨ ਬਿਹਤਰ ਸਥਿਤੀ ਵਿੱਚ ਇਸ ਕਰਕੇ ਹੈ ਕਿ ਇਸ ਨੇ ਬਹੁਤ ਸਾਰੀਆਂ ਵਸਤਾਂ ਦਾ ਉਤਪਾਦਨ ਆਪਣੇ ਹੱਥਾਂ ਵਿੱਚ ਰੱਖਿਆ ਅਤੇ ਚੀਨ ਨੂੰ ਹਰ ਨਿਰਮਾਣ ਖੇਤਰ ਵਿੱਚ ਖੁੱਲ੍ਹਦਿਲੀ ਨਾਲ ਦਾਖ਼ਲਾ ਨਹੀਂ ਦਿੱਤਾ। ਦੂਜੇ ਪਾਸੇ, ਜੇ ਚੀਨ ਅੱਜ ਪ੍ਰਮੁੱਖ ਆਰਥਿਕ ਮਹਾਂਸ਼ਕਤੀ ਹੈ ਤਾਂ ਇਸ ਪਿੱਛੇ ਮੁੱਖ ਹੱਥ ਅਮਰੀਕਾ ਜਾਂ ਯੂਰੋਪੀਅਨ ਤਾਕਤਾਂ ਦਾ ਹੀ ਹੈ। ਉਨ੍ਹਾਂ ਮੁਲਕਾਂ ਵਿੱਚ ਉਤਪਾਦਨ ਤੇ ਨਿਰਮਾਣ ਖੇਤਰ ਜਾਂ ਤਾਂ ਜੰਗੀ ਸਾਜ਼ੋ-ਸਾਮਾਨ ਤੇ ਗੋਲੀ-ਸਿੱਕਾ ਤਿਆਰ ਕਰਨ ਵਾਲੇ ਕਾਰਖ਼ਾਨਿਆਂ ਤੱਕ ਸੀਮਿਤ ਹੋ ਗਿਆ ਅਤੇ ਜਾਂ ਫਿਰ ਵੱਡੇ ਵੱਡੇ ਹਵਾਈ ਜਹਾਜ਼ਾਂ ਤੇ ਇਨ੍ਹਾਂ ਦੇ ਇੰਜਣਾਂ ਦੀ ਤਿਆਰੀ ਤੱਕ। ਬਾਕੀ ਹਰ ਕਿਸਮ ਦਾ ਸਾਜ਼ੋ-ਸਾਮਾਨ, ਖ਼ਾਸ ਕਰਕੇ ਘਰੇਲੂ ਖ਼ਪਤ ਦੇ ਉਤਪਾਦ, ਬੱਚਿਆਂ ਤੇ ਵੱਡਿਆਂ ਦੇ ਵਸਤਰ ਅਤੇ ਘਰੇਲੂ ਵਰਤੋਂ ਵਿੱਚ ਆਉਂਦੇ ਹਰ ਤਰ੍ਹਾਂ ਦੇ ਬਿਜਲਈ ਉਪਕਰਣ ਵੀ ਚੀਨ ਤੋਂ ਆਉਣ ਲੱਗੇ। ਹੁਣ ਹਾਲ ਇਹ ਹੈ ਕਿ ਪੱਛਮੀ ਜਗਤ, ਆਨੇ-ਬਹਾਨੇ ਚੀਨ ਉੱਪਰ ਆਰਥਿਕ ਬੰਦਸ਼ਾਂ ਤਾਂ ਲਾਉਂਦਾ ਹੈ ਪਰ ਇਹ ਬੰਦਸ਼ਾਂ ਲਗਾਤਾਰ ਬੇਅਸਰ ਸਾਬਤ ਹੋ ਰਹੀਆਂ ਹਨ। ਕਾਰੋਬਾਰੀ ਜਮਾਤ ਦੀ ਮਨੋਬਣਤਰ ਅਜਿਹੀ ਹੈ ਕਿ ਉਹ ਪਹਿਲਾਂ ਮਾਇਕ ਮੁਨਾਫ਼ੇ ਬਾਰੇ ਸੋਚਦੀ ਹੈ, ਫਿਰ ਆਪਣੇ ਵਤਨ ਦੇ ਭਲੇ ਲਈ। ਕਿਹਾ ਤਾਂ ਇਹ ਵੀ ਜਾਂਦਾ ਹੈ ਕਿ ਇਸ ਜਮਾਤ ਵਾਸਤੇ ਦੌਲਤ ਹੀ, ਦਰਅਸਲ, ਵਤਨਪ੍ਰਸਤੀ ਹੈ। ਇਸੇ ਕਰਕੇ ਅਮਰੀਕਾ ਵਿੱਚ ਮਾਲ ਤਾਂ ਚੀਨ ਤੋਂ ਹੀ ਆ ਰਿਹਾ ਹੈ। ਜੇਕਰ ਸਿੱਧਾ ਨਹੀਂ ਤਾਂ ਨਾ ਸਹੀ; ਇਹ ਹੁਣ ਵੀਅਤਨਾਮੀ, ਜਾਪਾਨੀ, ਕੋਰੀਅਨ ਤੇ ਥਾਈ ਕੰਪਨੀਆਂ ਦੇ ਲੇਬਲਾਂ ਨਾਲ ਆ ਰਿਹਾ ਹੈ। ਲਿਹਾਜ਼ਾ, ਚੀਨ ਨੂੰ 'ਥੱਲੇ ਥੱਲੇ' ਲਾਉਣ ਦੇ ਯਤਨ, ਅਸਲ ਵਿੱਚ, ਉਸ ਦੀ 'ਬੱਲੇ ਬੱਲੇ' ਦੀ ਵਜ੍ਹਾ ਬਣ ਰਹੇ ਹਨ।

ਇਸੇ ਕਥਾਨਕ ਨੂੰ ਵੱਧ ਵਿਸਥਾਰਤ ਰੂਪ ਵਿੱਚ ਪੇਸ਼ ਕਰਦੀ ਹੈ ਡਾ. ਕੈਰੀ ਬ੍ਰਾਊਨ ਦੀ ਨਵੀਂ ਕਿਤਾਬ 'ਚਾਈਨਾ ਇਨਕਾਰਪੋਰੇਟਿਡ' (ਬਲੂਮਜ਼ਬਰੀ; 210 ਪੰਨੇ; 999 ਰੁਪਏ)। ਇਹ ਚੀਨ ਨੂੰ ਸਾਡੇ ਜਹਾਨ ਦੀ ਅੱਵਲਤਰੀਨ ਆਰਥਿਕ ਸ਼ਕਤੀ ਦਾ ਦਰਜਾ ਨਾ ਦੇਣ ਦੀਆਂ ਪੱਛਮੀ ਜਗਤ ਦੀਆਂ ਸਾਜ਼ਿਸ਼ਾਂ ਤੇ ਢਕੌਂਸਲਿਆਂ ਨੂੰ ਬੇਪਰਦ ਕਰਦੀ ਹੈ ਅਤੇ ਬਾਦਲੀਲ ਢੰਗ ਨਾਲ ਦੱਸਦੀ ਹੈ ਕਿ ਇਨਸਾਨੀ ਪ੍ਰਗਤੀ, ਅਤਿ-ਆਧੁਨਿਕ ਸੁਖ-ਸਹੂਲਤਾਂ ਤੇ ਸੁਖਾਵੀਂ ਜ਼ਿੰਦਗੀ ਦੇ ਸਾਰੇ ਮਿਆਰਾਂ ਪੱਖੋਂ ਚੀਨ ਹੁਣ ਪੱਛਮ ਦੇ ਸਭ ਤੋਂ ਖੁਸ਼ਹਾਲ ਮੁਲਕਾਂ ਤੋਂ ਕਿਸੇ ਵੀ ਤਰ੍ਹਾਂ ਊਣਾ ਨਹੀਂ। ਡਾ. ਬ੍ਰਾਊਨ 30 ਵਰ੍ਹਿਆਂ ਤੋਂ ਚੀਨ ਬਾਰੇ ਲਿਖਦੇ ਆ ਰਹੇ ਹਨ। ਉਨ੍ਹਾਂ ਦੀਆਂ ਚੀਨ ਬਾਰੇ ਕਿਤਾਬਾਂ ਦੀ ਗਿਣਤੀ 22 ਤੋਂ ਵੱਧ ਹੈ। ਉਹ ਤਕਰੀਬਨ ਦਸ ਵਰ੍ਹੇ ਪੇਈਚਿੰਗ ਵਿੱਚ ਰਹੇ; ਪਹਿਲਾਂ ਬ੍ਰਿਟਿਸ਼ ਦੂਤਾਵਾਸ ਵਿੱਚ ਪ੍ਰਥਮ ਸਕੱਤਰ ਵਜੋਂ ਅਤੇ ਫਿਰ ਯੂਨੀਵਰਸਿਟੀ ਅਧਿਆਪਕ ਵਜੋਂ। ਹੁਣ ਵੀ ਉਹ ਚੀਨ ਅਕਸਰ ਆਉਂਦੇ ਜਾਂਦੇ ਰਹਿੰਦੇ ਹਨ, ਮੁੱਖ ਤੌਰ 'ਤੇ ਅਕਾਦਮੀਸ਼ਨ ਦੇ ਰੂਪ ਵਿੱਚ। ਪਿਛਲੇ ਚਾਰ ਵਰ੍ਹਿਆਂ ਤੋਂ ਉਹ ਕਿੰਗਜ਼ ਕਾਲੇਜ, ਲੰਡਨ ਵਿੱਚ ਚੀਨੀ ਅਧਿਐਨ ਵਿਸ਼ੇ ਦੇ ਪ੍ਰੋਫੈਸਰ ਹਨ। ਉਨ੍ਹਾਂ ਦੀਆਂ ਕਿਤਾਬਾਂ ਦੀ ਖ਼ਾਸੀਅਤ ਇਹ ਹੈ ਕਿ ਇਹ ਚੀਨ ਦਾ ਪੱਛਮੀ ਪੱਖਪਾਤਾਂ ਮੁਤਾਬਿਕ ਢਲਿਆ ਅਕਸ ਨਹੀਂ ਹੁੰਦੀਆਂ, ਅਸਲੀਅਤ ਬਿਆਨ ਕਰਦੀਆਂ ਹਨ। ਇਹ ਲੱਫ਼ਾਜ਼ੀ ਉੱਤੇ ਨਿਰਭਰ ਹੋਣ ਦੀ ਥਾਂ ਦਲੀਲ ਤੇ ਇਲਮੀਅਤ (ਗਿਆਨਵਾਦ) ਨੂੰ ਆਪਣੇ ਬਿਰਤਾਂਤ ਦਾ ਆਧਾਰ ਬਣਾਉਂਦੀਆਂ ਹਨ। ਡਾ. ਬ੍ਰਾਊਨ ਪਿਛਲੇ ਦੋ ਦਸ਼ਕਾਂ ਤੋਂ ਇਹੋ ਦੁਹਾਈ ਦਿੰਦੇ ਆ ਰਹੇ ਹਨ ਕਿ ਪੱਛਮੀ ਜਗਤ, ਚੀਨੀ ਤਵਾਰੀਖ਼ ਤੇ ਤਹਿਜ਼ੀਬ ਦੀ ਕਦਰ ਕਰਨੀ ਸਿੱਖੇ ਅਤੇ ਫਿਰ ਇਸ ਕਦਰ ਨੂੰ ਆਪਣੀਆਂ ਰਾਵਾਂ ਤੇ ਧਾਰਨਾਵਾਂ ਦੀ ਬੁਨਿਆਦ ਬਣਾਏ। 'ਚਾਈਨਾ ਇਨਕਾਰਪੋਰੇਟਿਡ' ਮੁੱਖ ਤੌਰ 'ਤੇ ਤਿੰਨ ਨੁਕਤਿਆਂ ਦਾ ਵਿਸ਼ਲੇਸ਼ਣ ਪੇਸ਼ ਕਰਦੀ ਹੈ:

1. ਚੀਨ ਮਜ਼ਬੂਤ ਤੇ ਤਾਕਤਵਰ ਮੁਲਕ ਹੈ, ਇਹ ਕਿਸੇ ਵੀ ਤਰ੍ਹਾਂ ਕਮਜ਼ੋਰ ਨਹੀਂ।
2. ਇਹ ਵਪਾਰਕ ਮਹਾਂਸ਼ਕਤੀ ਤਾਂ ਹੈ ਹੀ, ਹੁਣ ਜਲ ਸੈਨਿਕ ਸ਼ਕਤੀ ਵੀ ਹੈ।
3. ਚੀਨੀ ਵਿਚਾਰਧਾਰਾ, ਸੋਚ, ਰਵਾਇਤਾਂ ਤੇ ਕਦਰਾਂ-ਕੀਮਤਾਂ ਅਮਰੀਕਾ ਜਾਂ ਪੱਛਮੀ ਜਗਤ ਤੋਂ ਬਿਲਕੁਲ ਭਿੰਨ ਹਨ।

ਇਸੇ ਕਾਰਨ ਚੀਨ ਨੂੰ ਪੱਛਮੀ ਵਿਚਾਰਧਾਰਕ ਸਾਂਚੇ ਵਿੱਚ ਢਾਲਣ ਦੀਆਂ ਕੋਸ਼ਿਸ਼ਾਂ ਨਾਕਾਮ ਸਾਬਤ ਹੁੰਦੀਆਂ ਆਈਆਂ ਹਨ ਅਤੇ ਹੁੰਦੀਆਂ ਰਹਿਣਗੀਆਂ। ਕਿਤਾਬ ਵਿੱਚ ਇਨ੍ਹਾਂ ਤਿੰਨਾਂ ਨੁਕਤਿਆਂ ਉੱਤੇ ਚਿੰਤਨ-ਮੰਥਨ ਪ੍ਰਮਾਣਾਂ ਸਹਿਤ ਕੀਤਾ ਗਿਆ ਹੈ, ਜਾਨਦਾਰ ਢੰਗ ਨਾਲ; ਪਾਠਕ ਨੂੰ ਸੰਮੋਹਿਤ ਕਰਨ ਵਾਲੀ ਭਾਸ਼ਾਵਲੀ ਤੇ ਸ਼ੈਲੀ ਰਾਹੀਂ।

ਕਿਤਾਬ ਅੰਦਰਲੇ ਕੁਝ ਹੋਰ ਅਹਿਮ ਨੁਕਤੇ ਹਨ:

ਚੀਨ ਜ਼ਾਹਰਾ ਤੌਰ 'ਤੇ ਅੱਵਲ ਨੰਬਰ ਆਰਥਿਕ ਸ਼ਕਤੀ ਜੇਕਰ ਅਜੇ ਤੱਕ ਨਹੀਂ ਵੀ ਬਣਿਆ ਤਾਂ ਅਗਲੇ ਇੱਕ-ਅੱਧ ਵਰ੍ਹੇ ਅੰਦਰ ਬਣ ਜਾਏਗਾ। ਉਸ ਦੀ ਆਰਥਿਕ ਪ੍ਰਗਤੀ ਕੋਵਿਡ-19 ਤੋਂ ਬਾਅਦ ਘਟੀ ਜ਼ਰੂਰ ਹੈ, ਪਰ ਇਸ ਦੀ ਪ੍ਰਗਤੀ ਦੀ ਰਫ਼ਤਾਰ ਅਜੇ ਵੀ ਅਮਰੀਕਾ ਸਮੇਤ ਸਾਰੇ ਪੱਛਮੀ ਮੁਲਕਾਂ ਨਾਲੋਂ ਵੱਧ ਹੈ। ਵਿਕਾਸ ਦਰ ਪੱਖੋਂ ਉਹ ਭਾਵੇਂ ਇਸ ਸਮੇਂ ਭਾਰਤ ਤੋਂ ਪਿੱਛੇ ਹੈ, ਫਿਰ ਵੀ ਭਾਰਤ ਨੂੰ ਉਸ ਦੇ ਹਾਣ ਦਾ ਬਣਦਿਆਂ ਅਜੇ ਢਾਈ ਦਸ਼ਕ ਹੋਰ ਲੱਗ ਜਾਣਗੇ, ਉਹ ਵੀ ਤਦ ਜੇਕਰ ਇਨ੍ਹਾਂ ਦਸ਼ਕਾਂ ਦੌਰਾਨ ਭਾਰਤ ਦੀ ਕੁੱਲ ਵਿਕਾਸ ਦਰ (ਜੀ.ਡੀ.ਪੀ.) 6.5% ਤੋਂ ਉੱਪਰ ਰਹੇ। ਅਜਿਹੀ ਲਗਾਤਾਰਤਾ ਬਰਕਰਾਰ ਰੱਖਣੀ ਮੌਜੂਦਾ ਕੌਮਾਂਤਰੀ ਹਾਲਾਤ ਦੇ ਮੱਦੇਨਜ਼ਰ ਸੰਭਵ ਨਹੀਂ ਜਾਪਦੀ। ਅਸਲੀਅਤ ਇਹ ਵੀ ਹੈ ਕਿ ਚੀਨੀ ਅਰਥਚਾਰਾ ਇਸ ਵੇਲੇ ਭਾਰਤੀ ਅਰਥਚਾਰੇ ਤੋਂ ਤਕਰੀਬਨ ਪੰਜ ਗੁਣਾ ਵੱਡਾ ਹੈ। ਭਾਰਤੀ ਅਰਥਚਾਰਾ 35 ਖਰਬ ਦਾ ਹੈ ਜਦੋਂਕਿ ਚੀਨੀ ਅਰਥਚਾਰਾ 150 ਖਰਬ ਦਾ। ਭਾਰਤ ਭੂਗੋਲਿਕ ਤੌਰ 'ਤੇ ਵੀ ਚੀਨ ਨਾਲੋਂ 2.9 ਗੁਣਾ ਛੋਟਾ ਹੈ; ਇਹ ਚੀਨ ਦੇ ਕੁੱਲ ਜ਼ਮੀਨੀ ਰਕਬੇ ਦਾ 34.25% ਹਿੱਸਾ ਬਣਦਾ ਹੈ। ਇਹ ਅੰਕੜੇ ਭਾਰਤੀ ਸੁਪਨਸਾਜ਼ਾਂ ਨੂੰ ਵੀ ਧਰਤ 'ਤੇ ਲਿਆਉਣ ਵਾਲੇ ਹਨ ਅਤੇ ਉਨ੍ਹਾਂ ਦੇ ਅਮਰੀਕੀ ਹਮਾਇਤੀਆਂ ਨੂੰ ਵੀ।

ਪੂੰਜੀਵਾਦ ਤੇ ਸਮਾਜਵਾਦ ਦਾ ਜਿਹੜਾ ਮੇਲ ਤੇ ਆਦਰਸ਼ ਚੀਨ ਨੇ ਵਿਕਸਿਤ ਕੀਤਾ ਹੈ, ਉਹ ਦੁਨੀਆ ਦੇ ਕਿਸੇ ਵੀ ਹੋਰ ਮੁਲਕ ਵਿੱਚ ਸੰਭਵ ਨਹੀਂ ਹੋਇਆ। ਪੱਛਮੀ ਜਗਤ, ਚੀਨੀ ਮਾਡਲ ਨੂੰ ਅਸਰਦਾਰ ਤੇ ਤਰਕਸੰਗਤ ਮੰਨਣ ਤੋਂ 30 ਵਰ੍ਹੇ ਪਹਿਲਾਂ ਵੀ ਇਨਕਾਰੀ ਸੀ, ਹੁਣ ਵੀ ਹੈ। ਉਸ ਨੂੰ ਹੁਣ ਅਸਲੀਅਤ ਪਛਾਣਨ ਵਾਲਾ ਚਸ਼ਮਾ ਪਹਿਨਣ ਦੀ ਲੋੜ ਹੈ।

ਇਸ ਵੇਲੇ ਸਾਡੇ ਜਹਾਨ ਵਿੱਚ ਸਨਅਤੀ ਉਤਪਾਦਨ ਦਾ ਧੁਰਾ ਹੈ ਚੀਨ; ਸੂਈ ਤੋਂ ਲੈ ਕੇ ਸਪੇਸ ਸਟੇਸ਼ਨ ਤੱਕ ਹਰ ਕਿਸਮ ਦੇ ਉਤਪਾਦ ਤਿਆਰ ਕਰਨ ਵਾਲਾ। ਦੁਨੀਆ ਦੇ ਕੁੱਲ ਸਨਅਤੀ ਉਤਪਾਦਨ ਦਾ 57 ਫ਼ੀਸਦ ਹਿੱਸਾ ਚੀਨ ਵਿੱਚ ਹੋ ਰਿਹਾ ਹੈ। 154 ਮੁਲਕ ਉਸ ਦੇ ਉਤਪਾਦਾਂ ਨੂੰ ਇਨਸਾਨੀ ਜ਼ਿੰਦਗੀ ਦੇ ਕਿਸੇ ਨਾ ਕਿਸੇ ਸ਼ੋਅਬ੍ਹੇ ਵਿੱਚ ਲਗਾਤਾਰ ਵਰਤ ਰਹੇ ਹਨ। ਇਹ ਵਰਤਾਰਾ ਵਾਪਰਿਆ ਵੀ ਪੱਛਮੀ ਕਾਰਪੋਰੇਟ ਜਗਤ ਦੀ ਰਜ਼ਾਮੰਦੀ ਨਾਲ। ਹੁਣ ਇਸ ਨੂੰ ਪੁੱਠਾ ਗੇੜਾ ਦੇਣਾ ਆਸਾਨ ਕਾਰਜ ਨਹੀਂ।

ਚੀਨ ਉਪਰ ਗ਼ਰੀਬ ਮੁਲਕਾਂ ਨੂੰ ਪਹਿਲਾਂ ਆਰਥਿਕ ਤੇ ਫਿਰ ਸਿਆਸੀ ਗ਼ੁਲਾਮ ਬਣਾਏ ਜਾਣ ਦੇ ਦੋਸ਼ ਪੱਛਮੀ ਜਗਤ ਲਗਾਉਂਦਾ ਆਇਆ ਹੈ। ਇਹ ਉਹ ਜਗਤ ਹੈ ਜੋ ਖ਼ੁਦ ਬਸਤੀਵਾਦ ਦੀ ਖ਼ੁਰਾਕ 'ਤੇ ਫਲਿਆ-ਫੁਲਿਆ ਅਤੇ ਆਰਥਿਕ ਤੌਰ 'ਤੇ ਹੁਣ ਵਾਲੇ ਮੁਕਾਮ 'ਤੇ ਪਹੁੰਚਿਆ। ਕੀ ਇਸ ਨੂੰ ਚੀਨ ਉੱਤੇ ਬਸਤੀਵਾਦੀ ਪ੍ਰਵਿਰਤੀਆਂ ਦਾ ਦੋਸ਼ ਲਾਉਣ ਦਾ ਕੋਈ ਇਖ਼ਲਾਕੀ ਹੱਕ ਹੈ?

ਪੱਛਮ ਨੇ ਚੀਨੀ ਤਹਿਜ਼ੀਬ ਜਾਂ ਮਾਣ-ਮਰਿਆਦਾ ਨੂੰ ਸਮਝਣ ਦੀ ਕਦੇ ਵੀ ਸੰਜੀਦਾ ਕੋਸ਼ਿਸ਼ ਨਹੀਂ ਕੀਤੀ। ਚੀਨੀ ਸਭਿਅਤਾ ਤੇ ਚੀਨੀ ਸਦਾਚਾਰ, ਉਮਰ ਪੱਖੋਂ, ਯੂਰੋਪੀਅਨ ਸਭਿਅਤਾ ਜਾਂ ਸਦਾਚਾਰਕ ਪੈਮਾਨਿਆਂ ਤੋਂ ਢਾਈ ਦਹਿਸਦੀਆਂ ਵੱਡਾ ਹੈ। ਪਹਿਲ ਤਾਂ ਇਸ ਨੂੰ ਮਿਲਣੀ ਚਾਹੀਦੀ ਸੀ ਪਰ ਮਿਲੀ ਨਾਕਦਰੀ। ਹੁਣ ਵੀ ਚੀਨ ਤੋਂ ਤਵੱਕੋ ਇਹ ਕੀਤੀ ਜਾਂਦੀ ਹੈ ਕਿ ਉਹ ਪੱਛਮੀ ਪੈਮਾਨਿਆਂ ਮੁਤਾਬਿਕ ਢਲੇ। ਚੀਨ ਅਜਿਹੀ ਧੌਂਸ ਅੱਗੇ ਝੁਕਣ ਲਈ ਤਿਆਰ ਨਹੀਂ।

ਇਹ ਸਹੀ ਹੈ ਕਿ ਚੀਨ ਦੇ ਤਕਨੀਕੀ ਵਿਕਾਸ ਨੂੰ ਹੁਲਾਰਾ, 1980ਵਿਆਂ ਵਿੱਚ ਉਸ ਮੁਲਕ 'ਚ ਆਈਆਂ ਅਮਰੀਕੀ ਕੰਪਨੀਆਂ ਨੇ ਪ੍ਰਦਾਨ ਕੀਤਾ। ਇਹ ਵੀ ਸੱਚ ਹੈ ਕਿ 1990ਵਿਆਂ ਵਾਲੇ ਦਸ਼ਕ ਦੌਰਾਨ ਚੀਨੀਆਂ ਨੇ ਅਮਰੀਕੀ, ਜਪਾਨੀ ਤੇ ਯੂਰੋਪੀਅਨ ਟੈਕਨਾਲੋਜੀ ਚੁਰਾਉਣ 'ਚ ਕੋਈ ਕਸਰ ਬਾਕੀ ਨਹੀਂ ਛੱਡੀ। ਪਰ 21ਵੀਂ ਸਦੀ ਦੇ ਮੁੱਢ ਤੋਂ ਉਹ ਮੁਲਕ ਨਵੀਂ-ਨਕੋਰ ਤੇ ਵੱਧ ਕਾਰਗਰ ਟੈਕਨਾਲੋਜੀ ਖੋਜਣ ਤੇ ਵਿਕਸਿਤ ਕਰਨ ਦੇ ਰਾਹ 'ਤੇ ਬਾਕਾਇਦਗੀ ਨਾਲ ਚੱਲ ਰਿਹਾ ਹੈ। ਇਸ ਰਾਹ ਉੱਤੇ ਉਸ ਦੀ ਪੇਸ਼ਕਦਮੀ ਵੀ ਕਾਬਿਲੇ-ਤਾਰੀਫ਼ ਰਹੀ ਹੈ। ਇਸ ਨੂੰ ਪੱਛਮ, ਮਾਨਤਾ ਕਿਉਂ ਨਹੀਂ ਦੇ ਰਿਹਾ? ਸੱਚ ਤਾਂ ਇਹ ਵੀ ਹੈ ਕਿ 1980ਵਿਆਂ ਤੋਂ ਪਹਿਲਾਂ ਵੀ ਚੀਨੀ ਉਤਪਾਦ, ਸੂਰਤ ਤੇ ਸੀਰਤ ਪੱਖੋਂ ਮਿਆਰੀ ਤੇ ਹੰਢਣਸਾਰ ਹੁੰਦੇ ਸਨ ਅਤੇ ਨਾਲ ਹੀ ਸਸਤੇ ਵੀ ਹੁੰਦੇ ਸਨ। ਚੀਨੀ ਖਿਡੌਣੇ ਚੋਰ-ਬਾਜ਼ਾਰਾਂ ਰਾਹੀਂ ਦੁਨੀਆ ਦੇ ਵੱਖ ਵੱਖ ਦੇਸ਼ਾਂ ਵਿੱਚ ਪੁੱਜਦੇ ਸਨ ਅਤੇ ਵਿਕਦੇ ਵੀ ਖ਼ੂਬ ਸਨ। ਜ਼ਾਹਿਰ ਹੈ ਇਹ ਮੁਲਕ ਉਦੋਂ ਵੀ ਟੈਕਨਾਲੋਜੀ ਦੀ ਬਿਹਤਰੀ ਤੇ ਅਹਿਮੀਅਤ ਪ੍ਰਤੀ ਸਚੇਤ ਸੀ।

ਇਹ ਸਹੀ ਹੈ ਕਿ ਚੀਨੀ ਕਮਿਊਨਿਟ ਪਾਰਟੀ ਦਾ ਕੋਈ ਧਰਮ ਨਹੀਂ, ਪਰ ਚੀਨੀ ਨਾਗਰਿਕਾਂ ਉੱਪਰ ਕੋਈ ਧਾਰਮਿਕ ਬੰਦਸ਼ ਨਹੀਂ। ਕਨਫਿਊਸ਼ੀਅਸਵਾਦ ਆਮ ਵਸੋਂ ਵਿੱਚ ਵੱਧ ਮਕਬੂਲ ਹੈ। ਇਸ ਤੋਂ ਬਾਅਦ ਬੁੱਧ-ਮੱਤ ਆਉਂਦਾ ਹੈ। ਮੁਲਕ ਦੀ 18.2 ਫ਼ੀਸਦ ਵਸੋਂ ਬੋਧੀ ਹੈ ਅਤੇ 5.1 ਫ਼ੀਸਦ ਇਸਾਈ। 1.8% ਵਸੋਂ ਮੁਸਲਿਮ ਹੈ। ਇੱਕ ਫ਼ੀਸਦੀ ਦੇ ਕਰੀਬ ਵਸੋਂ ਹਿੰਦੂ, ਯਜ਼ੀਦੀ, ਬਹਾਈ ਤੇ ਹੋਰ ਮਜ਼ਹਬਾਂ ਨੂੰ ਮੰਨਣ ਵਾਲੀ ਹੈ।

ਕੁੱਲ ਮਿਲਾ ਕੇ ਇਹ ਕਿਤਾਬ ਚੀਨ ਬਾਰੇ ਕਈ ਸਾਰੇ ਭਰਮ-ਭੁਲੇਖੇ ਦੂਰ ਕਰਦੀ ਹੈ। ਉਂਜ, ਅਜਿਹਾ ਕਰਦਿਆਂ ਇਹ ਚੀਨੀ ਕੁਕਰਮਾਂ, ਖ਼ਾਸ ਤੌਰ 'ਤੇ ਊਈਗਰਾਂ ਉਪਰ ਜਬਰ ਉੱਤੇ ਕੋਈ ਪਰਦਾ ਨਹੀਂ ਪਾਉਂਦੀ। ਇਹ ਸੰਤੁਲਨ ਵੀ ਇਸ ਨੂੰ ਜਾਨਦਾਰ ਬਣਾਉਂਦਾ ਹੈ। ਡਾ. ਬ੍ਰਾਊਨ ਦਾ ਮੱਤ ਹੈ ਕਿ ਪੱਛਮੀ ਜਗਤ, ਚੀਨ ਨੂੰ ਆਪਣੀ ਮੰਡੀ ਬਣਾਉਣਾ ਚਾਹੁੰਦਾ ਸੀ, ਪਰ ਹੋਇਆ ਉਲਟ: ਚੀਨ ਨੇ ਪੱਛਮੀ ਜਗਤ ਸਮੇਤ ਬਾਕੀ ਸਾਰੇ ਜਹਾਨ ਨੂੰ ਆਪਣੀ ਮੰਡੀ ਬਣਾ ਲਿਆ। ਇਹ ਉਲਟ-ਫੇਰ ਪੱਛਮ ਨੂੰ ਹੁਣ ਵੀ ਬਰਦਾਸ਼ਤ ਨਹੀਂ ਹੋ ਰਿਹਾ ਅਤੇ ਇਹ ਨਾਬਰਦਾਸ਼ਤਗੀ, ਦੁਨੀਆ ਵਿੱਚ ਬੇਲੋੜਾ ਤਨਾਜ਼ਾ ਪੈਦਾ ਕਰ ਰਹੀ ਹੈ।

ਪਰੈਸ਼ਰਵਾਸ਼ ਅਤੇ ਰੂਫ ਰਿਪੇਅਰ
ਵੱਡੇ ਪਰੈਸ਼ਰਵਾਸ਼ ਨਾਲ ਘਰ ਧਵਾਊ।
ਅਸੀਂ ਛੱਤਾਂ, ਗਟਰ ਕਲੀਨ, ਡਰਾਈਵੇਅ ਤੇ ਵਿੰਡੋਵਾਸ਼ ਕਰਦੇ ਹਾਂ।
ਪੁਰਾਣੀਆਂ ਛੱਤਾਂ ਬਦਲਕੇ ਅਤੇ ਛੱਤਾਂ ਦੀ ਮੁਰੰਮਤ ਵੀ ਕਰਦੇ ਹਾਂ।
ਹੋਰ ਜਾਣਕਾਰੀ ਲਈ ਫ਼ੂਨ ਕਰੋ:
ਦਲਜੀਤ ਸਿੰਘ ਰਾਏ
604-807-1012



ਦਲਜੀਤ ਸਿੰਘ ਰਾਏ

FAST COMPUTER REPAIR
New Web Designing & Hosting Services



Onsite Service Available
Computer Repair & Upgrade
Spyware & Virus Removal
Same Day Service
Your Personal Tech, A Phone Call Away...
HARMEET SINGH
www.fastcomputerrepair.ca E-mail : harmeet@fastcomputerrepair.ca
778-928-4444






# ਅਨੰਦਪੁਰ ਸਾਹਿਬ ਦਾ ਮਤਾ ਜਿਸਨੇ ਪੰਜਾਬ ਦਾ ਏਜੰਡਾ ਤੇ ਸਿਆਸਤ ਤੈਅ ਕੀਤੀ

ਲੇਖਕ : ਜਗਤਾਰ ਸਿੰਘ, ਸੀਨੀਅਰ ਪੱਤਰਕਾਰ

28 ਅਕਤੂਬਰ 2022ਅਜ਼ਾਦ ਭਾਰਤ ਵਿੱਚ ਜੇ ਕਿਸੇ ਖੇਤਰੀ ਏਜੰਡੇ ਨੇ ਕਦੇ ਕੌਮੀ ਸਿਆਸਤ ਦਾ ਰੁਖ਼ ਤੈਅ ਕੀਤਾ ਹੈ, ਤਾਂ ਉਹ ਸ਼੍ਰੋਮਣੀ ਅਕਾਲੀ ਦਲ ਨਾਲ ਸਬੰਧਤ 'ਅਨੰਦਪੁਰ ਸਾਹਿਬ ਦਾ ਮਤਾ' ਹੈ।ਕਾਂਗਰਸ ਪਾਰਟੀ ਨੇ ਦਸੰਬਰ 1984 ਦੀਆਂ ਲੋਕ ਸਭਾ ਚੋਣਾਂ 404 ਸੀਟਾਂ ਦੇ ਭਾਰੀ ਬਹੁਮਤ ਨਾਲ ਜਿੱਤੀਆਂ, ਜਿਨ੍ਹਾਂ ਵਿੱਚ ਕਾਂਗਰਸ ਦਾ ਵੋਟ ਪ੍ਰਤੀਸ਼ਤ 49.10 ਸੀ।

ਕਾਂਗਰਸ ਤੋਂ ਬਾਅਦ ਦੂਜੇ ਨੰਬਰ 'ਤੇ ਦੱਖਣੀ ਭਾਰਤ ਵਿੱਚੋਂ 30 ਸੀਟਾਂ ਲੈਣ ਵਾਲੀ ਤੇਲਗੂ ਦੇਸਮ ਪਾਰਟੀ ਰਹੀ ਸੀ।ਕਾਂਗਰਸ ਨੇ ਅਨੰਦਪੁਰ ਸਾਹਿਬ ਦੇ ਮਤੇ ਨੂੰ ਵੱਖਵਾਦੀ ਦੱਸਦਿਆਂ ਦੇਸ ਦੀ ਏਕਤਾ ਅਤੇ ਅਖੰਡਤਾ ਲਈ ਖ਼ਤਰੇ ਵਜੋਂ ਪੇਸ਼ ਕਰਕੇ ਇਹ ਬਹੁਮਤ ਹਾਸਲ ਕੀਤਾ ਸੀ।ਅਜ਼ਾਦ ਭਾਰਤ ਵਿੱਚ ਸ਼ਾਇਦ ਹੋਰ ਕੋਈ ਲੋਕ ਸਭਾ ਚੋਣ ਕਿਸੇ ਖੇਤਰੀ ਪਾਰਟੀ ਦੇ 'ਪਾਲਿਸੀ ਪ੍ਰੋਗਰਾਮ' 'ਤੇ ਨਹੀਂ ਲੜੀ ਗਈ।

ਅਨੰਦਪੁਰ ਸਾਹਿਬ ਦਾ ਮਤਾ ਸਾਲ 1973 ਵਿੱਚ ਸ਼੍ਰੋਮਣੀ ਅਕਾਲੀ ਦਲ ਵੱਲੋਂ ਅਪਣਾਇਆ ਪਾਲਿਸੀ ਪ੍ਰੋਗਰਾਮ ਸੀ, ਜਿਸ 'ਤੇ ਲੋਕ ਸਭਾ ਚੋਣ ਲੜੀ ਗਈ।ਪਰ ਸਾਲਾਂ ਤੱਕ ਨਾ ਸਿਰਫ਼ ਕੌਮੀ ਪੱਧਰ 'ਤੇ ਬਲਕਿ ਪੰਜਾਬ ਪੱਧਰ 'ਤੇ ਵੀ ਇਸ ਦਾ ਨੋਟਿਸ ਨਹੀਂ ਲਿਆ ਗਿਆ।ਅਨੰਦਪੁਰ ਸਾਹਿਬ ਦੇ ਮਤੇ ਦਾ ਪਿਛੋਕੜ

ਇਹ ਉਹ ਦੌਰ ਸੀ, ਜਦੋਂ ਸ਼੍ਰੋਮਣੀ ਅਕਾਲੀ ਦਲ ਦੀ ਵਰਕਿੰਗ ਕਮੇਟੀ ਦੀਆਂ ਮੀਟਿੰਗਾਂ ਅੰਮ੍ਰਿਤਸਰ, ਫਤਿਹਗੜ੍ਹ ਸਾਹਿਬ ਅਤੇ ਅਨੰਦਪੁਰ ਸਾਹਿਬ ਵਿਖੇ ਹੁੰਦੀਆਂ ਸਨ।ਪਾਰਟੀ ਦੀ ਵਰਕਿੰਗ ਕਮੇਟੀ ਨੇ 11 ਦਸੰਬਰ,1972 ਨੂੰ ਹੋਈ ਮੀਟਿੰਗ ਵਿੱਚ ਨਵੀਂ ਨੀਤੀ ਯਾਨੀ ਪਾਲਿਸੀ ਪ੍ਰੋਗਰਾਮ ਉਲੀਕਣ ਲਈ ਇੱਕ ਸਬ-ਕਮੇਟੀ ਦਾ ਗਠਨ ਕੀਤਾ ਸੀ।ਸਾਲ 1966 ਵਿੱਚ ਪੰਜਾਬ ਦੇ ਪੁਨਰਗਠਨ ਤੋਂ ਬਾਅਦ ਇਹ ਅਜਿਹਾ ਪਹਿਲਾ ਕਦਮ ਸੀ।ਇਤਿਹਾਸ ਵਿੱਚ 1966 ਤੋਂ ਬਾਅਦ ਹੀ ਪੰਜਾਬ ਸਿੱਖ-ਬਹੁਗਿਣਤੀ ਵਾਲਾ ਸੂਬਾ ਬਣਿਆ, ਭਾਵੇਂ ਇੱਕ ਵੇਲੇ ਸਿੱਖ ਰਾਜ ਸਤਲੁਜ ਦਰਿਆ ਤੋਂ ਖ਼ੈਬਰ ਦੱਰੇ ਅਤੇ ਤਿੱਬਤ ਤੱਕ ਫੈਲਿਆ ਹੋਇਆ ਸੀ।

ਅਨੰਦਪੁਰ ਸਾਹਿਬ ਵਿਖੇ 16-17 ਅਕਤੂਬਰ, 1973 ਨੂੰ ਹੋਈ ਦੋ ਦਿਨਾਂ ਦੀ ਮੀਟਿੰਗ ਵਿੱਚ ਇਸ ਨੀਤੀ ਪ੍ਰੋਗਰਾਮ ਨੂੰ ਲਿਆਂਦਾ ਗਿਆ, ਇਸੇ ਲਈ ਇਸ ਨੂੰ 'ਅਨੰਦਪੁਰ ਸਾਹਿਬ' ਦਾ ਮਤਾ ਕਿਹਾ ਜਾਣ ਲੱਗਾ।ਪਰ ਸਾਲਾਂ ਤੱਕ ਨਾ ਸਿਰਫ਼ ਕੌਮੀ ਪੱਧਰ 'ਤੇ ਬਲਕਿ ਪੰਜਾਬ ਪੱਧਰ 'ਤੇ ਵੀ ਇਸ ਦਾ ਨੋਟਿਸ ਨਹੀਂ ਲਿਆ ਗਿਆ।

ਇਤਿਹਾਸ ਵਿੱਚ 1966 ਤੋਂ ਬਾਅਦ ਹੀ ਪੰਜਾਬ ਸਿੱਖ-ਬਹੁਗਿਣਤੀ ਵਾਲਾ ਸੂਬਾ ਬਣਿਆ।ਅੰਮ੍ਰਿਤਸਰ ਵਿੱਚ 23 ਦਸੰਬਰ,1972 ਨੂੰ ਹੋਈ ਅਰੰਭਤਾ ਨਾਲ ਕਮੇਟੀ ਦੀਆਂ 11 ਬੈਠਕਾਂ ਹੋਈਆਂ।

ਸ਼੍ਰੋਮਣੀ ਅਕਾਲੀ ਦਲ ਦੁਆਰਾ ਗਠਿਤ ਸਬ-ਕਮੇਟੀ ਦੇ ਮੁਖੀ ਪਾਰਟੀ ਦੇ ਜਨਰਲ ਸਕੱਤਰ ਤੇ ਪੇਸ਼ੇ ਵਜੋਂ ਵਕੀਲ ਸੁਰਜੀਤ ਸਿੰਘ ਬਰਨਾਲਾ ਸੀ।ਮੈਂਬਰਾਂ ਵਿੱਚ ਗੁਰਚਰਨ ਸਿੰਘ ਟੌਹੜਾ (ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਭ ਤੋਂ ਵੱਧ ਸਮਾਂ ਪ੍ਰਧਾਨ ਰਹੇ), ਜੀਵਨ ਸਿੰਘ ਉਮਰਾਨੰਗਲ, ਸਾਬਕਾ ਮੰਤਰੀ ਗੁਰਮੀਤ ਸਿੰਘ, ਡਾ. ਭਗਤ ਸਿੰਘ, ਬਲਵੰਤ ਸਿੰਘ, ਗਿਆਨ ਸਿੰਘ ਰਾੜੇਵਾਲਾ, ਪ੍ਰੇਮ ਸਿੰਘ ਲਾਲਪੁਰਾ, ਜਸਵਿੰਦਰ ਸਿੰਘ ਬਰਾੜ, ਸਾਬਕਾ ਵਿਧਾਇਕ ਭਾਗ ਸਿੰਘ, ਰਿਟਾਇਰਡ ਮੇਜਰ ਜਨਰਲ ਗੁਰਬਖ਼ਸ਼ ਸਿੰਘ ਬੱਧਨੀ ਅਤੇ ਅਮਰ ਸਿੰਘ ਅੰਬਾਲਵੀ ਸ਼ਾਮਿਲ ਸਨ।

ਅੰਮ੍ਰਿਤਸਰ ਵਿੱਚ 23 ਦਸੰਬਰ,1972 ਨੂੰ ਹੋਈ ਅਰੰਭਤਾ ਨਾਲ ਕਮੇਟੀ ਦੀਆਂ 11 ਬੈਠਕਾਂ ਹੋਈਆਂ। ਵੱਖ-ਵੱਖ ਵਰਗਾਂ ਦੇ ਲੋਕਾਂ ਨਾਲ ਗੱਲ-ਬਾਤ ਤੋਂ ਬਾਅਦ ਨਵਾਂ ਨੀਤੀ ਪ੍ਰੋਗਰਾਮ ਤਿਆਰ ਕੀਤਾ ਗਿਆ।ਅਨੰਦਪੁਰ ਸਾਹਿਬ ਵਿਖੇ 16-17 ਅਕਤੂਬਰ, 1973 ਨੂੰ ਹੋਈ ਦੋ ਦਿਨਾਂ ਮੀਟਿੰਗ ਵਿੱਚ ਇਸ ਨੀਤੀ ਪ੍ਰੋਗਰਾਮ ਨੂੰ ਲਿਆਂਦਾ ਗਿਆ, ਇਸੇ ਲਈ ਇਸ ਨੂੰ 'ਅਨੰਦਪੁਰ ਸਾਹਿਬ' ਦਾ ਮਤਾ ਕਿਹਾ ਜਾਣ ਲੱਗਾ।

28 ਅਗਸਤ 1977 ਨੂੰ ਅੰਮ੍ਰਿਤਸਰ ਵਿੱਚ ਹੋਈ ਪਾਰਟੀ ਦੇ ਜਨਰਲ ਹਾਊਸ ਦੀ ਮੀਟਿੰਗ ਵਿਚ ਚਰਚਾ ਤੋਂ ਬਿਨ੍ਹਾਂ ਅਪਣਾਏ ਜਾਣ ਤੱਕ ਇਹ ਨੀਤੀ ਪ੍ਰੋਗਰਾਮ ਠੰਡੇ ਬਸਤੇ ਵਿੱਚ ਪਿਆ ਰਿਹਾ।

ਇੱਥੋਂ ਤੱਕ ਕਿ ਜਨਰਲ ਹਾਊਸ ਵੱਲੋਂ ਅਪਣਾਏ ਜਾਣ ਦੇ ਬਾਵਜੂਦ ਇਸ ਨਾਲ ਹਿਲ-ਜੁਲ ਨਹੀਂ ਹੋਈ, ਜਿਸ ਤਰ੍ਹਾਂ ਬਾਅਦ ਦੇ ਸਾਲਾਂ ਵਿਚ ਹੋਈ। ਅਕਾਲੀ ਦਲ ਜੂਨ 1977 ਵਿੱਚ ਵਿਧਾਨ ਸਭਾ ਚੋਣਾਂ ਜਿੱਤ ਕੇ ਸੱਤਾ ਵਿੱਚ ਆਇਆ ਸੀ।

ਪੰਜ ਸਾਲ ਬਾਅਦ ਅਨੰਦਪੁਰ ਸਾਹਿਬ ਦੇ ਮਤੇ ਦੇ 'ਰਾਜਸੀ ਨਿਸ਼ਾਨੇ' ਯਾਨੀ ਸਿਆਸੀ ਮੰਤਵ ਨੂੰ ਵੱਖਵਾਦੀ ਅਤੇ ਰਾਸ਼ਟਰ ਵਿਰੋਧੀ ਦੱਸ ਕੇ ਉਦੋਂ ਬਿਰਤਾਂਤ ਸਿਰਜਿਆ ਗਿਆ।

ਜਦੋਂ ਅਕਾਲੀ ਦਲ ਨੇ 4 ਅਗਸਤ,1982 ਨੂੰ ਸ੍ਰੀ ਅਕਾਲ ਤਖ਼ਤ ਤੋਂ ਸ਼ੁਰੂ ਕੀਤੇ ਧਰਮ-ਯੁੱਧ ਮੋਰਚੇ ਦੀਆਂ ਮੰਗਾਂ ਵਿੱਚ ਇਸ ਨੂੰ ਸ਼ਾਮਲ ਕੀਤਾ। ਉਦੋਂ ਤੱਕ ਪੰਜਾਬ ਦੇ ਸਿਆਸੀ ਪਿੜ ਵਿੱਚ ਖਾੜਕੂਵਾਦ ਨੇ ਪੈਰ ਧਰ ਲਏ ਸਨ।

ਅਨੰਦਪੁਰ ਸਾਹਿਬ ਦੇ ਮਤੇ ਵਿਚ ਅਕਾਲੀ ਨੇ ਜੋ ਉਦੇਸ ਮਿੱਥਿਆ ਸੀ ਉਸਦਾ ਵੇਰਵਾ ਇਸ ਤਰ੍ਹਾਂ ਹੈ-

ਮਤੇ ਵਿੱਚ ਲਿਖਿਆ ਗਿਆ ਹੈ, "ਸ਼੍ਰੋਮਣੀ ਅਕਾਲੀ ਦਲ ਦਾ ਰਾਜਸੀ




ਨਿਸ਼ਾਨਾ, ਨਿਸ਼ਚਿਤ ਤੌਰ 'ਤੇ ਸਾਹਿਬ ਦਸਮ ਪਾਤਸ਼ਾਹ ਦੇ ਆਦੇਸ਼ਾਂ, ਸਿੱਖ ਇਤਿਹਾਸ ਦੇ ਪੰਨਿਆਂ ਅਤੇ ਖ਼ਾਲਸਾ ਪੰਥ ਦੇ 'ਮਨ-ਮੰਦਰ' ਵਿੱਚ ਉਕਰਿਆ ਚੱਲਿਆ ਆ ਰਿਹਾ ਹੈ, ਜਿਸ ਦਾ ਮਨੋਰਥ 'ਖਾਲਸਾ ਜੀ ਦੇ ਬੋਲ-ਬਾਲੇ' ਹੈ।"

ਇਸ ਮਤੇ ਵਿਚ ਅੱਗੇ ਲਿਖਿਆ ਗਿਆ ਹੈ, "ਖਾਲਸਾ ਜੀ ਦੇ ਇਸ ਜਨਮ ਸਿੱਧ ਅਧਿਕਾਰ ਨੂੰ ਦ੍ਰਿਸ਼ਟਮਾਨ ਕਰਨ ਲਈ ਲੋੜੀਂਦੇ ਦੇਸ-ਕਾਲ ਅਤੇ ਰਾਜਸੀ ਵਿਧਾਨ ਦੀ ਸਿਰਜਨਾ-ਪ੍ਰਾਪਤੀ, ਸ਼ੋਮਣੀ ਅਕਾਲੀ ਦਲ ਦੇ ਬੁਨਿਆਦੀ ਢਾਂਚੇ ਦੀ ਨੀਂਹ ਹੈ।"

ਇਹੀ ਰਾਜਸੀ ਨਿਸ਼ਾਨਾ ਯਾਨੀ ਸਿਆਸੀ ਉਦੇਸ਼ ਸੀ ਜਿਸ ਨੂੰ ਵੱਖਵਾਦੀ ਕਹਿੰਦਿਆਂ ਨਿਸ਼ਾਨਾਂ ਬਣਾਇਆ ਗਿਆ, ਹਾਲਾਂਕਿ ਇਸ ਵਿੱਚ ਫੈਡਰਲਿਜ਼ਮ ਦੀ ਗੱਲ ਕੀਤੀ ਗਈ ਸੀ, ਪਰ ਸਿੱਖਾਂ 'ਤੇ ਖਾਸ ਜ਼ੋਰ ਦਿੱਤਾ ਗਿਆ ਸੀ।ਇਹ ਮਤਾ ਅਖੀਰ ਰਾਜੀਵ-ਲੌਂਗੋਵਾਲ ਸਮਝੌਤੇ ਅਧੀਨ ਸਰਕਾਰੀਆ ਕਮਿਸ਼ਨ ਕੋਲ ਭੇਜ ਦਿੱਤਾ ਗਿਆ ਅਤੇ ਫਿਰ ਸੂਬੇ ਵਿੱਚ ਅਕਾਲੀ ਸਿਆਸਤ ਤੋਂ ਦੂਰ ਹੋ ਗਿਆ।ਇਹ ਮਤਾ ਉਹ ਭੂਗੋਲਿਕ ਖੇਤਰ ਪਰਭਾਸ਼ਿਤ ਕਰਦਾ ਹੈ, ਜੋ ਇਸ ਪੰਜਾਬ ਦਾ ਹਿੱਸਾ ਹੋਣਾ ਸੀ।

ਮਤੇ ਅਨੁਸਾਰ, "ਜਿਹੜੇ ਰਕਬੇ ਤੇ ਇਲਾਕੇ ਪੰਜਾਬ ਨਾਲੋਂ ਤੋੜ ਕੇ ਜਾਣ ਬੁਝ ਕੇ ਪੰਜਾਬੋਂ ਬਾਹਰ ਰੱਖੇ ਗਏ ਹਨ, ਜਿਹਾ ਕਿ ਗੁਰਦਾਸਪੁਰ ਵਿੱਚੋਂ ਡਲਹੌਜ਼ੀ, ਅੰਬਾਲਾ ਜ਼ਿਲੇ ਦਾ ਚੰਡੀਗੜ੍ਹ, ਪਿੰਜੌਰ, ਕਾਲਕਾ ਅਤੇ ਅੰਬਾਲਾ ਸਦਰ ਆਦਿ, ਹੁਸ਼ਿਆਰਪੁਰ ਜ਼ਿਲ੍ਹੇ ਦੀ ਸਾਰੀ ਊਨਾ ਤਹਿਸੀਲ, ਨਾਲਾਗੜ੍ਹ ਦਾ 'ਦੇਸ਼' ਨਾਮੀ ਇਲਾਕਾ...,"

"ਕਰਨਾਲ ਜ਼ਿਲ੍ਹੇ ਦਾ ਸ਼ਾਹਬਾਦ ਬਲਾਕ ਅਤੇ ਗੂਹਲਾ ਬਲਾਕ ਦੇ ਹਿਸਾਰ ਜ਼ਿਲ੍ਹੇ ਦੀ ਟੋਹਾਨਾ ਸਬ-ਤਹਿਸੀਲਾਂ, ਰਤੀਆਂ ਬਲਾਕ ਤੇ ਸਰਸੇ ਦੀ ਤਹਿਸੀਲ, ਰਾਜਿਸਥਾਨ ਤੇ ਗੰਗਾ ਨਗਰ ਦੇ ਜ਼ਿਲ੍ਹੇ ਦੀਆਂ ਛੇ ਤਹਿਸੀਲਾਂ ਅਤੇ..."

"ਇਹਨਾਂ ਦੇ ਨਾਲ ਲਗਦੇ ਪੰਜਾਬੀ ਬੋਲਦੇ ਤੇ ਸਿੱਖ ਵਸੋਂ ਦੇ ਹੋਰ ਸਾਰੇ ਇਲਾਕੇ ਤੁਰੰਤ ਪੰਜਾਬ ਵਿਚ ਆ ਜਾਣ ਅਤੇ ਇੱਕੋ ਇੰਤਜ਼ਾਮੀਆ ਇਕਾਈ ਬਣ ਜਾਣ, ਜਿਸ ਵਿੱਚ ਸਿੱਖੀ ਤੇ ਸਿੱਖਾਂ ਦੇ ਹਿਤ ਵਿਸ਼ੇਸ਼ ਸੁਰਖਿਅਤ ਰਹਿਣ।"

ਹਾਲਾਂਕਿ ਇਸ ਮਤੇ ਵਿੱਚ ਪ੍ਰਭਾਸ਼ਿਤ ਫੈਡਰਲਿਜ਼ਮ ਦੇ ਮਾਪਦੰਡ, ਸੂਬਿਆਂ ਦੀ ਖ਼ੁਦਮੁਖਤਿਆਰੀ ਦੇ ਸੰਦਰਭ ਵਿੱਚ ਅਹਿਮ ਹਨ।

ਇਹ ਮਤਾ ਕੇਂਦਰ ਅਤੇ ਸੂਬਿਆਂ ਦੇ ਅਧਿਕਾਰ ਖੇਤਰ ਅੰਦਰ ਖੇਤਰਾਂ ਦੀਆਂ ਹੱਦਾਂ ਪ੍ਰਭਾਸ਼ਿਤ ਕਰਦਾ ਹੈ।

"ਇਸ ਨਵੇਂ ਪੰਜਾਬ ਤੇ ਦੇਸ ਦੇ ਹੋਰ ਸੂਬਿਆਂ ਵਿਚ ਕੇਂਦਰ ਦਾ ਦਖ਼ਲ ਕੇਵਲ ਮੁਲਕ ਦੇ ਡਿਫੈਂਸ, ਪ੍ਰਦੇਸੀ ਮਾਮਲਿਆਂ, ਤਾਰ ਡਾਕ ਤੇ ਰੇਲਵੇ ਅਤੇ ਕਰੰਸੀ ਦੇ ਮਹਿਕਮਿਆਂ ਤੀਕ ਸੀਮਤ ਹੋਵੇ, ਅਤੇ ਬਾਕੀ ਸਾਰੇ ਮਹਿਕਮੇ ਪੰਜਾਬ ਦੇ ਆਪਣੇ ਅਧਿਕਾਰ ਵਿਚ ਹੋਣ, ਇਨ੍ਹਾਂ ਦੇ ਪ੍ਰਬੰਧ ਲਈ ਪੰਜਾਬ ਨੂੰ ਆਪਣਾ ਆਈਨ ਆਪ ਬਣਾਉਣ ਦਾ ਪੂਰਨ ਅਧਿਕਾਰ ਹੋਵੇ।"ਇਨ੍ਹਾਂ ਕੇਂਦਰੀ ਮਹਿਕਮਿਆਂ ਲਈ ਲੋੜੀਂਦੇ ਫਾਈਨੈਂਸ ਵੀ ਪੰਜਾਬ ਆਪਣਾ ਕੋਟਾ, ਪਾਰਲੀਮੈਂਟ ਵਿਚ ਆਪਣੇ ਨੁਮਾਇੰਦਿਆ ਦੀ ਗਿਣਤੀ ਦੇ ਤਨਾਸਬ ਅਨੁਸਾਰ ਖੁਦ ਆਪ ਹੀ ਅਦਾ ਕੀਤਾ ਕਰੇ।"

"ਪੰਜਾਬੋਂ ਬਾਹਰ ਵਸਣ ਵਾਲੀ ਸਿੱਖ ਵੱਸੋਂ ਅਤੇ ਹੋਰ ਧਾਰਮਿਕ ਘਟ-ਗਿਣਤੀਆਂ ਦੀ ਮੁਅਸਰ ਤਹੱਫ਼ਜ਼ਾਰ(ਸੁਰਖਿਆ) ਦਾ ਪ੍ਰਬੰਧ ਕੀਤਾ ਜਾਵੇ ਤਾਂ ਕਿ ਉਹ ਕਿਸੇ ਵਿਤਕਰੇ ਦਾ ਸ਼ਿਕਾਰ ਨਾ ਹੋ ਸਕਣ।"

"ਸ਼੍ਰੋਮਣੀ ਅਕਾਲੀ ਦਲ ਇਹ ਵੀ ਯਤਨ ਕਰੇਗਾ ਕਿ ਹਿੰਦੁਸਤਾਨ ਦਾ ਵਿਧਾਨ ਸਹੀ ਅਰਥਾਂ ਵਿੱਚ ਫੈਡਰਲ ਬਣਾਇਆ ਜਾਵੇ ਤੇ ਇਸ ਦੀਆਂ ਸਾਰੀਆਂ ਰਿਆਸਤਾਂ ਦਾ ਕੇਂਦਰ ਵਿਚ ਬਰਾਬਰ ਦਾ ਅਧਿਕਾਰ ਤੇ ਨੁਮਾਇੰਦਗੀ ਹੋਵੇ।"

ਇਸ ਤਰ੍ਹਾਂ ਇਹ ਮਤਾ 'ਖਾਲਸਾ ਜੀ ਦੇ ਬੋਲ-ਬਾਲੇ' ਦੇ ਸੰਦਰਭ ਵਿਚ ਸਿਰਫ਼ ਫੈਡਰਲ ਢਾਂਚੇ ਦੀ ਮਜ਼ਬੂਤੀ ਅਤੇ ਸੂਬੇ ਦੀ ਖ਼ੁਦਮੁਖਤਿਆਰੀ ਦੀ ਗੱਲ ਕਰਦਾ ਹੈ, ਜੋ ਕਿ ਮਦਰਾਸ (ਅੱਜ ਕੱਲ੍ਹ ਤਾਮਿਲ ਨਾਡੂ) ਸੂਬੇ ਦੀ ਵੀ ਮੰਗ ਰਹੀ ਹੈ।

ਦਿਲਚਸਪ ਗੱਲ ਇਹ ਹੈ ਕਿ, ਆਰਥਿਕ ਨੀਤੀ ਸਬੰਧੀ ਇਸ ਮਤੇ ਦੇ ਹਿੱਸੇ ਸਮਕਾਲੀ ਵੇਲਿਆਂ ਦੇ ਸੰਦਰਭ ਵਿੱਚ ਅਗਾਂਹਵਧੂ ਸੀ, ਸ਼੍ਰੋਮਣੀ ਅਕਾਲੀ ਦਲ ਦੇ ਸਮਾਜਿਕ ਭਲਾਈ ਸਟੇਟ ਵਜੋਂ ਦਾਰਸ਼ਿਨਕਤਾ 'ਤੇ ਚਾਨਣ ਪਾਉਂਦੇ ਸੀ।ਮਤੇ ਦੇ ਇਸ ਹਿੱਸੇ ਬਾਰੇ ਜ਼ਿਆਦਾ ਚਰਚਾ ਨਹੀਂ ਹੋਈ ਹੈ। ਉਸ ਵੇਲੇ ਪੈਦਾ ਹੋ ਰਹੇ ਹਾਲਾਤ ਦੇ ਸੰਦਰਭ ਵਿੱਚ ਇਸ ਦਿਸ਼ਾ ਦਾ ਮੁਲਾਂਕਣ ਕਰਨਾ ਚਾਹੀਦਾ ਹੈ।

ਸ਼੍ਰੋਮਣੀ ਅਕਾਲੀ ਦਲ ਇਹ ਮੰਨਦਾ ਹੈ ਕਿ ਪੇਂਡੂ ਤੇ ਸ਼ਹਿਰੀ ਖੇਤਰਾਂ ਵਿੱਚ ਅਮੀਰ ਅਤੇ ਗਰੀਬ ਵਿਚਾਲੇ ਦਾ ਵਧ ਰਿਹਾ ਅੰਤਰ ਘਟਾਇਆ ਜਾਵੇ। ਹਾਲਾਂਕਿ, ਪਾਰਟੀ ਦੀ ਇਹ ਰਾਏ ਹੈ ਕਿ ਪਹਿਲੀ ਸੱਟ ਵਿੱਤੀ ਤਾਕਤ ਦੀ ਲਗਾਮ ਧੱਕੇ ਨਾਲ ਆਪਣੇ ਹੱਥਾਂ ਵਿੱਚ ਫੜੀ ਬੈਠੇ ਧਨਾਢਾਂ 'ਤੇ ਹੋਵੇ।

ਪੇਂਡੂ ਖੇਤਰਾਂ ਵਿੱਚ ਅਕਾਲੀ ਦਲ ਕਮਜ਼ੋਰ ਵਰਗਾਂ ਜਿਵੇਂ ਕਿ ਅਨੁਸੂਚਿਤ ਜਾਤੀਆਂ, ਪਛੜੀਆਂ ਸ਼੍ਰੇਣੀਆਂ, ਭੌਂ-ਰਹਿਤ ਲੋਕਾਂ, ਮਜ਼ਦੂਰਾਂ ਅਤੇ ਗਰੀਬ ਤੇ ਮੱਧ ਵਰਗੀ ਕਿਸਾਨਾਂ ਦੀ ਮਦਦ ਲਈ ਦ੍ਰਿੜ੍ਹ ਹੈ।ਇਸ ਮੰਤਵ ਲਈ, ਭੌਂ-ਸੁਧਾਰਾਂ ਦੀ ਵਕਾਲਤ ਕਰਦਾ ਹੈ, ਜਿਨ੍ਹਾਂ ਮੁਤਾਬਕ ਹੱਦਬੰਦੀ ਨੂੰ 30 ਏਕੜ ਪ੍ਰਤੀ ਪਰਿਵਾਰ ਦੇ ਲਿਹਾਜ਼ ਨਾਲ ਪੱਕਾ ਨਿਯਤ ਕੀਤਾ ਜਾਵੇ ਅਤੇ ਵਾਧੂ ਜ਼ਮੀਨ ਗਰੀਬ ਕਿਸਾਨਾਂ ਵਿੱਚ ਵੰਡੀ ਜਾਵੇ।

ਅਕਾਲੀ ਦਲ ਦਾ ਮੰਤਵ ਹਰ ਕਿਸੇ ਲਈ ਰੁਜ਼ਗਾਰ ਮੁਹੱਈਆ ਕਰਵਾਉਣਾ, ਸਭ ਲਈ ਭੋਜਨ ਤੇ ਕੱਪੜੇ ਅਤੇ ਰਹਿਣ ਨੂੰ ਘਰ, ਅਨੁਕੂਲ ਆਵਾਜਾਈ ਅਤੇ ਇਕ ਚੰਗੇ ਜੀਵਨ ਲਈ ਲੋੜਾਂ ਪੂਰੀਆਂ ਕਰਨ ਲਈ ਸਾਧਨ ਤਿਆਰ ਕਰਨੇ, ਜਿਨ੍ਹਾਂ ਬਿਨ੍ਹਾਂ ਜ਼ਿੰਦਗੀ ਅਧੂਰੀ ਹੈ।ਇਹ ਮਤਾ ਪੂਰੇ ਰੁਜ਼ਗਾਰ ਅਤੇ ਬੇਰੁਜ਼ਗਾਰਾਂ ਦੇ ਹਰ ਵਰਗ ਲਈ ਭੱਤੇ, 65 ਸਾਲ ਤੋਂ ਵਧ ਉਮਰ ਵਾਲਿਆਂ ਦੀ ਬੁਢਾਪਾ ਪੈਨਸ਼ਨ, ਵਿਗਿਆਨ ਅਤੇ ਤਕਨੀਕੀ ਸਿੱਖਿਆ ਤੇ ਖਾਸ ਧਿਆਨ ਨਾਲ ਦਸਵੀਂ ਜਮਾਤ ਤੱਕ ਮੁਫ਼ਤ ਤੇ ਲਾਜ਼ਮੀ ਸਿੱਖਿਆ ਤੇ ਜ਼ੋਰ ਦਿੰਦਾ ਹੈ।

### ਅਨੰਦਪੁਰ ਸਾਹਿਬ ਮਤਾ ਤੇ ਭਿੰਡਰਾਵਾਲੇ ਦਾ ਏਜੰਡਾ

ਖਾੜਕੂ ਆਗੂ ਜਰਨੈਲ ਸਿੰਘ ਭਿੰਡਰਾਂਵਾਲੇ ਨੇ ਇਸ ਮਤੇ ਨੂੰ ਆਪਣੇ ਏਜੰਡੇ ਵਜੋਂ ਇਹ ਕਹਿੰਦਿਆਂ ਅਪਣਾਇਆ ਸੀ ਕਿ ਇਹ ਮੰਗਾਂ ਉਨ੍ਹਾਂ ਦੀਆਂ ਨਹੀਂ, ਅਕਾਲੀ ਦਲ ਦੀਆਂ ਹਨ ਅਤੇ ਉਹ ਦੇਖਣਗੇ ਕਿ ਪਾਰਟੀ ਸਰਕਾਰ ਨਾਲ ਸਮਝੌਤਾ ਕਰਕੇ ਇਨ੍ਹਾਂ ਮੰਗਾਂ ਤੋਂ ਪਿੱਛੇ ਨਾ ਹਟ ਜਾਵੇ।

ਹਾਲਾਂਕਿ ਉਹ ਇਸ ਮਤੇ ਦੇ ਇੱਕ ਬਿੰਦੂ ਦਾ ਹਵਾਲਾ ਦਿੰਦਿਆਂ ਲੋਕਾਂ ਨੂੰ ਹਥਿਆਰਬੰਦ ਹੋਣ ਲਈ ਕਹਿੰਦੇ ਸੀ ਅਤੇ ਪੁਲਿਸ ਦੇ ਲਾਈਸੈਂਸ ਬਾਰੇ ਪੁੱਛਣ 'ਤੇ ਇਹ ਮਤਾ ਦਿਖਾਉਣ ਲਈ ਕਹਿੰਦੇ ਸੀ।ਮਤੇ ਦਾ ਉਹ ਬਿੰਦੂ ਕਹਿੰਦਾ ਹੈ, "ਸ਼੍ਰੋਮਣੀ ਅਕਾਲੀ ਦਲ ਦਾ ਵਿਚਾਰ ਹੈ ਕਿ ਹਰ ਇਸਤ੍ਰੀ ਜਾਂ ਪੁਰਸ਼ ਲਈ ਜਿਸ ਨੂੰ ਕਿਸੇ ਇਖਲਾਕੀ ਜੁਰਮ ਵਿੱਚ ਅਦਾਲਤ ਵੱਲੋਂ ਕੋਈ ਸਜ਼ਾ ਨਾ ਦਿੱਤੀ ਗਈ ਹੋਵੇ।"ਛੋਟੇ ਸ਼ਸਤਰ ਰਿਵਾਲਵਰ, ਬੰਦੂਕਾਂ, ਪਿਸਤੌਲ, ਰਾਈਫ਼ਲ ਤੇ ਕਾਰਬਾਈਨ ਆਦਿ ਰੱਖਣ ਦੀ ਪੂਰੀ ਖੁੱਲ੍ਹ ਹੋਵੇ ਤੇ ਕੋਈ ਲਾਈਸੈਂਸ ਲੈਣ ਦੀ ਲੋੜ ਨਾ ਹੋਵੇ, ਕੇਵਲ ਰਜਿਸਟ੍ਰੇਸ਼ਨ ਚਾਹੀਦੀ ਹੋਵੇ।"

ਕਾਂਗਰਸ ਨੇ ਜੂਨ 1984 ਵਿੱਚ ਦਰਬਾਰ ਸਾਹਿਬ 'ਤੇ ਹੋਏ ਫ਼ੌਜੀ ਹਮਲੇ, ਓਪਰੇਸ਼ਨ ਬਲੂ ਸਟਾਰ ਅਤੇ 31 ਅਕਤੂਬਰ ਨੂੰ ਇੰਦਰਾ ਗਾਂਧੀ ਦੇ ਕਤਲ ਤੋਂ ਤੁਰੰਤ ਬਾਅਦ ਹੋਈਆਂ 1984 ਦੀਆਂ ਲੋਕ ਸਭਾ ਚੋਣਾਂ ਲੜੀਆਂ।ਪਾਰਟੀ ਨੇ ਅਨੰਦਪੁਰ ਸਾਹਿਬ ਦੇ ਮਤੇ ਨੂੰ ਰਾਸ਼ਟਰ-ਵਿਰੋਧੀ ਤੇ ਵੱਖਵਾਦੀ ਵਿਚਾਰ ਵਜੋਂ ਪੇਸ਼ ਕਰਕੇ ਬਹੁਮਤ ਹਾਸਿਲ ਕੀਤਾ।

### ਅਕਾਲੀ ਦਲ ਤੇ ਏਜੰਡੇ ਤੋਂ ਗਾਇਬ ਹੋਇਆ ਮਤਾ

ਇਹ ਮਤਾ ਲੋਕ ਸਭਾ ਚੋਣਾਂ ਦੇ ਤਿੰਨ ਮਹੀਨਿਆਂ ਅੰਦਰ ਰਾਜੀਵ-ਲੌਂਗੋਵਾਲ ਪੰਜਾਬ ਸਮਝੌਤੇ ਵਿੱਚ ਮੁੜ ਉੱਠਿਆ ਅਤੇ ਇਸ ਸਬੰਧੀ ਬਿੰਦੂ ਮੁਤਾਬਕ, ਸ਼੍ਰੋਮਣੀ ਅਕਾਲੀ ਦਲ ਕਹਿੰਦਾ ਹੈ ਕਿ ਅਨੰਦਪੁਰ ਸਾਹਿਬ ਦਾ ਮਤਾ ਭਾਰਤੀ ਸੰਵਿਧਾਨ ਦੇ ਦਾਇਰੇ ਵਿੱਚ ਹੈ।

ਇਹ ਕੇਂਦਰ ਤੇ ਸੂਬਿਆਂ ਦੇ ਸੰਬੰਧਾਂ ਨੂੰ ਇਸ ਤਰ੍ਹਾਂ ਪ੍ਰਭਾਸ਼ਿਤ ਕਰਦਾ ਹੈ ਤਾਂ ਜੋ ਇਕਸਾਰ ਭਾਰਤੀ ਸੰਵਿਧਾਨ ਮੁਤਾਬਕ ਤੈਅ ਸਹੀ ਫੈਡਰਲ ਢਾਂਚਾ ਲਿਆਂਦਾ ਜਾ ਸਕੇ।

ਇਸ ਮਤੇ ਦਾ ਮੰਤਵ ਦੇਸ਼ ਦੀ ਏਕਤਾ ਤੇ ਅਖੰਡਤਾ ਨੂੰ ਧਿਆਨ ਵਿੱਚ ਰੱਖਦਿਆਂ ਸੂਬਿਆਂ ਨੂੰ ਖੁਦਮੁਖਤਿਆਰੀ ਦੁਆਉਣਾ ਹੈ, ਕਿਉਂਕਿ ਅਨੇਕਤਾਵਾਂ ਵਿੱਚ ਏਕਤਾ ਹੀ ਸਾਡੇ ਦੇਸ਼ ਨੂੰ ਬਣਾਉਂਦੀ ਹੈ।ਅੱਗੇ ਲਿਖਿਆ ਹੈ ਕਿ ਅਨੰਦਪੁਰ ਸਾਹਿਬ ਦਾ ਮਤਾ ਕੇਂਦਰ ਅਤੇ ਸੂਬਿਆਂ ਦੇ ਆਪਸੀ ਰਿਸ਼ਤਿਆਂ ਬਾਰੇ ਗੱਲ ਕਰਦਾ ਹੈ ਅਤੇ ਸਰਕਾਰੀਆ ਕਮਿਸ਼ਨ ਨੂੰ ਭੇਜਿਆ ਜਾਂਦਾ ਹੈ।ਇਸ ਸਮਝੌਤੇ ਉੱਤੇ ਦਸਤਖ਼ਤ ਤੋਂ ਬਾਅਦ ਇਹ ਮਤਾ ਅਕਾਲੀ ਸਿਆਸਤ ਦੇ ਪ੍ਰਸੰਗ ਵਿੱਚੋਂ ਹੌਲੀ-ਹੌਲੀ ਗਾਇਬ ਹੋ ਗਿਆ ਤੇ 'ਅੰਮ੍ਰਿਤਸਰ ਐਲਾਨਨਾਮੇ' ਨੇ ਇਸ ਦੀ ਥਾਂ ਲੈ ਲਈ ਪਰ ਅਨੰਦਪੁਰ ਸਾਹਿਬ ਦੇ ਮਤੇ ਤੋਂ ਵਧ ਕੇ ਹੋਣ ਦੇ ਬਾਵਜੂਦ ਉਸ 'ਤੇ ਬਹੁਤਾ ਵਿਵਾਦ ਨਹੀਂ ਛਿੜਿਆ।




# ਸਿੱਖ ਰਾਜ
## ਕਿਵੇਂ ਬਣਿਆ?

**ਲੇਖਕ : ਗਿ: ਸੋਹਨ ਸਿੰਘ 'ਸੀਤਲ'**

ਕਿਸ਼ਤ - 47

ਲੜੀ ਜੋੜਨ ਲਈ ਪਿਛਲਾ ਅੰਕ ਵੇਖੋ

### ਭਿਖਾਰੀ ਖ਼ਾਂ ਕਤਲ

ਭਿਖਾਰੀ ਖ਼ਾਂ ਦੇ ਹੱਥ ਪੈਰ ਜੂੜ ਕੇ ਗੋਲੀਆਂ ਤੇ ਨੌਕਰਾਂ ਕੋਲੋਂ ਜੁੱਤੀਆਂ ਮਰਵਾਈਆਂ। ਜਦ ਉਹ ਇਸ ਨਾਲ ਬੇਹੋਸ਼ ਹੋ ਗਿਆ, ਬੇਗਮ ਨੇ ਆਪ ਕਟਾਰ ਮਾਰ ਕੇ ਭਿਖਾਰੀ ਖ਼ਾਂ ਨੂੰ ਮਾਰਿਆ ਤੇ ਉਹਦੀ ਲੋਥ ਸ਼ਹਿਰੋਂ ਬਾਹਰ ਖਾਈ ਵਿਚ ਸੁਟਾ ਦਿੱਤੀ। ਇਹ ਘਟਨਾ ਅਪ੍ਰੈਲ, 1755 ਈ: ਦੀ ਹੈ। ਖ਼ਵਾਜਾ ਅਬਦੁੱਲਾ ਜੁਲਾਈ, 1755 ਈ: ਵਿਚ ਬੇਗਮ ਦੇ ਨਾਇਬ ਖ਼ਵਾਜਾ ਅਬਦੁੱਲਾ ਨੇ ਬੇਗਮ ਨੂੰ ਕੈਦ ਕਰ ਲਿਆ ਤੇ ਆਪ ਲਾਹੌਰ ਦਾ ਸੂਬੇਦਾਰ ਬਣ ਬੈਠਾ। ਇਸ ਨਵੇਂ ਅਹੁਦੇ ਦੀ ਖ਼ੁਸ਼ੀ ਮਨਾਉਣ ਬਦਲੇ ਉਹਨੇ ਲਾਹੌਰ ਦੇ ਹਿੰਦੂਆਂ ਤੇ ਮੁਸਲਮਾਨਾਂ ਦੇ ਘਰ ਚੰਗੀ ਤਰਾਂ ਲੁੱਟੇ ਤੇ ਲੱਖਾਂ ਰੁਪੈ ਕੱਠੇ ਕਰ ਲਏ।

### ਅਦੀਨਾ ਬੇਗ ਦੀ ਲਾਹੌਰ 'ਚ ਚੜ੍ਹਾਈ

ਲਾਹੌਰ ਦੀ ਇਹ ਹਾਲਤ ਵੇਖਕੇ ਜਲੰਧਰ ਦਾ ਫੌਜਦਾਰ ਅਦੀਨਾ ਬੇਗ (ਸਤੰਬਰ, 1755 ਈ: ਵਿਚ) ਫੌਜ ਲੈ ਕੇ ਚੜ੍ਹ ਆਇਆ।

ਉਹਨੇ ਖ਼ਵਾਜਾ ਅਬਦੁੱਲਾ ਨੂੰ ਕੱਢ ਲਾਹੌਰ ਵਿਚ ਆਪਣਾ ਨਾਇਬ ਸੂਬੇਦਾਰ ਸਦੀਕ ਬੇਗ ਨੂੰ ਥਾਪ ਦਿੱਤਾ।

### ਸਦੀਕ ਬੇਗ ਸੂਬੇਦਾਰ

ਬੇਗਮ ਨੇ ਆਪਣਾ ਏਲਚੀ ਅਬਦਾਲੀ ਕੋਲ ਮਦਦ ਵਾਸਤੇ ਨੇ ਜਰਨੈਲ ਜਹਾਨ ਖ਼ਾਂ ਨੂੰ ਲਾਹੌਰ 'ਚ ਚੜਾ ਭੇਜਿਆ। ਜਹਾਨ ਖ਼ਾਂ ਦੇ ਆਉਣ ਤੋਂ ਪਹਿਲਾਂ ਲਾਹੌਰ ਵਿਚ ਸਦੀਕ ਬੇਗ ਸਰਹਿੰਦ ਨੂੰ ਭੱਜ ਗਿਆ।

ਜਹਾਨ ਖਾਂ ਨੇ ਮੁਰਾਦ ਬੇਗਮ ਨੂੰ ਲਾਹੌਰ ਦਾ ਸੂਬੇਦਾਰ ਤੇ ਖ਼ਵਾਜਾ ਅਬਦੁੱਲਾ ਨੂੰ ਉਸ ਦਾ ਨਾਇਬ ਫੇਰ ਬਣਾ ਦਿੱਤਾ। ਇਹ ਗੱਲ ਦਸੰਬਰ, ੧੭੫੫ ਈ। ਦੀ ਹੈ।

ਦੁਰਾਨੀ ਫ਼ੌਜ ਵਾਪਸ ਮੁੜ ਗਈ, ਤਾਂ ਅਦੀਨਾ ਬੇਗ ਫੇਰ ਲਾਹੌਰ ਉੱਤੇ ਹਮਲਾ ਕਰਨ ਦੀ ਤਿਆਰੀ ਕਰਨ ਲੱਗਾ ।

### ਉਮਦਾ ਬੇਗਮ

ਮੁਰਾਦ ਬੇਗਮ ਦੀ ਲੜਕੀ ਉਮਦਾ ਬੇਗਮ ਦਿੱਲੀ ਦੇ ਵਜ਼ੀਰ ਗਾਜ਼ੀਉੱਦੀਨਨਾਲ ਮੰਗੀ ਹੋਈ ਸੀ। ਇਸ ਸੰਬੰਧ ਦੇ ਹੌਂਸਲੇ ਉੱਤੇ ਮੁਰਾਦ ਬੇਗਮ ਨੇ ਵਜ਼ੀਰ ਨੂੰ ਮਦਦ ਵਾਸਤੇ ਬੁਲਾ ਭੇਜਿਆ। ਵਜ਼ੀਰ ਦਸ ਹਜ਼ਾਰ

### ਵਜ਼ੀਰ ਦੀ ਚੜਾਈ

ਫੌਜ ਲੈ ਕੇ ਫਰਵਰੀ, ੧੭੫੬ ਈ। ਵਿਚ ਮਾਛੀਵਾੜੇ ਆ ਬੈਠਾ। ਅਦੀਨਾ ਬੇਗ ਨੇ ਅੰਦਰ ਖ਼ਾਨੇ ਵਜ਼ੀਰ ਨਾਲ ਸਮਝੌਤਾ ਕਰ ਲਿਆ। ਵਜ਼ੀਰ ਮਾਛੀਵਾੜੇ ਹੀ ਰਿਹਾ ਤੇ ਅਦੀਨਾ ਬੇਗ ਦਾ ਨਾਇਬ ਸਦੀਕ ਬੇਗ ਦਸ ਹਜ਼ਾਰ ਫੌਜ ਸਣੇ ਲਾਹੌਰ ਆ ਪੁੱਜਾ।

### ਉਮਦਾ ਬੇਗਮ ਵਜ਼ੀਰ ਕੋਲ

ਬੇਗਮ ਨੇ ਹਾਲ ਵਿਗੜੇ ਵੇਖੇ, ਤਾਂ ਆਪਣੀ ਲੜਕੀ (ਵਜ਼ੀਰ ਦੀ ਮੰਗ) ਉਮਦਾ ਬੇਗਮ ਚਾਰ ਮਾਰਚ ਨੂੰ ਵਜ਼ੀਰ ਕੋਲ ਭੇਜ ਦਿੱਤੀ, ਜਿਸ ਨੂੰ ਮਗਰਲੇ ਨੇ ਆਪਣੀ ਬੇਗਮ ਬਣਾ ਲਿਆ। ਫਿਰ ਵਜ਼ੀਰ ਨੇ ਸੱਯਦ ਜਮੀਲੁੱਦੀਨ ਨੂੰ ਮੁਰਾਦ ਬੇਗਮ ਨੂੰ ਲਿਆਉਣ ਵਾਸਤੇ ਲਾਹੌਰ ਭੇਜਿਆ। ਉਹਨੇ ਬੇਗਮ ਨੂੰ ਕੈਦ

### ਮੁਰਾਦ ਬੇਗਮ ਕੈਦ

ਕਰ ਲਿਆ ਤੇ ਉਹਦਾ ਘਰ ਬਾਰ ਲੁੱਟ ਲਿਆ। ਮੁਰਾਦ ਬੇਗਮ ਕੈਦਣ ਬਣਕੇ 28 ਮਾਰਚ, 1756 ਈ। ਨੂੰ ਵਜ਼ੀਰ ਦੇ ਕੈਂਪ ਵਿਚ ਪੁੱਜੀ'। ਵਜ਼ੀਰ ਨੇ ਮੁਰਾਦ ਬੇਗਮ ਨੂੰ ਕੈਦ ਕਰ ਲਿਆ ਤੇ ਸੂਬਾ ਲਾਹੌਰ ਤੇ ਮੁਲਤਾਨ ਤੀਹ ਲੱਖ ਸਲਾਨਾ ਖ਼ਰਾਜ ਬਦਲੇ ਅਦੀਨਾ ਬੇਗ ਨੂੰ ਦੇ ਦਿੱਤੇ। ਅਦੀਨਾ ਬੇਗ ਨੇ ਜਮੀਲੁੱਦੀਨ ਖ਼ਾਂ ਨੂੰ ਆਪਣੇ ਮਾਤਹਿਤ ਲਾਹੌਰ ਦਾ ਸੂਬੇਦਾਰ ਥਾਪਿਆ। ਇਹ ਪਰਬੰਧ ਕਰਕੇ ਵਜ਼ੀਰ 9 ਮਈ, 1756 ਈ। ਨੂੰ ਵਾਪਸ ਦਿੱਲੀ ਮੁੜਿਆ ਮੁਰਾਦ ਬੇਗਮ ਨੇ ਵਜ਼ੀਰ ਨਾਲ ਨਕਾਹ (ਜਾਂ ਯਰਾਨਾ) ਕਰ ਲਿਆ। ਮੁਰਾਦ ਬੇਗਮ ਦਾ ਚਾਲ ਚਲਨ ਬੜਾ ਖ਼ਰਾਬ ਸੀ। ਹੋ ਸਕਦਾ ਏ, ਉਸ ਨੇ ਵਜ਼ੀਰ ਨੂੰ ਆਪਣੇ ਜਾਲ ਵਿਚ ਫਸਾ ਲਿਆ ਹੋਵੇ।

### ਦੁਰਾਨੀ ਜਰਨੈਲ ਦੀ ਚੜਾਈ

ਖ਼ਵਾਜਾ ਅਬਦੁੱਲਾ ਖ਼ਾਂ ਕੰਧਾਰ ਨੱਸ ਗਿਆ ਸੀ।ਉਹ ਓਥੋਂ ਅਬਦਾਲੀ ਦੇ ਜਰਨੈਲ ਜੰਗ ਬਾਜ਼ ਖ਼ਾਂ ਨੂੰ ਚੜਾ ਲਿਆਇਆ। ਉਹਨਾਂ ਦੇ ਆਉਣ ਤੋਂ ਪਹਿਲਾਂ ਹੀ ਜਮੀਲੁੱਦੀਨ ਜਲੰਧਰ ਨੂੰ ਨੱਸ ਗਿਆ। ਚਾਰ ਅਕਤੂਬਰ, ੧੭੫੬ ਈ। ਨੂੰ ਦੁਰਾਨੀ ਫ਼ੌਜ ਲਾਹੌਰ ਪੁੱਜੀ। ਉਸ ਦੀ ਮਦਦ ਨਾਲ ਖ਼ਵਾਜਾ ਅਬਦੁੱਲਾ ਲਾਹੌਰ ਦਾ ਸੂਬੇਦਾਰ ਬਣਿਆ ਤੇ ਖ਼ਵਾਜਾ ਮਿਰਜ਼ਾ ਉਸਦਾ ਨਾਇਬ। ਇਸ ਵਾਰ ਵੀ ਲਾਹੌਰ ਬੁਰੀ ਤਰਾਂ ਲੁਟਿਆ ਗਿਆ।

### ਇਸ ਸਮੇਂ ਸਿੱਖਾਂ ਦੀ ਤਾਕਤ ਵਧ ਗਈ

ਨਵੰਬਰ, ੧੭੫੩ ਈ। ਤੋਂ ਅਕਤੂਬਰ, ੧੭੫੬ ਈ। ਤੱਕ ਲਾਹੌਰ ਸਰਕਾਰ ਵਿਚ ਕਈ ਅਦਲਾ-ਬਦਲੀ ਹੋਈਆਂ।ਇਹਨਾਂ ਤਿੰਨਾਂਸਾਲਾਂਵਿਚ ਸਰਕਾਰ ਦਾ ਪੱਕਾ ਪ੍ਰਬੰਧ ਨਹੀਂ ਰਿਹਾ ਸੀ। ਇਸ ਸਮੇਂ ਵਿਚ ਸਿੱਖਾਂ ਨੇ ਆਪਣੀ ਤਾਕਤ ਬਹੁਤ ਵਧਾ ਲਈ। ਪੰਜਾਬ ਵਿਚ ਉਹ ਹੈਰਾਨ ਕਰਨ ਵਾਲੀ ਤਾਕਤ ਬਣ ਗਏ। ਇਉਂ ਸਮਝੋ, ਕਿ ਦੇਸ ਵਿਚ ਜਥੇਬੰਦ ਤਾਕਤ ਉਸ ਵੇਲੇ ਸਿੱਖ ਹੀ ਸਨ

ਮੀਰ ਮੰਨੂੰ ਦੇ ਜਿਉਂਦਿਆਂ ਹੀ ਸਿੰਘ ਪੰਜਾਬ ਵਿਚ ਆ ਗਏ ਸਨ। ਉਸ ਦੇ ਮਰੇ ਤੋਂ ਰਾਜ ਰੌਲਾ ਪੈ ਗਿਆ, ਤਾਂ ਸਿੰਘਾਂ ਨੇ ਸਾਰੇ ਇਲਾਕੇ ਵਿਚ ਲੁੱਟ ਮਚਾ ਦਿੱਤੀ। ਜਿੰਨਾਂ ਚੁਗਲਾਂ ਨੇ ਗਸ਼ਤੀ ਫ਼ੌਜ ਨੂੰ ਦੱਸ-ਦੱਸ ਕੇ ਸਿੰਘਾਂ ਦੇ ਬਾਲ ਬੱਚੇ ਫੜਾਏ ਸਨ, ਖਾਲਸੇ ਨੇ ਉਹਨਾਂ ਤੋਂ ਗਿਣ-ਗਿਣ ਕੇ ਬਦਲੇ ਲਏ।

### ਪਿੰਡ ਲੁੱਟੇ ਤੇ ਚੁਗਲ ਮਾਰੇ

ਨੂਰਦੀਨ ਦੀਸਰਾਂ, ਕੋਟ, ਮਜੀਠਾ, ਜੰਡਿਆਲਾ, ਘਣੀਆਂ, ਸੈਦੇਵਾਲਾ, ਭੂਰੇ, ਮੰਡਿਆਲਾ, ਬੁਤਾਲਾ, ਬੰਡਾਲਾ, ਨੌਸ਼ਹਿਰਾ, ਮਾਲਪੁਰ, ਫਗਵਾੜਾ ਆਦਿ ਪਿੰਡ ਤੇ ਕਸਬੇ ਲੁੱਟ ਲਏ। ਕਰਮੇ ਛੀਨੇ ਤੇ ਰੰਧਾਵੇ ਦੇ ਪਰਵਾਰ ਦੇ ਜਿੰਨੇ ਬੰਦੇ ਹੱਥ ਲੱਗੇ ਕਤਲ ਕਰ ਦਿੱਤੇ ਗਏ। ਸੈਦੋਵਾਲੇ ਦੇ ਜੱਟ, ਭੁਰਿਆਂ ਦੇ ਪੈਂਚ, ਬੁਤਾਲੇ ਦੇ ਰੰਘੜ, ਬੰਡਾਲੇ ਦੇ ਜੱਟ, ਨੌਸ਼ਹਿਰੇ ਦੇ ਪੈਂਚ, ਇਸਮਾਈਲ ਖ਼ਾਂ ਮੰਡਿਆਲੀਆ, ਔਲੀਏ ਖ਼ਾਂ ਘੇਬ, ਹਸਨਾ ਭੱਟੀ ਆਦਿ ਨਾਮਵਰ ਚੁਗਲ ਭਾਲਭਾਲ ਕੇ ਮਾਰ ਗਏ

☛ ਬਾਕੀ ਅਗਲੇ ਅੰਕ ਵਿਚ

# ਪੁਲਾਂ ਹੇਠੋਂ ਲੰਘਿਆ ਪਾਣੀ

ਲੇਖਕ : ਗੋਵਰਧਨ ਗੱਬੀ
ਸੰਪਰਕ: 94171-73700

ਭਾਰਤ-ਪਾਕਿਸਤਾਨ ਬਟਵਾਰੇ ਵਿੱਚ ਲੱਖਾਂ ਲੋਕ ਮਾਰੇ, ਲੁੱਟੇ, ਬੇਘਰੇ ਤੇ ਬੇਪੱਤੇ ਹੋ ਗਏ ਸਨ। ਲੋਕਾਈ ਨੇ ਬਹੁਤ ਹੀ ਡਰਾਵਣਾ ਤੇ ਕਰੂਰ ਮਖੌਟਾ ਪਹਿਨ ਲਿਆ ਸੀ। ਸਦੀਆਂ ਪੁਰਾਣੀਆਂ ਸਾਂਝਾਂ ਛਿਣਾਂ ਵਿੱਚ ਹੀ ਲੀਰੋ ਲੀਰ ਹੋ ਗਈਆਂ ਸਨ। ਭਰਾ, ਭਰਾ ਦਾ ਦੁਸ਼ਮਣ ਹੋ ਗਿਆ ਸੀ। ਇੱਕ ਦੂਜੇ ਦੇ ਖ਼ੂਨ ਦਾ ਪਿਆਸਾ। ਦੋਸਤੀਆਂ, ਦੁਸ਼ਮਣੀਆਂ ਵਿੱਚ ਬਦਲਦਿਆਂ ਦੇਰ ਨਾ ਲੱਗੀ। ਇੰਝ ਲਗਦਾ ਸੀ ਜਿਵੇਂ ਕੁਝ ਸਮੇਂ ਲਈ ਰੱਬ ਵੀ ਕਿਤੇ ਜਾ ਕੇ ਲੁਕ ਗਿਆ ਹੋਵੇ ਜਾਂ ਫਿਰ ਉਹ ਮਨੁੱਖਤਾ ਦੀ ਕਰੂਰਤਾ ਦਾ ਨੰਗਾ ਨਾਚ ਖ਼ੁਦ ਨਾ ਦੇਖਣਾ ਚਾਹੁੰਦਾ ਹੋਵੇ, ਪਰ ਜਿਸ ਨਾਚ ਨੇ ਹੋਣਾ ਸੀ ਉਹ ਹੋ ਕੇ ਰਿਹਾ।

ਇੰਝ ਜਾਪਦਾ ਸੀ ਜਿਵੇਂ ਕੁੱਲ ਲੋਕਾਈ ਇਧਰੋਂ ਉਧਰ ਤੇ ਉਧਰੋਂ ਇਧਰ ਆ ਰਹੀ ਹੋਵੇ। ਆਪਸ ਵਿੱਚ ਲੜ ਮਰ ਰਹੀ ਹੋਵੇ। ਇੱਕ ਦੂਜੇ ਦੇ ਖ਼ੂਨ ਦੀ ਪਿਆਸੀ ਹੋਵੇ। ਧਰਤੀ ਦੀ ਹਿੱਕ 'ਤੇ ਲਕੀਰਾਂ ਪੱਕੇ ਤੌਰ 'ਤੇ ਵਾਹ ਦਿੱਤੀਆਂ ਗਈਆਂ। ਵੰਡ ਦੀ ਲਕੀਰ ਦਾ ਸਭ ਤੋਂ ਜ਼ਿਆਦਾ ਹਿੱਸਾ ਮੰਦਭਾਗੇ ਪੰਜਾਬ ਦੇ ਹਿੱਸੇ ਹੀ ਆਇਆ। ਵੰਡ ਦੀ ਛੁਰੀ ਪੰਜਾਬ ਦੀ ਹਿੱਕ ਨੂੰ ਚੀਰਦੀ ਹੋਈ ਇੰਨਾ ਜ਼ਿਆਦਾ ਲਹੂ ਲੁਹਾਣ ਕਰ ਗਈ ਕਿ ਇਸ ਦੇ ਜ਼ਖ਼ਮਾਂ ਨੂੰ ਭਰਨ ਲਈ ਕਈ ਸਦੀਆਂ ਵੀ ਸ਼ਾਇਦ ਘੱਟ ਹੋਣਗੀਆਂ।

ਅਖੀਰ 15 ਅਗਸਤ 1947 ਨੂੰ ਹਿੰਦੋਸਤਾਨ ਆਜ਼ਾਦ ਤਾਂ ਹੋ ਗਿਆ, ਪਰ ਦੋ ਹਿੱਸਿਆਂ ਵਿੱਚ ਵੰਡਿਆ ਗਿਆ। ਸਾਡੇ ਨੇਤਾ ਹਾਰ ਗਏ ਸਨ ਤੇ ਅੰਗਰੇਜ਼ ਆਪਣੇ ਮਕਸਦ ਵਿੱਚ ਕਾਮਯਾਬ ਹੋ ਗਏ।

ਦੇਸ਼ ਦੇ ਲੋਕ ਖ਼ੁਸ਼ ਵੀ ਸਨ ਤੇ ਉਦਾਸ ਵੀ। ਖ਼ੁਸ਼ੀ ਤੇ ਗ਼ਮੀ ਦਾ ਅਜੀਬ ਕਿਸਮ ਦਾ ਸੁਮੇਲ ਸੀ। ਖ਼ੁਸ਼ੀ ਆਜ਼ਾਦੀ ਮਿਲਣ ਦੀ ਅਤੇ ਗ਼ਮ ਇੱਕ ਮੁਲਕ ਦੇ ਦੋ ਟੁਕੜੇ ਹੋਣ ਦਾ ਸੀ। ਦੋ ਮੁਲਕ ਬਣ ਗਏ ਸਨ। ਇਹ ਉਵੇਂ ਹੀ ਮਹਿਸੂਸ ਹੁੰਦਾ ਹੈ ਜਿਵੇਂ ਇੱਕ ਦਿਨ ਤੁਹਾਡਾ ਪਿਉ ਸਵਰਗ ਸਿਧਾਰ ਗਿਆ ਹੋਵੇ ਤੇ ਉਸੇ ਦਿਨ ਤੁਹਾਡੇ ਘਰ ਪੁੱਤਰ ਨੇ ਜਨਮ ਲਿਆ ਹੋਵੇ।

ਇੱਕ ਨਵੇਂ ਮੁਲਕ ਪਾਕਿਸਤਾਨ ਦਾ ਜਨਮ ਹੋ ਗਿਆ ਸੀ।

ਇੱਕ ਪਾਸੇ ਜਸ਼ਨ ਮਨਾਏ ਜਾ ਰਹੇ ਸਨ ਤੇ ਦੂਜੇ ਪਾਸੇ ਕਤਲੋਗਾਰਤ ਸ਼ੁਰੂ ਹੋ ਚੁੱਕੀ ਸੀ।

ਆਜ਼ਾਦੀ ਤੇ ਬਟਵਾਰੇ ਵਿੱਚ ਲੱਖਾਂ ਲੋਕ ਮਾਰੇ, ਲੁੱਟੇ, ਬੇਘਰੇ ਤੇ ਬੇਪੱਤੇ ਹੋ ਗਏ ਸਨ। ਲੋਕਾਈ ਨੇ ਬਹੁਤ ਹੀ ਡਰਾਵਣਾ ਤੇ ਕਰੂਰ ਮਖੌਟਾ ਪਹਿਨ ਲਿਆ ਸੀ। ਸਦੀਆਂ ਪੁਰਾਣੀਆਂ ਸਾਂਝਾਂ ਛਿਣਾਂ ਵਿੱਚ ਹੀ ਲੀਰੋ ਲੀਰ ਹੋ ਗਈਆਂ ਸਨ। ਭਰਾ, ਭਰਾ ਦਾ ਦੁਸ਼ਮਣ ਹੋ ਗਿਆ ਸੀ। ਇੱਕ ਦੂਜੇ ਦੇ ਖ਼ੂਨ ਦਾ ਪਿਆਸਾ। ਦੋਸਤੀਆਂ, ਦੁਸ਼ਮਣੀਆਂ ਵਿੱਚ ਬਦਲਦਿਆਂ ਦੇਰ ਨਾ ਲੱਗੀ। ਇੰਝ ਲਗਦਾ ਸੀ ਜਿਵੇਂ ਕੁਝ ਸਮੇਂ ਲਈ ਰੱਬ ਵੀ ਕਿਤੇ ਜਾ ਕੇ ਲੁਕ ਗਿਆ ਹੋਵੇ ਜਾਂ ਫਿਰ ਉਹ ਮਨੁੱਖਤਾ ਦੀ ਕਰੂਰਤਾ ਦਾ ਨੰਗਾ ਨਾਚ ਖ਼ੁਦ ਨਾ ਦੇਖਣਾ ਚਾਹੁੰਦਾ ਹੋਵੇ, ਪਰ ਜਿਸ ਨਾਚ ਨੇ ਹੋਣਾ ਸੀ ਉਹ ਹੋ ਕੇ ਰਿਹਾ। ਖ਼ੂਨ ਦੀਆਂ ਜੋ ਨਦੀਆਂ ਵਹਿਣੀਆਂ ਸਨ, ਵਹਿ ਕੇ ਰਹੀਆਂ। ਜੋ ਨਫ਼ਰਤਾਂ ਫੈਲਣੀਆਂ ਸਨ, ਫੈਲ ਕੇ ਰਹੀਆਂ। ਜੋ ਦੂਰੀਆਂ, ਜੋ ਪਾੜੇ, ਲੋਕਾਂ ਦੇ ਮਨਾਂ ਅੰਦਰ ਪੈਣੇ ਸਨ, ਪੈ ਕੇ ਰਹੇ।

ਅਜਿਹਾ ਜ਼ਖ਼ਮ ਜੋ ਕਦੇ ਵੀ ਭਰਿਆ ਨਹੀਂ ਜਾਣਾ ਸੀ। ਜਿਸ ਨੇ ਹਮੇਸ਼ਾ ਰਿਸਦੇ ਰਹਿਣਾ ਸੀ। ਜੋ ਅਜੇ ਵੀ ਰਿਸ ਰਿਹਾ ਹੈ ਤੇ ਰਹਿੰਦੀ ਦੁਨੀਆ ਤੱਕ ਰਿਸਦਾ ਰਹੇਗਾ।

ਇੰਝ ਜਾਪਦਾ ਸੀ ਜਿਵੇਂ ਕੁੱਲ ਲੋਕਾਈ ਇਧਰੋਂ ਉਧਰ ਤੇ ਉਧਰੋਂ ਇਧਰ ਆ ਰਹੀ ਹੋਵੇ। ਆਪਸ ਵਿੱਚ ਲੜ ਮਰ ਰਹੀ ਹੋਵੇ। ਇੱਕ ਦੂਜੇ ਦੇ ਖ਼ੂਨ ਦੀ ਪਿਆਸੀ ਹੋਵੇ। ਅਸਲ ਵਿੱਚ ਕੁਝ ਪਿਆਸਾਂ ਤਾਂ ਪਾਣੀ ਨਾਲ ਬੁਝ ਜਾਂਦੀਆਂ ਹਨ ਤੇ ਕੁਝ ਖ਼ੂਨ ਪੀਣ ਨਾਲ ਵੀ ਨਹੀਂ ਬੁਝਦੀਆਂ।

ਇਸ ਸਭ ਦੀ ਕਨਸੋਆਂ ਦੇ ਬਾਵਜੂਦ ਸਾਡਾ ਪਰਿਵਾਰ ਇਹ ਸਭ ਕੁਝ ਮੰਨਣ ਨੂੰ ਤਿਆਰ ਹੀ ਨਹੀਂ ਸੀ ਕਿ ਉਨ੍ਹਾਂ ਨੂੰ ਆਪਣੇ ਪੁਰਖਿਆਂ ਦਾ ਪਿੰਡ ਛੱਡਣਾ ਪਵੇਗਾ, ਪੁਸ਼ਤਾਂ ਪੁਰਾਣੀ ਜਨਮ ਭੋਇੰ ਦਾ ਤਿਆਗ ਕਰਨਾ ਪਵੇਗਾ।

"ਜਿਵੇਂ ਪਹਿਲਾਂ ਰੌਲਾ ਰੱਪਾ ਪੈਂਦਾ ਹੁੰਦਾ ਸੀ ਓਦਾਂ ਇਸ ਵਾਰ ਵੀ ਪੈ ਕੇ ਹਟ ਜਾਵੇਗਾ... ਸਾਨੂੰ ਬਹੁਤਾ ਫ਼ਿਕਰ ਕਰਨ ਦੀ ਲੋੜ ਨਹੀਂ... ਬਹੁਤਾ ਧਿਆਨ ਨਾ ਦਿਆ ਕਰੋ ਇਸ ਤਰ੍ਹਾਂ ਦੀਆਂ ਅਫ਼ਵਾਹਾਂ ਉਪਰ... ਬਿਨਾਂ ਸਿਰ ਪੈਰ ਦੀਆਂ ਗੱਲਾਂ ਉਪਰ... ਆਪੋ ਆਪਣੇ ਕੰਮ ਕਰਿਆ ਕਰੋ ਦਿਲ ਲਗਾ ਕੇ... ਇਸ ਤਰ੍ਹਾਂ ਦੀਆਂ ਬੇਕਾਰ ਦੀਆਂ ਗੱਲਾਂ ਉਪਰ ਆਪਣਾ ਸਮਾਂ ਜ਼ਾਇਆ ਨਾ ਕਰਿਆ ਕਰੋ...।" ਚਾਚਾ ਜੀ ਇਹ ਤਰਕ ਅਕਸਰ ਉਨ੍ਹਾਂ ਲੋਕਾਂ ਨੂੰ ਦਿੰਦੇ ਸਨ ਜਿਹੜੇ ਉਨ੍ਹਾਂ ਨੂੰ ਹਿੰਦੋਸਤਾਨ ਜਾਣ ਦੀਆਂ ਸਲਾਹਾਂ ਦਿੰਦੇ ਸਨ। ਇਹ ਤਰਕ ਤੇ ਸੋਚ ਉਨ੍ਹਾਂ ਦੀ ਅਨਪੜ੍ਹਤਾ ਤੇ ਸਿਆਸੀ ਗਿਆਨ ਦੀ ਘਾਟ ਕਾਰਨ ਵੀ ਹੋ ਸਕਦਾ ਹੈ ਜਾਂ ਫਿਰ ਆਪਣੀ ਜਨਮ ਭੋਇੰ ਨਾਲ ਮੋਹ ਕਾਰਨ ਵੀ ਜਿਹੜਾ ਉਨ੍ਹਾਂ ਨੂੰ ਹਕੀਕਤ ਮੰਨਣ ਤੋਂ ਇਨਕਾਰੀ ਕਰਦਾ ਸੀ ਪਰ ਹਕੀਕਤ ਤਾਂ ਹਮੇਸ਼ਾ ਹਕੀਕਤ ਹੀ ਰਹਿੰਦੀ ਹੈ। ਜੇ ਬਿੱਲੀ ਨੂੰ ਦੇਖ ਕੇ ਕਬੂਤਰ ਅੱਖਾਂ ਬੰਦ ਕਰਕੇ ਸੋਚੇ ਕਿ ਬਿੱਲੀ ਚਲੀ ਗਈ ਹੈ ਤਾਂ ਇਹ ਕਬੂਤਰ ਦੀ ਬੇਵਕੂਫ਼ੀ ਹੀ ਹੋਵੇਗੀ। ਇਹੀ ਕੁਝ ਸਾਡਾ ਟੱਬਰ ਕਰਦਾ ਪਿਆ ਸੀ।

ਜੋ ਹੋਣਾ ਸੀ ਉਹ ਹੋ ਗਿਆ। ਦੇਸ਼ ਦੇ ਸਿਆਸੀ ਨੇਤਾ ਤੇ ਆਮ ਲੋਕ, ਗੋਰਿਆਂ ਦੀਆਂ ਲੂੰਬੜ ਚਾਲਾਂ ਦੇ ਸ਼ਿਕਾਰ ਹੋ ਚੁੱਕੇ ਸਨ।

ਜਿਸ ਦੇਸ਼ ਨੇ ਆਜ਼ਾਦੀ ਵਾਸਤੇ ਅੰਗਰੇਜ਼ਾਂ ਨਾਲ ਦੋ ਸੋ ਸਾਲ ਜੰਗਾਂ ਲੜੀਆਂ ਸਨ, ਉਹੀ ਦੇਸ਼ ਆਜ਼ਾਦ ਹੋਣ ਦੇ ਨਾਲ ਨਾਲ ਆਪ ਦੋ ਹਿੱਸਿਆਂ ਵਿੱਚ ਵੀ ਵੰਡਿਆ ਗਿਆ।

ਵੰਡਾਂ ਹਕੀਕਤ ਵਿੱਚ ਪੈ ਗਈਆਂ। ਧਰਤੀ ਉਪਰ ਵੀ ਤੇ ਦਿਲਾਂ ਵਿੱਚ ਵੀ।

ਧਰਤੀ ਦੀ ਹਿੱਕ 'ਤੇ ਲਕੀਰਾਂ ਪੱਕੇ ਤੌਰ 'ਤੇ ਵਾਹ ਦਿੱਤੀਆਂ ਗਈਆਂ। ਵੰਡ ਦੀ ਲਕੀਰ ਦਾ ਸਭ ਤੋਂ ਜ਼ਿਆਦਾ ਹਿੱਸਾ ਮੰਦਭਾਗੇ ਪੰਜਾਬ ਦੇ ਹਿੱਸੇ ਹੀ ਆਇਆ। ਵੰਡ ਦੀ ਛੁਰੀ ਪੰਜਾਬ ਦੀ ਹਿੱਕ ਨੂੰ ਚੀਰਦੀ ਹੋਈ ਇੰਨਾ ਜ਼ਿਆਦਾ ਲਹੂ ਲੁਹਾਣ ਕਰ ਗਈ ਕਿ ਇਸ ਦੇ ਜ਼ਖ਼ਮਾਂ ਨੂੰ ਭਰਨ ਲਈ ਕਈ ਸਦੀਆਂ ਵੀ ਸ਼ਾਇਦ ਘੱਟ ਹੋਣਗੀਆਂ।

ਉਂਜ ਵੀ ਕੁਝ ਜ਼ਖ਼ਮ ਲਾਇਲਾਜ ਹੁੰਦੇ ਹਨ ਜਾਂ ਫਿਰ ਸਮਾਂ ਪੈਣ ਨਾਲ ਨਾਸੂਰ ਬਣ ਜਾਂਦੇ ਹਨ। ਕੁਝ ਹੀ ਦਿਨਾਂ ਵਿੱਚ ਸਾਰਾ ਕੁਝ ਵਾਪਰ ਗਿਆ। ਦੋ ਦੇਸ਼ ਹੋ ਗਏ। ਦੋ ਝੰਡੇ ਹੋ ਗਏ। ਦੋ ਕੌਮਾਂ ਹੋ ਗਈਆਂ। ਸਭ ਕੁਝ ਆਪੋ ਆਪਣਾ। ਵੱਖ-ਵੱਖ।

ਉਧਰ ਸਾਡਾ ਪਰਿਵਾਰ ਆਪਣੇ ਪਿੰਡ ਦੀਆਂ ਹੱਦਾਂ ਵਿੱਚ ਹੀ ਬੱਝਿਆ ਰਹਿਣਾ ਚਾਹੁੰਦਾ ਸੀ।

ਉਨ੍ਹਾਂ ਨੂੰ ਕਬੂਲ ਹੀ ਨਹੀਂ ਸੀ ਕਿ ਕਦੇ ਦੇਸ਼ ਵੀ ਵੰਡੇ ਜਾ ਸਕਦੇ ਸਨ ਪਰ ਉਨ੍ਹਾਂ ਦੀ ਇਸ ਸੋਚ ਨਾਲ ਹਕੀਕਤ ਨੇ ਬਦਲ ਥੋੜ੍ਹਾ ਜਾਣਾ ਸੀ। ਦੇਸ਼ ਦੀ ਵੰਡ ਨੂੰ ਪਿੱਛੇ ਥੋੜ੍ਹਾ ਮੋੜਿਆ ਜਾ ਸਕਦਾ ਸੀ। ਦੇਸ਼ ਤਾਂ ਵੰਡਿਆ ਜਾ ਚੁੱਕਾ ਸੀ।

"ਕਿਵੇਂ ਛੱਡ ਦੇਈਏ ਆਪਣਾ ਪਿੰਡ...? ਗਾਂਧੀ ਨੇ ਕਹਿ ਦਿੱਤਾ... ਜਿਨਾਹ ਨੇ ਸੁਣਾ ਦਿੱਤਾ... ਤੁਹਾਡਾ ਦੇਸ਼ ਵੱਖਰਾ... ਸਾਡਾ ਵੱਖਰਾ... ਤੁਹਾਡੀ ਧਰਤ ਵੱਖਰੀ... ਸਾਡੀ ਵੱਖਰੀ... ਤੁਹਾਡਾ ਧਰਮ ਵੱਖਰਾ... ਸਾਡਾ ਵੱਖਰਾ... ਤੁਹਾਡਾ ਰੱਬ ਹੋਰ ਤੇ ਸਾਡਾ ਅੱਲ੍ਹਾ ਹੋਰ... ਪਰ ਮੈਂ ਨਹੀਂ ਛੱਡਦਾ ਆਪਣੇ ਪੁਰਖਿਆਂ ਦੀ ਧਰਤੀ... ਆਪਣਾ ਦੇਸ... ਕਿਉਂ ਛੱਡਾਂ ਮੈਂ ਆਪਣਾ ਘਰ, ਪਿੰਡ, ਸਦੀਆਂ ਪੁਰਾਣੀਆਂ ਯਾਦਾਂ, ਸਾਂਝ ਤੇ ਆਪਣਾ ਭਾਈਚਾਰਾ... ਕਿਵੇਂ ਕਹਿ ਦਿਆਂ ਆਪਣੇ ਲੰਗੋਟੀਏ ਯਾਰ ਫਜ਼ਲੂ ਨੂੰ ਕਿ ਯਾਰ ਹੁਣ ਮੈਂ ਤੇਰੇ ਨਾਲ ਨਹੀਂ ਰਹਿ ਸਕਦਾ ਇੱਥੇ ਕਿਉਂਕਿ ਮੈਂ ਮੁਸਲਮਾਨ ਨਹੀਂ ਹਾਂ... ਮੈਨੂੰ ਦੂਜੇ ਪਾਸੇ ਜਾਣਾ ਪਵੇਗਾ... ਹਿੰਦੂਆਂ ਵਾਲੇ ਪਾਸੇ... ਕਿਉਂਕਿ ਮੈਂ ਹਿੰਦੂ ਹਾਂ... ਇਨ੍ਹਾਂ ਸਿਆਸੀ ਲੀਡਰਾਂ ਦੇ ਕਹਿਣ ਉੱਪਰ ਮੈਂ ਕਿਉਂ ਘਾਟਾ ਖਾਵਾਂ... ਮੈਂ ਨਈਂ ਮੰਨਦਾ ਇਨ੍ਹਾਂ ਦੀਆਂ ਤਕਰੀਰਾਂ ਨੂੰ... ਮੈਂ ਨਈਂ ਜਾਣਾ ਕਿਤੇ ਵੀ... ਆਪਣਾ ਘਰ-ਬਾਰ ਹੁੰਦੇ ਹੋਏ ਵੀ ਮੈਂ ਕਿਉਂ ਬਣਾਂ ਆਪਣੀ ਹੀ ਧਰਤੀ ਉਪਰ ਰਫਿਊਜੀ...?"

ਚਾਚਾ ਜੀ ਪਿੰਡ ਨਾ ਛੱਡਣ ਲਈ ਹੋਰ ਲੋਕਾਂ ਨੂੰ ਵੀ ਇਸ ਤਰ੍ਹਾਂ ਦੇ ਤਰਕ ਦੇ ਕੇ ਸਮਝਾਉਂਦੇ ਸਨ।

ਸਾਡੇ ਕੁਝ ਪਰਿਵਾਰਾਂ ਨੂੰ ਛੱਡ ਕੇ ਬਹੁਤੇ ਲੋਕ ਪਾਕਿਸਤਾਨ ਤੋਂ ਕੂਚ ਕਰ ਰਹੇ ਸਨ। ਸਾਡਾ ਪਰਿਵਾਰ ਆਪਣੀ ਜ਼ਿੱਦ ਉਪਰ ਅੜਿਆ ਰਿਹਾ।

ਉਨ੍ਹਾਂ ਨੇ ਪਾਕਿਸਤਾਨ ਨਾ ਛੱਡਣ ਦਾ ਪੱਕਾ ਮਨ ਬਣਾ ਲਿਆ ਸੀ।

ਅਸੀਂ ਸਾਰਾ ਕੁਝ ਭੁੱਲ ਭੁਲਾ ਕੇ ਆਪਣੇ ਨਿੱਤ ਦੇ ਕਾਰ-ਵਿਹਾਰ ਵਿੱਚ ਰੁੱਝ ਗਏ। ਵੰਡ ਨੂੰ ਇੱਕ ਐਸਾ ਆਰਜ਼ੀ ਫਤਵਾ ਮੰਨ ਲਿਆ ਸੀ ਜਿਹੜਾ ਕਦੇ ਵੀ ਦੋਵਾਂ ਮੁਲਕਾਂ ਦੁਆਰਾ ਵਾਪਸ ਲੈ ਲਿਆ ਜਾਵੇਗਾ, ਪਰ ਸਾਨੂੰ ਇਹ ਪਤਾ ਨਹੀਂ ਸੀ ਕਿ ਪੁਲਾਂ ਹੇਠੋਂ ਲੰਘਿਆ ਪਾਣੀ ਮੁੜ ਕੇ ਵਾਪਸ ਨਹੀਂ ਆਉਂਦਾ। ਜੇ ਆਉਂਦਾ ਵੀ ਹੈ ਤਾਂ ਭੇਖ ਬਦਲ ਕੇ ਹੀ ਆਉਂਦਾ ਹੈ।

# ਰਿਸ਼ਤਿਆਂ ਦੇ ਰੰਗ

ਪਰਵਾਸ ਕਹਾਣੀ, ਭਾਗ ਦੂਜਾ

ਲੇਖਕ : ਗੁਰਮਲਕੀਅਤ ਸਿੰਘ ਕਾਹਲੋਂ
ਸੰਪਰਕ: +16044427676



"ਕੋਈ ਨਾ ਕਈ ਵਾਰ ਮੌਕਾ ਇਹੋ ਜਿਹਾ ਬਣ ਗਿਆ ਹੁੰਦਾ, ਬੰਦੇ ਨੂੰ ਪਤਾ ਨਹੀਂ ਲੱਗਦਾ ਉਸ ਦੇ ਮੂੰਹੋਂ ਕੀ ਨਿਕਲ ਜਾਂਦਾ। ਰਾਣੋ ਨੂੰ ਮਸਲਾ ਨਜਿੱਠਣ ਦਾ ਭਰੋਸਾ ਦੇ ਕੇ ਉਹ ਬੈੱਡਰੂਮ 'ਚ ਜਾ ਪਿਆ। ਅਗਲੀ ਸਵੇਰ ਰਾਣੋ ਤਾਂ ਆਮ ਦਿਨਾਂ ਵਾਂਗ ਉੱਠੀ ਪਰ ਛੁੱਟੀ ਹੋਣ ਕਰਕੇ ਡਾ. ਭੱਟੀ ਦੇਰ ਨਾਲ ਉੱਠਿਆ। ਰਾਣੋ ਨੇ ਨਾਸ਼ਤਾ ਡਾਈਨਿੰਗ ਟੇਬਲ 'ਤੇ ਸਜਾ ਕੇ ਸਭ ਨੂੰ ਆਵਾਜ਼ ਮਾਰ ਲਈ। ਖਾਣੇ ਦੇ ਸੁਆਦ ਤੋਂ ਡਾ. ਭੱਟੀ ਨੂੰ ਬੀਵੀ ਦੇ ਮਨ ਦੀ ਟੋਹ ਲਾਉਣ 'ਚ ਦੇਰ ਨਾ ਲੱਗੀ। ਉਸ ਨੂੰ ਰਾਤੀਂ ਕੀਤਾ ਵਾਅਦਾ ਯਾਦ ਆਇਆ ਤਾਂ ਖਾਣੇ ਦੀ ਤਾਰੀਫ਼ ਕਰਦਿਆਂ ਉਸ ਨੇ ਉਹ ਗੱਲ ਛੇੜ ਲਈ।

"ਹਾਂ ਬਈ ਬੱਚਿਓ, ਤੁਹਾਡੇ ਨਾਨਾ ਜੀ ਨੂੰ ਪਿੰਡ ਇਕੱਲੇ ਛੱਡਣਾ ਮੈਨੂੰ ਚੰਗਾ ਨਹੀਂ ਜੇ ਲੱਗਦਾ। ਤੁਹਾਡੇ ਮਾਮਾ ਜੀ ਉਨ੍ਹਾਂ ਨੂੰ ਲੈਣ ਗਏ ਸੀ ਪਰ ਉਸ ਦਾ ਘਰ ਛੋਟਾ ਹੋਣ ਕਰਕੇ ਨਾਨਾ ਜੀ ਨੇ ਜਾਣ ਤੋਂ ਨਾਂਹ ਕਰ ਦਿੱਤੀ। ਬਜ਼ੁਰਗਾਂ ਤੋਂ ਛੋਟੇ ਘਰਾਂ 'ਚ ਰਹਿ ਵੀ ਕਿੱਥੇ ਹੁੰਦਾ। ਕਈ ਦਿਨਾਂ ਤੋਂ ਮੈਂ ਸੋਚ ਰਿਹਾ ਸੀ ਕਿ ਉਨ੍ਹਾਂ ਨੂੰ ਅਸੀਂ ਇੱਥੇ ਲੈ ਆਈਏ ਤੇ ਤੁਸੀਂ ਵੀ ਸਾਡੇ ਨਾਲ ਚੱਲੋ। ਤੁਹਾਨੂੰ ਤੇ ਉਹ ਮੇਰੇ ਤੋਂ ਵੀ ਵੱਧ ਪਿਆਰ ਕਰਦੇ ਨੇ। ਚੱਲੋਗੇ ਨਾ?" ਬਾਪ ਵੱਲੋਂ ਬੰਨ੍ਹੀ ਭੂਮਿਕਾ ਮੂਹਰੇ ਦੋਵੇਂ ਬੱਚਿਆਂ ਦੇ ਹਾਂ ਵਿੱਚ ਹਿੱਲੇ ਸਿਰ ਤੱਕ ਕੇ ਰਾਣੋ ਦਾ ਮਨ ਪਤੀ ਦੀ ਵਿਉਂਤਕਾਰੀ ਦੇ ਫ਼ਖਰ ਨਾਲ ਗਦ ਗਦ ਹੋ ਗਿਆ। ਉਸ ਦੇ ਚਿਹਰੇ 'ਤੇ ਪਰਸੋਂ ਦੀ ਛਾਈ ਹੋਈ ਪਿਲੱਤਣ ਨੂੰ ਸੂਹੀ ਚਮਕ ਵਿੱਚ ਬਦਲਦਿਆਂ ਵੇਖ ਡਾ. ਭੱਟੀ ਨੂੰ ਵੀ ਖ਼ੁਸ਼ੀ ਹੋਈ।

"ਹਾਂ ਫਿਰ 11 ਵਜੇ ਚੱਲਾਂਗੇ, ਤਿਆਰ ਹੋ ਜਾਓ ਉਦੋਂ ਤੱਕ।"

ਚੱਲਣ ਤੋਂ ਪਹਿਲਾਂ ਰਾਣੋ ਨੇ ਡੈਡੀ ਨੂੰ ਫੋਨ 'ਤੇ ਆਪਣੇ ਆਉਣ ਬਾਰੇ ਦੱਸ ਦਿੱਤਾ। ਪਿੰਡ ਪਹੁੰਚੇ ਤਾਂ ਡੈਡੀ ਦੀ ਹਾਲਤ ਵੇਖ ਕੇ ਰਾਣੋ ਸਮਝ ਗਈ ਕਿ ਚਾਚੀ ਨੇ ਸੱਚ ਹੀ ਤਾਂ ਕਿਹਾ ਸੀ ਕਿ ਉਨ੍ਹਾਂ ਤੋਂ ਨਹੀਂ ਸਾਂਭਿਆ ਜਾਂਦਾ ਹੁਣ। ਰਾਣੋ ਵੇਖ ਕੇ ਹੈਰਾਨ ਸੀ ਕਿ ਬਣ ਠਣ ਕੇ ਰਹਿਣ ਵਾਲੇ ਬੰਦੇ ਨੂੰ ਨਾ ਪਹਿਨਣ ਦੀ ਪਰਵਾਹ ਸੀ ਤੇ ਨਾ ਸਫ਼ਾਈ ਦੀ। ਉਨ੍ਹਾਂ ਨੂੰ ਪਤਾ ਲੱਗਾ ਕਿ ਥੋੜ੍ਹੇ ਦਿਨ ਹੋਏ ਸਕੂਟਰ ਤੋਂ ਡਿੱਗ ਕੇ ਡੈਡੀ ਦੇ ਹੱਥ 'ਤੇ ਸੱਟ ਲੱਗੀ ਹੋਈ ਸੀ ਜਿਸ 'ਤੇ ਮੈਲੀ ਜਿਹੀ ਪੱਟੀ ਬੰਨ੍ਹੀ ਹੋਈ ਸੀ।

ਰਾਣੋ ਨੂੰ ਹੋਰ ਪਤਾ ਲੱਗਾ ਕਿ ਚਾਚੀ ਨੇ ਉਸ ਦਿਨ ਜੇਠ ਦੀਆਂ ਜ਼ਿੱਦਾਂ ਤੋਂ ਅੱਕ ਕੇ ਫੋਨ ਕੀਤਾ ਸੀ। ਉਸ ਨੇ ਸੱਟ ਦੀ ਪਰਵਾਹ ਨਹੀਂ ਸੀ ਕੀਤੀ। ਡਾਕਟਰ ਨੇ ਐਕਸਰੇ ਲਈ ਕਿਹਾ ਸੀ ਪਰ ਲਾਣੇਦਾਰ ਅੜ ਗਿਆ ਸੀ। ਬਾਅਦ ਵਿੱਚ ਪੱਟੀ ਕਰਾਉਣ ਨਹੀਂ ਸੀ ਗਿਆ। ਨਾ ਉਹ ਕੱਪੜੇ ਧੋਣ ਲਈ ਦਿੰਦਾ ਸੀ ਤੇ ਨਾ ਕਮਰੇ ਦੀ ਸਫ਼ਾਈ ਕਰਨ ਦਿੰਦਾ ਸੀ। ਮੰਮੀ ਨੂੰ ਯਾਦ ਕਰਕੇ ਰਾਣੋ ਦਾ ਮਨ ਕੁਰਲਾ ਉਠਿਆ ਪਰ ਹੌਸਲਾ ਕਾਇਮ ਰੱਖ ਕੇ ਉਸ ਨੇ ਡੈਡੀ ਨੂੰ ਕੁਝ ਦਿਨਾਂ ਲਈ ਲਿਜਾਣ ਬਾਰੇ ਸਹਿਮਤ ਕਰ ਲਿਆ।

ਵਾਪਸੀ 'ਤੇ ਉਹ ਸਿੱਧੇ ਹਸਪਤਾਲ ਗਏ। ਡਾ. ਸੇਖੋਂ ਨਾਲ ਉਨ੍ਹਾਂ ਦੀ ਪਰਿਵਾਰਕ ਸਾਂਝ ਸੀ। ਸਾਰੇ ਟੈਸਟ ਕਰਕੇ ਉਸ ਨੇ ਦੱਸਿਆ ਕਿ ਹਥੇਲੀ ਦੀਆਂ ਟੁੱਟੀਆਂ ਹੱਡੀਆਂ 'ਚ ਪੈਦਾ ਹੋ ਚੁੱਕੇ ਵਿਗਾੜ ਨੂੰ ਅਪਰੇਸ਼ਨ ਨਾਲ ਤੁਰੰਤ ਠੀਕ ਨਾ ਕੀਤਾ ਗਿਆ ਤਾਂ ਬਾਂਹ ਕੱਟਣੀ ਪੈ ਸਕਦੀ ਹੈ। ਧੀ ਜਵਾਈ ਮੂਹਰੇ ਲਾਣੇਦਾਰ ਨੇ ਹੀਲ ਹੁੱਜਤ ਨਾ ਕੀਤੀ ਤੇ ਨਰਸ ਦੇ ਪਿੱਛੇ ਜਾ ਕੇ ਬੈਡ 'ਤੇ ਪੈ ਗਿਆ। ਅਪਰੇਸ਼ਨ ਤੋਂ ਬਾਅਦ ਡਾ. ਸੇਖੋਂ ਨੇ ਅਗਲੇ ਦਿਨ ਘਰ ਜਾਣ ਲਈ ਕਹਿ ਦਿੱਤਾ। ਉਸ ਨੇ ਥੋੜ੍ਹੀ ਜ਼ਿੰਦ ਕੀਤੀ ਕਿ ਪਿੰਡ ਜਾਣਾ ਹੈ ਪਰ ਰਾਣੋ ਦੇ ਥੋੜ੍ਹੇ ਦਿਨ ਰਹਿਣ ਦੇ ਭਰੋਸੇ 'ਤੇ ਉਨ੍ਹਾਂ ਨਾਲ ਚਲੇ ਗਿਆ। ਹਫ਼ਤੇ ਬਾਅਦ ਡਾਕਟਰ ਦੇ ਠੀਕ ਹੋ ਗਿਆ ਕਹਿਣ 'ਤੇ ਪਿੰਡ ਜਾਣ ਲਈ ਅੜ ਗਿਆ। ਰਾਣੋ ਉਸ ਨੂੰ ਇਕੱਲੇ ਛੱਡਣਾ ਨਹੀਂ ਸੀ ਚਾਹੁੰਦੀ। ਹਰਿੰਦਰ ਤੇ ਬਬਲੀ ਹਸਪਤਾਲ ਪਤਾ ਲੈਣ ਆਏ ਸੀ। ਬਾਅਦ 'ਚ ਉਹ ਫੋਨ 'ਤੇ ਹਾਲ ਚਾਲ ਪੁੱਛਦੇ ਰਹੇ। ਹਾਈ ਸੁਸਾਇਟੀ ਨਾਲ ਮੇਲ ਮਿਲਾਪ ਤੋਂ ਡਾ. ਭੱਟੀ ਵੀ ਕੋਲ ਰੱਖਣ ਤੋਂ ਝਿਜਕ ਜਾਂਦਾ। ਬ੍ਰਿਧ ਆਸ਼ਰਮ ਦੇ ਖ਼ਿਆਲ ਤਾਂ ਉਨ੍ਹਾਂ ਸਾਰਿਆਂ ਦੇ ਮਨਾਂ 'ਚ ਆਉਂਦੇ ਪਰ ਇੱਕ ਦੂਜੇ ਨੂੰ ਕਹਿਣ ਤੋਂ ਝਿਜਕ ਜਾਂਦੇ। ਆਖਰ ਇੱਕ ਦਿਨ ਪਤੀ ਨਾਲ ਗੱਲ ਕਰਦੀ ਰਾਣੋ ਤੋਂ ਭਰਾ ਦੀ ਕਾਲ ਗ਼ਲਤੀ ਨਾਲ ਕਾਨਫਰੰਸ 'ਤੇ ਲੱਗ ਗਈ ਤਾਂ ਤਿੰਨਾਂ ਦਾ ਝਾਕਾ ਲਹਿ ਗਿਆ। ਹਰਿੰਦਰ ਨੇ ਆਪਣੀਆਂ ਮਜਬੂਰੀਆਂ ਦੱਸ ਦਿੱਤੀਆਂ। ਗੁਰੀ ਤੇ ਮਨੂੰ ਨੂੰ ਨਾਨੇ ਦੀ ਖੰਘ ਤੋਂ ਚਿੜ ਸੀ। ਪੀੜ੍ਹੀ ਦੇ ਪਾੜੇ ਦੇ ਬਦਲਾਅ ਤੋਂ ਰਾਣੋ ਤੇ ਭੱਟੀ ਅਣਜਾਣ ਨਹੀਂ ਸਨ। ਆਖਰ ਪੁੱਤ-ਨੂੰਹ ਤੇ ਧੀ-ਜਵਾਈ ਨੇ ਬਾਪੂ ਨੂੰ ਬ੍ਰਿਧ ਆਸ਼ਰਮ ਛੱਡਣ 'ਤੇ ਸਹਿਮਤੀ ਕਰ ਲਈ ਤੇ ਬਾਪੂ ਨੂੰ ਰਾਜ਼ੀ ਕਰਨ ਦੀ ਜ਼ਿੰਮੇਵਾਰੀ ਰਾਣੋ ਨੇ ਚੁੱਕ ਲਈ।

ਅਗਲੇ ਦਿਨ ਤੋਂ ਘਰ ਵਿੱਚ ਬ੍ਰਿਧ ਆਸ਼ਰਮ ਵਿੱਚ ਬਜ਼ੁਰਗਾਂ ਦੀ ਸਿਹਤ ਸੰਭਾਲ, ਖਾਣ ਪੀਣ ਤੇ ਆਜ਼ਾਦੀ ਦੀਆਂ ਗੱਲਾਂ ਹੋਣ ਲੱਗ ਪਈਆਂ। ਆਸ਼ਰਮਾਂ ਦੇ ਪਤੇ ਕੀਤੇ ਜਾਣ ਲੱਗੇ। ਲਾਣੇਦਾਰ ਇਸ ਗੱਲੋਂ ਅਣਜਾਣ ਨਹੀਂ ਸੀ ਕਿ ਉਸ ਦੇ ਕਮਰੇ ਦਾ ਦਰਵਾਜ਼ਾ ਬੰਦ ਕਰਕੇ ਘਰ ਵਿੱਚ ਕਿਸ ਬਾਰੇ ਗੱਲਾਂ ਹੁੰਦੀਆਂ ਨੇ। ਉਸ ਕੋਲ ਬੈਠ ਕੇ ਛੇੜੀਆਂ ਜਾਂਦੀਆਂ ਬ੍ਰਿਧ ਆਸ਼ਰਮਾਂ 'ਚ ਸਹੂਲਤਾਂ ਦੀਆਂ ਗੱਲਾਂ ਨੂੰ ਉਹ ਗੰਭੀਰਤਾ ਨਾਲ ਲੈਣ ਲੱਗਿਆ। ਉਸ ਤੋਂ ਹਾਂ ਕਰਾਉਣ ਲਈ ਜਿੰਨੀ ਕੁ ਖਿਚੜੀ ਧੀ-ਜਵਾਈ ਪਕਾ ਰਹੇ ਸੀ, ਉਸ ਤੋਂ ਵੱਧ ਗੰਭੀਰਤਾ ਨਾਲ ਉਹ ਆਪਣੇ ਆਪ ਨੂੰ ਅਣਕਿਆਸੀਆਂ ਸਥਿਤੀਆਂ ਨਾਲ ਸਿੱਝਣ ਲਈ ਤਿਆਰ ਕਰਨ ਲੱਗ ਪਿਆ ਸੀ।

ਥੋੜ੍ਹੇ ਦਿਨ ਲੰਘੇ ਤਾਂ ਡੈਡੀ ਦੇ ਹੱਥ ਤੋਂ ਪੱਟੀ ਖੁੱਲ੍ਹ ਗਈ। ਉਸ ਦਿਨ ਕੱਤਕ ਦੀ ਸੰਗਰਾਂਦ ਸੀ। ਹਰੇਕ ਸੰਗਰਾਂਦ ਨੂੰ ਪ੍ਰਸ਼ਾਦ ਬਣਾਉਣਾ ਤੇ ਪਾਠ ਕਰਕੇ ਵਰਤਾਉਣ ਦੀ ਆਦਤ ਰਾਣੋ ਨੇ ਮਾਂ ਤੋਂ ਸਿੱਖੀ ਸੀ। ਪਾਠ ਤੋਂ ਬਾਅਦ ਅਰਦਾਸ ਕਰਦਿਆਂ ਜੋਦੜੀ 'ਤੇ ਪਹੁੰਚ ਕੇ ਰਾਣੋ ਦੇ ਮੂੰਹੋਂ "ਹੇ ਸੱਚੇ ਪਾਤਸ਼ਾਹ ਡੈਡੀ ਬਾਰੇ ਜੋ ਅਸੀਂ ਸੋਚਿਆ, ਆਪ ਨੇ ਸਹਾਈ ਹੋ ਕੇ ਉੱਥੇ ਵੀ ਡੈਡੀ ਦੇ ਅੰਗ ਸੰਗ ਰਹਿਣਾ" ਕੰਨਾਂ ਵਿੱਚ ਪੈਂਦੇ ਹੀ ਹੱਥ ਜੋੜ ਕੇ ਖੜ੍ਹਾ ਲਾਣੇਦਾਰ ਤ੍ਰਭਕ ਕੇ ਲੀਨ ਅਵਸਥਾ 'ਚੋਂ ਜਾਗਿਆ। ਅੱਖਾਂ ਖੋਲ੍ਹ ਕੇ ਵੇਖਿਆ ਤਾਂ ਰਾਣੋ ਦੇ ਚਿਹਰੇ 'ਤੇ ਕਿਸੇ ਭਰੋਸੇ ਦਾ ਉਭਾਰ ਸੀ। ਅਰਦਾਸ ਤੋਂ ਬਾਅਦ ਜੈਕਾਰਾ ਬੁਲਾਇਆ ਗਿਆ ਤਾਂ ਲਾਣੇਦਾਰ ਦੀ ਆਵਾਜ਼ ਹੇਠ ਹੋਰਾਂ ਦੀ ਆਵਾਜ਼ ਦੱਬ ਕੇ ਰਹਿ ਗਈ।

ਅਗਲੇ ਦਿਨ ਕੋਈ ਸਰਕਾਰੀ ਛੁੱਟੀ ਸੀ। ਰਾਣੋ ਦੇਰ ਨਾਲ ਉੱਠੀ। ਨਾਸ਼ਤੇ ਲਈ ਡੈਡੀ ਨੂੰ ਟੇਬਲ 'ਤੇ ਬੁਲਾ ਲਿਆ। ਡੌਂਗੇ ਤੇ ਜੱਗ ਨਾਸ਼ਤੇ ਦੀ ਵਿਸ਼ੇਸ਼ਤਾ ਆਮ ਦਿਨਾਂ ਤੋਂ ਵੱਖਰੀ ਹੋਣ ਦੇ ਸੰਕੇਤ ਸਨ। ਵਾਰ ਵਾਰ ਖੁੱਲ੍ਹਦੇ ਡੌਂਗਿਆਂ ਦੇ ਢੱਕਣ ਖਾਣੇ ਦੇ ਸਵਾਦ ਹੋਣ ਦੀ ਗਵਾਹੀ ਸਨ। ਨਾਸ਼ਤਾ ਕਰਦਿਆਂ ਹਾਂ ਤੇ ਹੂੰ ਤੋਂ ਵੱਧ ਕੋਈ ਗੱਲ ਨਾ ਹੋਈ। ਹੱਥ ਸਾਫ਼ ਕਰਕੇ ਡੈਡੀ ਆਪਣੇ ਕਮਰੇ ਵੱਲ ਜਾਣ ਈ ਲੱਗੇ ਸਨ ਤਾਂ ਡਾ. ਭੱਟੀ ਨੇ ਆਵਾਜ਼ ਮਾਰ ਕੇ ਸੋਫੇ 'ਤੇ ਆਪਣੇ ਨਾਲ ਬੈਠਾ ਲਿਆ। ਰਾਣੋ ਵੀ ਨਾਲ ਆਣ ਬੈਠੀ। ਕਾਰਨ ਦੀ ਸਮਝ ਲਾਣੇਦਾਰ ਨੂੰ ਲੱਗ ਗਈ। ਉਸ ਨੇ ਆਪ ਪਹਿਲ ਕਰਨੀ ਠੀਕ ਸਮਝੀ।

"ਬੇਟਾ ਮੈਂ ਕਹਿੰਦਾ ਕਿ ਹੁਣ ਮੈਂ ਠੀਕ ਹਾਂ। ਅੱਜ ਮੈਨੂੰ ਪਿੰਡ ਛੱਡ ਆਓ, ਜਾਂ ਹਰਿੰਦਰ ਨੂੰ ਕਹੋ ਆ ਕੇ ਲੈ ਜਾਏ।" ਡੈਡੀ ਦੇ ਮੂੰਹੋਂ ਗੱਲ ਸੁਣ ਕੇ ਭੱਟੀ ਤੇ ਰਾਣੋ ਤ੍ਰਭਕ ਜਿਹੇ ਗਏ। ਰਾਣੋ ਨੇ ਪਹਿਲ ਕੀਤੀ,

"ਡੈਡੀ ਅਸੀਂ ਕੁਝ ਹੋਰ ਸੋਚਦੇ ਸੀ ਪਰ ਤੁਹਾਨੂੰ ਪੁੱਛਣ ਦੀ ਹਿੰਮਤ ਨਹੀਂ ਸੀ ਹੋ ਰਹੀ। ਚੰਗਾ ਹੋਇਆ ਤੁਸੀਂ ਆਪ ਈ ਗੱਲ ਛੇੜ ਲਈ। ਇਸ ਉਮਰ 'ਚ ਤੁਹਾਨੂੰ ਇਕੱਲਿਆਂ ਪਿੰਡ ਛੱਡਣਾ ਸਾਨੂੰ ਨਹੀਂ ਜੇ ਚੰਗਾ ਲੱਗਦਾ। ਤੁਸੀਂ ਆਪਣੀ ਜ਼ਿੱਦ ਛੱਡ ਦਿਓ ਤੇ ਜਾਂ ਤਾਂ ਸਾਡੇ ਕੋਲ ਟਿਕੇ ਰਹੋ ਤੇ ਜਾਂ ਫਿਰ ਬਿ... ।" ਬ੍ਰਿਧ ਆਸ਼ਰਮ ਰਾਣੋ ਦੇ ਗਲੇ 'ਚ ਫਸ ਕੇ ਰਹਿ ਗਿਆ।

"ਬੇਟਾ ਮੈਂ ਤੁਹਾਡੀਆਂ ਤੇ ਹਰਿੰਦਰ ਦੀਆਂ ਮਜਬੂਰੀਆਂ ਸਮਝਦਾ ਹਾਂ। ਪੀੜ੍ਹੀ ਦੇ ਪਾੜੇ ਦੀਆਂ ਸਮੱਸਿਆਵਾ ਤੋਂ ਮੈਂ ਅਣਜਾਣ ਨਹੀਂ। ਕਿੰਨੇ ਦਿਨਾਂ ਤੋਂ ਹੁੰਦੀਆਂ ਸਲਾਹਾਂ ਮੈਂ ਤੁਹਾਡੇ ਚਿਹਰਿਆਂ ਤੋਂ ਪੜ੍ਹ ਰਿਹਾ ਸੀ। ਸਕੂਲ ਦੇ 33 ਸਾਲ ਬੱਚਿਆਂ ਦੇ ਚਿਹਰੇ ਈ ਪੜ੍ਹਦਾ ਰਿਹਾਂ। ਤੁਸੀਂ ਕਹਿਣ ਤੋਂ ਝਕੋ ਨਾ, ਮੈਂ ਆਪਣੇ ਆਪ ਨੂੰ ਤਿਆਰ ਕਰ ਲਿਆ ਹੋਇਆ। ਜਿਹੜਾ ਬ੍ਰਿਧ ਆਸ਼ਰਮ ਤੁਸੀਂ ਚੰਗਾ ਸਮਝੋ, ਮੈਨੂੰ ਛੱਡ ਆਓ। ਪਤਾ ਨਹੀਂ ਜ਼ਿੰਦਗੀ ਕਿੰਨੇ ਦਿਨ ਜਾਂ ਮਹੀਨੇ ਹੋਰ ਹੈ। ਮਹੀਨੇ ਕੁ ਬਾਅਦ 2-4 ਕਿਤਾਬਾਂ ਪਹੁੰਚਾਉਂਦੇ ਰਹਿਣਾ। ਮੇਰੇ ਦਿਨ ਸੌਖੇ ਲੰਘੀ ਜਾਣਗੇ। ਗੁਰੀ ਨੂੰ ਭੇਜ ਕੇ ਆਹ 10-12 ਕਿਤਾਬਾਂ ਤਾਂ ਅੱਜ ਈ ਮੰਗਵਾ ਦਿਓ।"

ਡੈਡੀ ਨੇ ਕਿਤਾਬਾਂ ਦੀ ਸੂਚੀ ਜੇਬ 'ਚੋਂ ਕੱਢ ਕੇ ਮੇਜ਼ 'ਤੇ ਰੱਖ ਦਿੱਤੀ। ਡੈਡੀ ਵੱਲੋਂ ਉਨ੍ਹਾਂ ਦੇ ਮਨਾਂ ਦੀ ਟੋਹ ਲਾ ਲੈਣ ਤੋਂ ਹੈਰਾਨ ਹੋਈ ਰਾਣੋ ਨੂੰ ਕੋਈ ਸ਼ਬਦ ਨਹੀਂ ਸੀ ਅਹੁੜ ਰਿਹਾ ਤੇ ਨਾ ਡਾ. ਭੱਟੀ ਨੂੰ। ਦੋ ਮਿੰਟ ਤਿੰਨਾਂ ਦੇ ਸਾਹਾਂ ਤੋਂ ਬਿਨਾਂ ਕਮਰੇ 'ਚ ਸੰਨਾਟਾ ਸੀ। ਨੀਵੀਂ ਪਾਈ ਬੈਠੇ ਰਾਣੋ ਤੇ ਭੱਟੀ ਡੈਡੀ ਨਾਲ ਅੱਖ ਮਿਲਾਉਣ ਤੋਂ ਝਿਜਕ ਰਹੇ ਸਨ। ਭੱਟੀ ਗੱਲ ਕਰਨੀ ਚਾਹੁੰਦਾ ਤਾਂ ਉਸ ਦੇ ਫਰਜ਼ਾਂ ਮੂਹਰੇ ਜਵਾਈ ਵਾਲੀ ਸਮਾਜਿਕ ਕੰਧ ਆਣ ਖੜੋਂਦੀ। ਆਖਰ ਧੀ ਵਾਲੇ ਹੱਕ ਵਜੋਂ ਰਾਣੋ ਨੇ ਮੌਕਾ ਸੰਭਾਲਿਆ।

"ਡੈਡੀ ਜੇ ਤੁਸੀਂ ਸਾਰਾ ਕੁਝ ਸੁਣ ਸਮਝ ਹੀ ਲਿਆ ਹੋਇਐ ਤਾਂ ਉਸ 'ਚੋਂ ਸਾਡੀ ਮਜਬੂਰੀ ਤੁਹਾਥੋਂ ਲੁਕੀ ਨਹੀਂ ਰਹੀ ਹੋਣੀ। ਤੁਹਾਡੀ ਸੰਘਰਸ਼ ਭਰੀ ਜ਼ਿੰਦਗੀ ਦੇ ਸਾਰੇ ਸਫ਼ੇ ਮੇਰੇ ਚੇਤਿਆਂ ਵਿੱਚ ਉੱਕਰੇ ਹੋਏ ਨੇ। ਬੁਢਾਪੇ ਵਿੱਚ ਸੁੱਖ ਦੇ ਦਿਨ ਸ਼ੁਰੂ ਹੋਣ ਈ ਲੱਗੇ ਸੀ ਤਾਂ ਉਹ ਵੀ ਰੱਬ ਤੋਂ ਬਰਦਾਸ਼ਤ ਨਾ ਹੋਏ। ਮੰਮੀ ਦੇ ਵਿਛੋੜੇ ਨੇ ਸਾਡੇ ਦੋਹਾਂ ਤੋਂ ਕਈ ਗੁਣਾਂ ਵੱਧ ਤੁਹਾਨੂੰ ਤੜਫ਼ਾਇਆ ਹੈ। ਪੁੱਤ-ਧੀਆਂ, ਭੈਣ-ਭਰਾ ਜਾਂ ਹੋਰ ਕੋਈ ਵੀ ਜੀਵਨ ਸਾਥੀ ਵਾਲੀ ਸਾਂਝ ਕਦੇ ਨਹੀਂ ਨਿਭਾ ਸਕਦੇ। ਇਸ ਤੋਂ ਅੱਗੇ ਮੈਂ ਕੀ ਬੋਲਾਂ, ਤੁਸੀਂ ਸਾਡੇ ਤੋਂ ਕਿਤੇ ਜ਼ਿਆਦਾ ਸਮਝਦਾਰ ਹੋ। ਅਸੀਂ ਤਾਂ ਤੁਹਾਡੀ ਸਮਝ ਦੇ ਅੱਧ ਤੱਕ ਨਹੀਂ ਪਹੁੰਚਦੇ। ਅਸੀਂ ਬ੍ਰਿਧ ਆਸ਼ਰਮ ਵੇਖ ਆਏ ਸੀ ਇੱਕ ਦਿਨ। ਤੁਹਾਨੂੰ ਉੱਥੇ ...।" ਤੇ ਅੱਗੇ ਕਹਿਣ ਤੋਂ ਰਾਣੋ ਦਾ ਗਲਾ ਜਵਾਬ ਦੇ ਗਿਆ। ਲਾਣੇਦਾਰ ਨੂੰ ਭਾਵੁਕਤਾ 'ਤੇ ਕਾਬੂ ਪਾਉਣਾ ਆਉਂਦਾ ਸੀ। ਧੀ ਦੀ ਗੱਲ ਉਸ ਨੇ ਆਪ ਹੀ ਪੂਰੀ ਕਰ ਦਿੱਤੀ।

"ਰਾਣੋ ਸੁਣ, ਉਸ ਦਿਨ ਜਦ ਤੇਰੀ ਚਾਚੀ ਨੇ ਫੋਨ ਕੀਤਾ ਤਾਂ ਮੈਨੂੰ ਕਮਰੇ 'ਚ ਸਾਰੀ ਗੱਲ ਸੁਣਦੀ ਸੀ। ਸੁਣਦੇ ਸਾਰ ਪਹੁੰਚਣ ਦੀ ਥਾਂ ਤੁਹਾਡੀ ਤੀਜੇ ਦਿਨ ਫੇਰੀ ਤੋਂ ਮੈਂ ਸਮਝ ਲਿਆ ਸੀ ਕਿ ਤੁਸੀਂ ਕੋਈ ਯੋਜਨਾ ਬਣਾ ਕੇ ਆਓਗੇ। ਡਾਕਟਰ ਸੇਖੋਂ ਦੀਆਂ ਹਦਾਇਤਾਂ ਨੋਟ ਕਰਕੇ ਮੈਂ ਨਾਲੋ ਨਾਲ ਆਪਣੇ ਆਪ ਨੂੰ ਤਿਆਰ ਕਰਦਾ ਰਿਹਾ। ਜਿਸ ਨੂੰ ਤੁਸੀਂ ਮੇਰੀ ਜ਼ਿੱਦ ਜਾਂ ਅੜੀ ਸਮਝਦੇ ਰਹੇ, ਉਹ ਮੇਰੀ ਜ਼ਿੰਦਗੀ ਦੇ ਅਸੂਲ ਨੇ। ਉਹ ਘਰ ਦੇ ਮੋਢੀ (ਲਾਣੇਦਾਰ) ਵਜੋਂ ਫਰਜ਼ ਨਿਭਾਉਣ ਲਈ ਮੇਰੀਆਂ ਮਜਬੂਰੀਆਂ ਵੀ ਸੀ। ਤੁਹਾਡੀ ਮੰਮੀ ਇਹ ਗੱਲ ਸਮਝਦੀ ਹੁੰਦੀ ਸੀ। ਮੈਂ ਭੁੱਲ ਗਿਆ ਸੀ ਕਿ ਬੁਢਾਪੇ ਤੇ ਇਕੱਲਤਾ 'ਚ ਆਪਣੇ ਅਸੂਲਾਂ ਨਾਲ ਸਮਝੌਤੇ ਕਰਨੇ ਪੈਂਦੇ ਨੇ। ਚਲੋ ਬਹੁਤੇ ਫੋਲਣੇ ਕੀ ਫਰੋਲਣੇ ਨੇ, ਤੁਸੀਂ ਤਿਆਰੀ ਕਰੋ ਜਿਸ ਦਿਨ ਤੇ ਜਿੱਥੇ ਜਾਣਾ, ਮੈਨੂੰ ਭੋਰਾ ਇਤਰਾਜ਼ ਨਹੀਂ।" ਗੱਲ ਮੁਕਾ ਕੇ ਲਾਣੇਦਾਰ ਨੇ ਸੱਜੇ ਖੱਬੇ ਬੈਠੇ ਧੀ ਜਵਾਈ ਵੱਲ ਤੱਕਿਆ। ਦੋਹਾਂ ਦੀਆਂ ਅੱਖਾਂ ਲਾਲ ਸੀ ਤੇ ਹੱਥਾਂ 'ਚ ਫੜੇ ਰੁਮਾਲ ਕੋਸੇ ਪਾਣੀ ਨਾਲ ਭਿੱਜੇ ਹੋਏ ਸਨ।

ਭਰੇ ਮਨਾਂ ਨਾਲ ਰਾਣੋ ਤੇ ਡਾ. ਭੱਟੀ ਨੇ ਉਸੇ ਬ੍ਰਿਧ ਆਸ਼ਰਮ ਫੋਨ ਕੀਤਾ, ਜਿੱਥੋਂ ਦੇ ਪ੍ਰਬੰਧ ਉਹ ਦੋ ਦਿਨ ਪਹਿਲਾਂ ਵੇਖ ਆਏ ਸੀ। ਮੂਹਰਿਓਂ ਅਗਲੇ ਦਿਨ ਦਾ ਸੱਦਾ ਮਿਲ ਗਿਆ। ਰਾਣੋ ਨੇ ਡੈਡੀ ਨੂੰ ਦੱਸ ਦਿੱਤਾ ਤੇ ਡਾ. ਭੱਟੀ ਨੇ ਦਫ਼ਤਰੋਂ ਅਗਲੇ ਦਿਨ ਦੀ ਛੁੱਟੀ ਲੈ ਲਈ। ਆਸ਼ਰਮ ਮੁਹਾਲੀ ਤੋਂ ਬਹੁਤੀ ਦੂਰ ਨਹੀਂ ਸੀ। ਉਹ ਰਾਤ ਲਾਣੇਦਾਰ ਨੇ ਉਸਲਵੱਟੇ ਲੈਂਦਿਆਂ ਕੱਟੀ। ਕਿੱਥੇ ਆਪਣੇ ਖ਼ੂਨ ਦੀ ਸਾਂਝ ਵਾਲੇ ਆਪਣੇ ਤੇ ਕਿੱਥੇ ਉਹ ਸਾਰੇ ਜਿਨ੍ਹਾਂ ਨਾਲ ਜਾਣ ਪਹਿਚਾਣ ਉੱਥੇ ਪਹੁੰਚ ਕੇ ਕਰਨੀ ਸੀ। ਉਨ੍ਹਾਂ ਨਾਲ ਰਹਿਣ ਸਹਿਣ ਦੇ ਸਲੀਕੇ ਵੀ ਸਿੱਖਣੇ ਪੈਣੇ ਸਨ। ਰਾਤ ਭਰ ਕਿੰਨਾ ਕੁਝ ਦ੍ਰਿਸ਼ ਬਣ ਕੇ ਉਸ ਦੀਆਂ ਅੱਖਾਂ ਮੂਹਰੇ ਘੁੰਮਦਾ ਰਿਹਾ। ਤੜਕਸਾਰ ਉਹ ਵਾਸ਼ਰੂਮ ਜਾ ਵੜਿਆ। ਰਾਣੋ ਅਜੇ ਉੱਠੀ ਨਹੀਂ ਸੀ ਪਰ ਉਹ ਤਿਆਰ ਹੋ ਕੇ ਟੀਵੀ ਮੂਹਰੇ ਜਾ ਬੈਠਾ। ਟੀਵੀ ਦੇ ਦ੍ਰਿਸ਼ਾਂ 'ਚੋਂ ਉਹ ਆਪਣੇ ਆਪ ਨੂੰ ਲੱਭਣ ਦੇ ਯਤਨ ਕਰਨ ਲੱਗਾ। ਰਾਣੋ ਨੇ ਉਸਦੇ ਮੂਹਰੇ ਚਾਹ ਵਾਲੀ ਟਰੇਅ ਲਿਆ ਰੱਖੀ। ਚਾਹ ਦਾ ਸਵਾਦ ਪਹਿਲਾਂ ਤੋਂ ਵੱਖਰਾ ਲੱਗਣ ਕਰਕੇ ਉਹ ਘੁੱਟਾਂ ਦੀ ਥਾਂ ਚੁਸਕੀਆਂ ਲੈਣ ਲੱਗਾ। ਬੋਲ ਸਾਂਝੇ ਕਰਨ ਲਈ ਪਿਉ ਧੀ ਦੀ ਜੀਭ ਸਾਥ ਨਹੀਂ ਸੀ ਦੇ ਰਹੀ।

ਚਾਹ ਪੀ ਕੇ ਰਾਣੋ ਉੱਠੀ ਤੇ ਕੱਲ੍ਹ ਲਿਆਂਦਾ ਨਵਾਂ ਅਟੈਚੀ ਡੈਡੀ ਮੂਹਰੇ ਲਿਆ ਕੇ ਖੋਲ੍ਹ ਦਿੱਤਾ।

"ਡੈਡੀ ਆਹ ਕੱਪੜੇ ਲਿਆਂਦੇ ਸੀ, ਪਹਿਨ ਕੇ ਵੇਖ ਲਓ ਸਾਰੇ। ਆਹ ਅਟੈਚੀ ਦੀ ਸਾਈਡ 'ਤੇ ਵੱਖ ਵੱਖ ਖਾਨੇ ਨੇ ਛੋਟੀਆਂ ਚੀਜ਼ਾਂ ਸਾਂਭਣ ਲਈ। ਇਸ ਦੇ ਲਾਕ ਦਾ ਨੰਬਰ ਮੈਂ ਤੁਹਾਡੇ ਜਨਮ ਦਾ ਸਾਲ ਸੈੱਟ ਕਰ ਦਿੱਤਾ, ਤੁਹਾਨੂੰ ਯਾਦ ਰਹੇਗਾ।" ਰਾਣੋ ਦੇ ਬੋਲਾਂ 'ਚੋਂ ਉਸ ਦੇ ਮਨ ਦੀ ਚੀਸ ਝਲਕ ਰਹੀ ਸੀ।

"ਕੋਈ ਨਾ ਬੱਚੇ, ਮਾਪ ਦਾ ਕੀ ਆ, ਤਨ ਹੀ ਢਕਣਾ। ਉੱਥੇ ਮੈਨੂੰ ਕਿਹੜਾ ਕਿਸੇ ਨੇ ਮਿਲਣ ਆਉਣਾ। ਤੁਸੀਂ ਤਿਆਰ ਹੋ ਜਾਓ। ਜੋ ਟਾਈਮ ਦਿੱਤਾ ਸੀ, ਉਦੋਂ ਤੱਕ ਪਹੁੰਚ ਜਾਈਏ। ਐਨਕ ਦੇ ਸ਼ੀਸ਼ੇ ਸਾਫ਼ ਕਰਨ ਵਾਲੇ ਦੋ ਚਾਰ ਰੁਮਾਲ ਪਾ ਦੇਈਂ ਮੇਰੇ ਸਾਮਾਨ ਵਿੱਚ। ਤੇਰੀ ਮਾਂ ਨੇ ਮੈਨੂੰ 'ਕੱਲਿਆਂ ਛੱਡਣ ਲੱਗਿਆਂ ਖੌਰੇ ਕੀ ਸੋਚਿਆ ਹੋਊ?" ਰਾਣੋ ਨੇ ਵੇਖਿਆ ਡੈਡੀ ਦੀਆਂ ਯਾਦਾਂ ਪਾਣੀ ਬਣ ਕੇ ਉਸ ਦੀਆਂ ਅੱਖਾਂ 'ਚੋਂ ਵਹਿ ਰਹੀਆਂ ਸਨ।

ਦਸ ਵੱਜਣ ਵਾਲੇ ਸੀ ਜਦ ਡੈਡੀ ਦਾ ਅਟੈਚੀ ਕਾਰ 'ਚ ਰੱਖਿਆ ਗਿਆ। ਉਹ ਬੰਦਾ ਜਿਸ ਨੇ ਕਿੰਨੇ ਰਿਸ਼ਤੇਦਾਰਾਂ ਨੂੰ ਘਰਾਂ ਵਾਲੇ ਬਣਾਇਆ ਸੀ, ਅੱਜ ਖ਼ੁਦ ਬੇਘਰ ਹੋ ਕੇ ਬ੍ਰਿਧ ਆਸ਼ਰਮ ਦੀ ਸ਼ਰਨ ਵਿੱਚ ਜਾ ਰਿਹਾ ਸੀ। ਧੀ-ਜਵਾਈ ਸਭ ਦੀਆਂ ਅੱਖਾਂ ਨਮ ਸਨ। ਬੱਚੇ ਜਿਨ੍ਹਾਂ ਨੂੰ ਨਾਨੇ ਦਾ ਖੰਘਣਾ ਅੱਖਰਦਾ ਸੀ, ਦੇ ਅੰਦਰੋਂ ਉਸ ਨੂੰ ਬਾਇ ਕਹਿਣ ਦੀ ਹਿੰਮਤ ਨਹੀਂ ਸੀ ਉੱਠ ਰਹੀ। ਉਹ ਭੱਟੀ ਜਿਹੜਾ ਝਾੜ-ਪੂੰਝ ਕਰਕੇ ਕਾਰ 'ਚ ਬੈਠਦਾ ਹੁੰਦਾ ਸੀ, ਦਾ ਮਨ ਚਾਬੀ ਘੁੰਮਾਉਣ ਨੂੰ ਨਹੀਂ ਮੰਨ ਰਿਹਾ ਸੀ। ਭਰੇ ਮਨਾਂ ਨਾਲ, ਬਿਨਾਂ ਇੱਕ ਦੂਜੇ ਨਾਲ ਇੱਕ ਵੀ ਸ਼ਬਦ ਸਾਂਝਾ ਕੀਤੇ, ਘੰਟੇ ਕੁ ਦਾ ਸਫ਼ਰ ਕਰਕੇ ਉਹ ਆਸ਼ਰਮ ਜਾ ਪਹੁੰਚੇ। ਦਫ਼ਤਰ ਵਾਲੀਆਂ ਕਾਗਜ਼ੀ ਕਾਰਵਾਈਆਂ ਪੂਰੀਆਂ ਕਰਕੇ ਰਜਿਸਟਰ ਵਿੱਚ 27 ਨੰਬਰ ਕਮਰੇ ਦੇ ਸੱਜੇ ਪਾਸੇ 'ਤੇ ਸੇਵਾ ਸਿੰਘ ਪੁੱਤਰ ਸਿਕੰਦਰ ਸਿੰਘ ਚਾੜ੍ਹ ਦਿੱਤਾ। ਕਮਰੇ ਵੱਲ ਜਾਂਦਾ ਡੈਡੀ ਪਿੱਛੇ ਝਾਕਣ ਦੀ ਹਿੰਮਤ ਨਾ ਜੁਟਾ ਸਕਿਆ ਤੇ ਨਾ ਹੀ ਪਤੀ-ਪਤਨੀ ਉਸ ਨੂੰ ਜਾਂਦਿਆਂ ਵੇਖਣ ਦਾ ਹੌਸਲਾ ਕਰ ਸਕੇ।

ਭੱਟੀ ਦੇ ਘਰ ਕਈ ਦਿਨ ਮੌਨ ਵਰਤ ਵਾਲੀ ਹਾਲਤ ਬਣੀ ਰਹੀ। ਮਸੀਂ 2 ਕੁ ਹਫ਼ਤੇ ਲੰਘੇ ਸੀ। ਭੱਟੀ ਨੂੰ ਆਸ਼ਰਮ ਤੋਂ ਫੋਨ ਆਇਆ ਤੇ ਕੋਲ ਬੈਠੀ ਹੋਣ ਕਰਕੇ ਰਾਣੋ ਨੇ ਚੁੱਕ ਲਿਆ। ਪਹਿਲੀ ਗੱਲ ਸੁਣਦੇ ਹੀ ਫੋਨ ਰਾਣੋ ਦੇ ਹੱਥੋਂ ਛੁੱਟ ਗਿਆ। ਉਸ ਦਾ ਡੈਡੀ ਆਪਣੀ ਜੀਵਨ ਸਾਥਣ ਕੋਲ ਪਹੁੰਚ ਗਿਆ ਸੀ। ਥੋੜ੍ਹਾ ਸੰਭਲ ਕੇ ਉਸ ਨੇ ਹਰਿੰਦਰ ਨੂੰ ਫੋਨ ਕਰਕੇ ਦੱਸਿਆ ਤੇ ਪਿੰਡ ਚਾਚੇ ਨੂੰ ਦੱਸ ਦਿੱਤਾ। ਜਿਸ ਹਾਲਤ ਵਿੱਚ ਉਹ ਦੋਵੇਂ ਸਨ, ਉਵੇਂ ਹੀ ਆਸ਼ਰਮ ਜਾ ਪਹੁੰਚੇ। ਮੈਨੇਜਰ ਨੇ ਵਕੀਲ ਸੱਦ ਲਿਆ ਹੋਇਆ ਸੀ। ਲਾਣੇਦਾਰ ਦੀ ਬੰਦ ਲਿਫ਼ਾਫ਼ਾ ਵਸੀਅਤ 'ਤੇ ਤਿੰਨ ਦਿਨ ਪਹਿਲਾਂ ਦੀ ਤਰੀਕ ਸੀ। ਵਕੀਲ ਦੀ ਹਾਜ਼ਰੀ ਵਿੱਚ ਲਿਫ਼ਾਫ਼ਾ ਖੋਲ੍ਹਿਆ ਗਿਆ, ਪਹਿਲੇ ਸਫ਼ੇ 'ਤੇ ਜ਼ਿੰਦਗੀ ਦੇ ਸੰਘਰਸ਼ ਦਾ ਸੰਖੇਪ ਵਰਣਨ ਸੀ। ਅਗਲੇ ਸਫ਼ੇ 'ਤੇ ਜੱਗ ਜਿਉਂਦਿਆਂ ਦੇ ਮੇਲੇ ਵਾਲੀਆਂ ਸਚਾਈਆਂ ਦਾ ਜ਼ਿਕਰ ਸੀ ਤੇ ਆਖਰੀ ਸਫ਼ੇ 'ਤੇ ਆਖਰੀ ਇੱਛਾ ਤੇ ਜਾਇਦਾਦ ਦਾ ਜ਼ਿਕਰ ਸੀ। ਉਸ ਨੇ ਲਿਖਿਆ;

"ਮੇਰੀ ਲਾਸ਼ ਬਿਨਾਂ ਕਿਸੇ ਛੇੜਛਾੜ ਮੈਡੀਕਲ ਕਾਲਜ ਨੂੰ ਖੋਜ ਕਾਰਜਾਂ ਲਈ ਸੌਂਪ ਦਿੱਤੀ ਜਾਵੇ। ਪੱਕੀ ਸੜਕ ਨਾਲ ਲੱਗਦੀ ਮੇਰੀ ਚਾਰ ਏਕੜ ਜ਼ਮੀਨ ਵਿੱਚ ਟਰੱਸਟ ਦੇ ਪ੍ਰਬੰਧਾਂ ਹੇਠ ਲਾਚਾਰ ਆਸ਼ਰਮ ਖੋਲ੍ਹਿਆ ਜਾਏ। ਮੇਰਾ ਜਵਾਈ ਲਖਬੀਰ ਸਿੰਘ ਭੱਟੀ ਤਾਅ ਉਮਰ ਟਰੱਸਟ ਦਾ ਸੈਕਟਰੀ ਬਣਿਆ ਰਹੇ। ਮੇਰੇ ਬੈਂਕ ਖਾਤੇ ਵਿੱਚ 20-22 ਲੱਖ ਰੁਪਏ ਜਮ੍ਹਾਂ ਹਨ, ਉਸ ਰਕਮ ਨਾਲ ਆਸ਼ਰਮ ਦੀ ਉਸਾਰੀ ਸ਼ੁਰੂ ਕਰਵਾਈ ਜਾਏ। ਉਸ ਨੂੰ ਪੂਰਾ ਕਰਨ ਲਈ ਪੈਸੇ ਦੀ ਘਾਟ ਪੂਰੀ ਕਰਨ ਵਾਸਤੇ ਹੋਰ ਦਾਨੀ ਆ ਜਾਣਗੇ। ਆਸ਼ਰਮ 'ਚ ਬ੍ਰਿਧਾਂ ਦੇ ਨਾਲ ਨਾਲ ਨਿਆਸਰਿਆਂ ਨੂੰ ਵੀ ਥਾਂ ਮਿਲੇ। ਮੇਰੇ ਖ਼ੂਨ ਦੇ ਰਿਸ਼ਤੇ 'ਚੋਂ ਕਿਸੇ ਨੂੰ ਟਰੱਸਟੀ ਨਾ ਬਣਾਇਆ ਜਾਵੇ।"

ਆਖਰ ਵਿੱਚ ਰਾਣੋ ਨੂੰ ਸੰਬੋਧਨ ਹੋ ਕੇ ਉਹ ਸ਼ਬਦ ਅੰਡਰ ਲਾਈਨ ਕੀਤੇ ਹੋਏ ਸਨ;

"ਰਾਣੋ ਤੂੰ ਨਿੱਕੀ ਹੁੰਦੀ ਨੇ ਇੱਕ ਵਾਰ ਸਤਰੰਗੀ ਪੀਂਘ ਵੇਖ ਕੇ ਪੁੱਛਿਆ ਸੀ ਕਿ ਹਰੇਕ ਚੀਜ਼ ਦੇ ਰੰਗ ਹੁੰਦੇ ਨੇ ਪਰ ਰਿਸ਼ਤਿਆਂ ਦੇ ਰੰਗ ਕਿੱਥੋਂ ਵੇਖੀਦੇ ਨੇ। ਮੈਨੂੰ ਭਰੋਸਾ ਹੈ ਕਿ ਪਿਛਲੇ ਦਿਨਾਂ ਦੀਆਂ ਘਟਨਾਵਾਂ 'ਚੋਂ ਤੈਨੂੰ ਰਿਸ਼ਤਿਆਂ ਦੇ ਰੰਗਾਂ ਦੀ ਝਲਕ ਜ਼ਰੂਰ ਪੈਣ ਲੱਗ ਪਈ ਹੋਵੇਗੀ?"

ਵਕੀਲ ਨੇ ਲਿਖਤ 'ਤੇ ਗਵਾਹੀ ਵਜੋਂ ਸਾਰਿਆਂ ਦੇ ਦਸਤਖ਼ਤ ਕਰਵਾਏ ਤੇ ਆਪਣੇ ਕੋਲ ਸੰਭਾਲ ਲਈ। ਲਿਖਤ ਜਿਸ ਨੂੰ ਉਸ ਦੀ ਅੰਤਮ ਇੱਛਾ, ਵਸੀਅਤ ਜਾਂ ਦੂਰਅੰਦੇਸ਼ੀ, ਕੋਈ ਵੀ ਨਾਂ ਦਿੱਤਾ ਜਾ ਸਕਦਾ ਸੀ, ਨੂੰ ਸੁਣ ਕੇ ਆਸ਼ਰਮ ਵਾਲੇ ਪਛਤਾਵੇ 'ਚ ਸਨ ਕਿ ਸਮਾਜ ਨੂੰ ਨਵੀਂ ਦਿਸ਼ਾ ਦੇਣ ਵਾਲੇ ਦੂਰਅੰਦੇਸ਼ ਵਿਅਕਤੀ ਨੂੰ ਉਹ ਪਹਿਚਾਣ ਨਾ ਸਕੇ। ਥੋੜ੍ਹੀ ਦੇਰ ਬਾਅਦ ਉਸ ਦਾ ਬਾਕੀ ਪਰਿਵਾਰ ਉੱਥੇ ਪਹੁੰਚ ਗਿਆ। ਲਾਸ਼ ਲਿਜਾਣ ਲਈ ਮੈਡੀਕਲ ਕਾਲਜ ਦੀ ਐਂਬੂਲੈਂਸ ਪਹੁੰਚ ਗਈ। ਪਰਿਵਾਰ ਨੇ ਮ੍ਰਿਤਕ ਸਰੀਰ ਦੇ ਅੰਤਮ ਦਰਸ਼ਨ ਕੀਤੇ ਤੇ ਐਂਬੂਲੈਂਸ ਵਿੱਚ ਰਖਵਾ ਦਿੱਤਾ। ਵਾਪਸ ਮੁੜਦਿਆਂ ਰਾਣੋ ਦੀਆਂ ਅੱਖਾਂ ਮੂਹਰੇ ਉਹੀ ਸਤਰੰਗੀ ਪੀਂਘ ਚੜ੍ਹੀ ਹੋਈ ਸੀ, ਜਿਸ ਦੇ ਫੈਲੇ ਹੋਏ ਅਣਗਿਣਤ ਰੰਗਾਂ 'ਚੋਂ ਉਹ ਨੀਝ ਲਾ ਕੇ ਮਾਪਿਆਂ ਵਾਲੇ ਰਿਸ਼ਤੇ ਦਾ ਰੰਗ ਲੱਭ ਰਹੀ ਸੀ।

-ਸਮਾਪਤ

# ਭਾਰਤ ਵਿਚ ਮਨੁੱਖੀ ਅਜ਼ਾਦੀ ਤੇ ਲੋਕ ਅਧਿਕਾਰ ਬਚਾਉਣ ਲਈ ਲੋਕ ਲਹਿਰ ਦੀ ਲੋੜ

ਲਿਖਤ : ਡਾਕਟਰ ਸੁਚਾ ਸਿੰਘ ਗਿਲ
ਅਰਥ ਸ਼ਾਸਤਰੀ

ਭਾਰਤ ਦੇ ਸੰਵਿਧਾਨ ਵਿਚ ਮੌਲਿਕ ਅਧਿਕਾਰ ਅਤੇ ਸ਼ਹਿਰੀ ਆਜ਼ਾਦੀਆਂ ਦੀ ਗਰੰਟੀ ਦਿੱਤੀ ਗਈ ਸੀ ।ਹਰ ਨਾਗਰਿਕ ਨੂੰ ਦੇਸ਼ ਦੇ ਕਿਸੇ ਵੀ ਹਿੱਸੇ/ ਸੂਬੇ ਵਿਚ ਕੰਮ ਕਰਨ ਜਾਂ ਰੁਜ਼ਗਾਰ ਪ੍ਰਾਪਤ ਕਰਨ , ਜਥੇਬੰਦੀਆਂ ਬਣਾਉਣ ਅਤੇ ਉਨ੍ਹਾਂ ਦੇ ਮੈਂਬਰ ਬਣਨ ਦੀ ਖੁੱਲ੍ਹ ਦਿੱਤੀ ਗਈ ਸੀ ।

ਸੂਬਿਆਂ ਦੀ ਖ਼ੁਦਮੁਖ਼ਤਿਆਰੀ ਵਾਸਤੇ ਮੱਦਾਂ ਦੀ ਸਪੈਸ਼ਲ ਸੂਚੀ ਤਿਆਰ ਕੀਤੀ ਗਈ, ਜਿਨ੍ਹਾਂ 'ਤੇ ਵਿਧਾਨ ਸਭਾ ਨੂੰ ਕਾਨੂੰਨ ਬਣਾਉਣ ਅਤੇ ਰਾਜ ਸਰਕਾਰਾਂ ਨੂੰ ਕਾਨੂੰਨ ਲਾਗੂ ਕਰਨ ਦਾ ਅਧਿਕਾਰ ਦਿੱਤਾ ਗਿਆ ਸੀ ।ਦੇਸ਼ ਦੀ ਜਮਹੂਰੀਅਤ ਦਾ ਖਾਸਾ ਸੰਘੀ ਢਾਂਚੇ 'ਤੇ ਅਧਾਰਿਤ ਹੈ । ਭਾਰਤ ਸੂਬਿਆਂ ਦੀ ਯੂਨੀਅਨ ਵਾਲਾ ਇਕ ਦੇਸ਼ ਹੈ ।ਜਮਹੂਰੀਅਤ ਨੂੰ ਕਾਮਯਾਬ ਬਣਾਉਣ ਲਈ ਕਾਰਜਕਾਰਨੀ, ਨਿਆਂਪਾਲਿਕਾ ਅਤੇ ਕਾਨੂੰਨ ਘੜਨੀ (ਪਾਰਲੀਮੈਂਟ ਅਤੇ ਵਿਧਾਨ ਸਭਾਵਾਂ) ਨੂੰ ਇਕ ਦੂਜੇ ਤੋਂ ਖ਼ੁਦਮੁਖ਼ਤਿਆਰ ਰੱਖਿਆ ਗਿਆ ਹੈ । ਦੇਸ਼ ਦੇ ਅਰਥਚਾਰੇ ਵਾਸਤੇ ਨਿਰਦੇਸ਼ਕ ਸਿਧਾਂਤਾਂ ਵਿਚ ਆਰਥਿਕ ਵਿਕਾਸ ਦੀ ਪ੍ਰਕਿਰਿਆ ਵਿਚ ਧਨ ਦੌਲਤ ਦੇ ਥੋੜ੍ਹੇ ਹੱਥਾਂ ਵਿਚ ਇਕੱਠੇ ਨਾ ਹੋਣ ਬਾਰੇ ਨੀਤੀ ਨਿਰਦੇਸ਼ ਦਿੱਤੇ ਗਏ ਸਨ । ਇਨ੍ਹਾਂ ਨਿਰਦੇਸ਼ਾਂ ਅਨੁਸਾਰ ਦੇਸ਼ ਦੀ ਆਰਥਿਕਤਾ ਦਾ ਵਿਕਾਸ ਕਰਨ ਵਾਸਤੇ ਯੋਜਨਾ ਕਮਿਸ਼ਨ 1950 ਵਿਚ ਕਾਇਮ ਕੀਤਾ ਗਿਆ ਸੀ ਤਾਂ ਕਿ ਆਰਥਿਕ ਵਿਕਾਸ ਦੇ ਨਾਲ-ਨਾਲ ਆਰਥਿਕ ਬਰਾਬਰਤਾ ਨੂੰ ਵੀ ਪ੍ਰਾਪਤ ਕੀਤਾ ਜਾ ਸਕੇ । ਭੂਮੀ ਸੁਧਾਰਾਂ ਤਹਿਤ ਭੂਮੀ ਮਾਲਕੀ ਦੀ ਉਪਰਲੀ ਸੀਮਾ ਨਿਸ਼ਚਿਤ ਕੀਤੀ ਗਈ ਸੀ । ਉਦਯੋਗਿਕ ਸੈਕਟਰ ਵਿਚ ਭਾਰੀ ਅਤੇ ਮੁਢਲੇ ਉਦਯੋਗ ਜਿਵੇਂ ਸਟੀਲ, ਭਾਰੀ ਮਸ਼ੀਨਾਂ, ਰੇਲਵੇ, ਖਾਣਾਂ, ਫ਼ੌਜੀ ਸੁਰੱਖਿਆ ਨਾਲ ਸਬੰਧਤ ਸਾਜ਼ੋ ਸਾਮਾਨ ਆਦਿ ਨੂੰ ਪਬਲਿਕ ਖੇਤਰ ਵਾਸਤੇ ਰਿਜ਼ਰਵ ਰੱਖਿਆ ਗਿਆ ਸੀ ।ਪਬਲਿਕ ਖੇਤਰ ਦੇ ਅਦਾਰੇ ਮੁਲਾਜ਼ਮਾਂ ਦੇ ਰੁਜ਼ਗਾਰ ਵਾਸਤੇ ਮਾਡਲ ਰੁਜ਼ਗਾਰਦਾਤਾ ਮੰਨੇ ਗਏ ਸਨ । ਮੁਲਾਜ਼ਮਾਂ ਨੂੰ ਮਿਆਰੀ ਉਜਰਤਾਂ/ ਤਨਖਾਹਾਂ, ਭੱਤੇ, ਪ੍ਰਾਵੀਡੈਂਟ ਫੰਡ/ ਪੈਨਸ਼ਨਾਂ, ਹਫਤੇ ਵਿਚ ਇਕ ਜਾਂ ਦੋ ਦਿਨਾਂ ਦੀ ਛੁੱਟੀ, ਬੀਮਾਰੀ ਦੀ ਛੁੱਟੀ ਅਤੇ ਔਰਤਾਂ ਵਾਸਤੇ ਜਣੇਪੇ ਦੀ ਤਨਖਾਹ ਨਾਲ ਪ੍ਰਸੂਤੀ ਛੁੱਟੀ ਆਦਿ ਦੀ ਵਿਵਸਥਾ ਕੀਤੀ ਗਈ ਸੀ ਤੇ ਪ੍ਰਾਈਵੇਟ ਸੈਕਟਰ ਤੋਂ ਇਸ ਆਧਾਰ 'ਤੇ ਮੁਲਾਜ਼ਮਾਂ/ਮਜ਼ਦੂਰਾਂ ਨੂੰ ਸਹੂਲਤਾਂ ਪ੍ਰਦਾਨ ਕਰਨ ਵਾਸਤੇ ਵੱਡੀਆਂ ਇਕਾਈਆਂ ਲਈ ਕਾਨੂੰਨ ਬਣਾਏ ਗਏ ਸਨ ।ਇਸ ਨਾਲ ਸੰਗਠਿਤ ਖੇਤਰ ਵਿਚ ਰੁਜ਼ਗਾਰ ਦੀ ਗੁਣਵੱਤਾ ਵਿਚ ਸੁਧਾਰ ਆਇਆ ਸੀ ।ਸੰਗਠਿਤ ਖੇਤਰ ਦੀਆਂ ਪਬਲਿਕ ਅਤੇ ਪ੍ਰਾਈਵੇਟ ਇਕਾਈਆਂ ਵਿਚ ਮੁਲਾਜ਼ਮਾਂ/ਮਜ਼ਦੂਰਾਂ ਦੀਆਂ ਯੂਨੀਅਨਾਂ ਨੇ ਇਸ ਨੂੰ ਸੁਨਿਸ਼ਚਿਤ ਵੀ ਕਰ ਦਿੱਤਾ ਸੀ । ਪਰ ਗੈਰ ਸੰਗਠਿਤ ਖੇਤਰ ਵਿਚ ਇਹ ਸਭ ਕੁਝ ਲਾਗੂ ਨਹੀਂ ਹੋ ਸਕਿਆ ।

ਕੇਂਦਰ ਸਰਕਾਰਾਂ ਵਲੋਂ ਸੰਵਿਧਾਨ ਵਿਚ ਸੋਧਾਂ ਕਰਕੇ ਸੂਬਿਆਂ ਦੇ ਕੁਝ ਅਧਿਕਾਰਾਂ ਨੂੰ ਖੋਰਾ ਲਾਉਣ ਦੀਆਂ ਕੋਸ਼ਿਸ਼ਾਂ ਜਾਰੀ ਹਨ ਤੇ ਦੇਸ਼ ਵਿਆਪੀ ਐਮਰਜੈਂਸੀ (1975-77) ਦੌਰਾਨ ਵਿੱਦਿਆ ਦੀ ਮੱਦ ਨੂੰ ਸਟੇਟ ਲਿਸਟ ਵਿਚੋਂ ਕੱਢ ਕੇ ਸਾਂਝੀ ਲਿਸਟ ਵਿਚ ਸ਼ਾਮਿਲ ਕਰ ਲਿਆ ਗਿਆ ਸੀ । ਜੀ ਐਸ ਟੀ ਬਾਰੇ ਕਾਨੂੰਨ ਸਤੰਬਰ 2016 ਵਿਚ ਪਾਸ ਕਰਕੇ ਇਸ ਨੂੰ 2017 ਵਿਚ ਲਾਗੂ ਕੀਤਾ ਗਿਆ । ਇਸ ਨਾਲ ਸੂਬਿਆਂ ਤੋਂ ਟੈਕਸ ਲਾਉਣ ਦੀ ਕਾਫੀ ਤਾਕਤ ਕੇਂਦਰ ਸਰਕਾਰ ਨੇ ਆਪਣੇ ਹੱਥ ਵਿਚ ਲੈ ਲਈ ਸੀ ।ਇਸ ਦਾ ਖਮਿਆਜ਼ਾ ਹੁਣ ਸੂਬਿਆਂ ਨੂੰ ਭੁਗਤਣਾ ਪੈ ਰਿਹਾ ਹੈ ।ਜਿਨ੍ਹਾਂ ਸੂਬਿਆਂ ਵਿਚ ਵਿਰੋਧੀ ਪਾਰਟੀਆਂ ਦੀਆਂ ਸਰਕਾਰਾਂ ਹਨ ਉਨ੍ਹਾਂ ਨੂੰ ਟੈਕਸ ਦੇ ਬਣਦੇ ਹਿੱਸੇ ਦਾ ਦੇਰੀ ਨਾਲ ਭੁਗਤਾਨ ਕੀਤਾ ਜਾਂਦਾ ਹੈ । ਕੇਂਦਰ ਸਰਕਾਰ ਵਲੋਂ 2020 ਵਿਚ ਖੇਤੀ ਨਾਲ ਸਬੰਧਿਤ ਤਿੰਨ ਕਾਨੂੰਨ ਪਾਸ ਕਰਕੇ ਸੂਬਿਆਂ ਦੇ ਅਧਿਕਾਰਾਂ 'ਤੇ ਡੂੰਘੀ ਸੱਟ ਮਾਰੀ ਗਈ ਸੀ ।ਕਿਸਾਨਾਂ ਦੇ ਵਿਰੋਧ ਕਾਰਨ ਇਨ੍ਹਾਂ ਕਾਨੂੰਨਾਂ ਨੂੰ 2021 ਵਿਚ ਵਾਪਸ ਲੈਣਾ ਪਿਆ ਸੀ । ਹੁਣ ਬਾਰਡਰ ਏਰੀਆ ਦੀ ਪੱਟੀ 10 ਕਿਲੋਮੀਟਰ ਤੋਂ ਵਧਾ ਕੇ 50 ਕਿਲੋਮੀਟਰ ਕਰ ਦਿੱਤੀ ਗਈ ਹੈ । ਇਸ ਨਾਲ ਬਾਰਡਰ ਨਾਲ ਲਗਦੇ ਸੂਬਿਆਂ ਦੇ ਕਾਫੀ ਵੱਡੇ ਇਲਾਕਿਆਂ ਤੇ ਦੇਸ਼ ਦੀ ਸੁਰੱਖਿਆ ਦੇ ਨਾਂਅ 'ਤੇ ਕੇਂਦਰ ਸਰਕਾਰ ਵਲੋਂ ਆਪਣੀ ਦਖਲਅੰਦਾਜ਼ੀ ਵਧਾਈ ਗਈ ਹੈ ।ਗਵਰਨਰ ਦੇ ਅਹੁਦੇ ਨੂੰ ਵਰਤ ਕੇ ਕੇਂਦਰ ਸਰਕਾਰ ਵਿਰੋਧੀ ਪਾਰਟੀਆਂ ਦੀਆਂ ਸੂਬਾ ਸਰਕਾਰਾਂ ਵਿਚ ਬੇਲੋੜੀ ਦਖਲਅੰਦਾਜ਼ੀ ਕਰ ਰਹੀ ਹੈ ।




ਪਿਛਲੇ ਸਾਲ (2023) ਬਸਤੀਵਾਦੀ ਸਮੇਂ ਦੇ ਅਪਰਾਧ ਨਾਲ ਸਬੰਧਤ ਤਿੰਨ ਕਾਨੂੰਨਾਂ ਵਿਚ ਸੋਧਾਂ ਕਰਕੇ ਦੇਸ਼ ਵਿਚ ਪੁਲੀਸ ਰਾਜ ਸਥਾਪਤ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ ।ਨਾਗਰਿਕਾਂ ਨੂੰ ਪੁਛਗਿੱਛ ਲਈ 10 ਦਿਨਾਂ ਦੀ ਬਜਾਏ 90 ਦਿਨ ਲਈ ਪੁਲਿਸ ਹਿਰਾਸਤ ਵਿਚ ਰੱਖਿਆ ਜਾ ਸਕਦਾ ਹੈ ਤੇ ਗੈਰਕਾਨੂੰਨੀ ਕਾਰਵਾਈਆਂ ਰੋਕੂ ਐਕਟ ਤਹਿਤ ਕਿਸੇ ਵਿਅਕਤੀ 'ਤੇ ਕੇਸ ਦਰਜ ਹੋਣ 'ਤੇ ਕਈ ਸਾਲ (2 ਸਾਲ ਜਾਂ ਵੱਧ) ਹਿਰਾਸਤ ਵਿਚ ਰੱਖਿਆ ਜਾ ਸਕਦਾ ਹੈ ।ਭੀਮਾ ਕੋਰੇਗਾਓਂ ਕੇਸ ਵਿਚ ਸਮਾਜਿਕ ਜਮਹੂਰੀ ਕਾਰਕੁਨਾਂ ਨੂੰ ਕਈ ਸਾਲ ਜੇਲ੍ਹਾਂ ਵਿਚ ਸੁੱਟਿਆ ਗਿਆ ਸੀ ।ਹੁਣ ਅਰੁੰਧਤੀ ਰਾਏ ਅਤੇ ਸ਼ੇਖ ਸ਼ੌਕਤ ਹੁਸੈਨ ਦੇ ਖ਼ਿਲਾਫ਼ 2010 ਵਿਚ ਦਿੱਤੇ ਭਾਸ਼ਨਾਂ ਦੇ ਆਧਾਰ 'ਤੇ ਇਸ ਕਾਨੂੰਨ ਤਹਿਤ ਕੇਸ ਦਰਜ ਕਰਨ ਦੀ ਦਿੱਲੀ ਦੇ ਲੈਫਟੀਨੈਂਟ ਗਵਰਨਰ ਵਲੋਂ ਪ੍ਰੋਜੈਕਟਸ ਦਿੱਤੀ ਗਈ ਹੈ । ਇਨਫੋਰਸਮੈਂਟ ਡਾਇਰੈਕਟੋਰੇਟ ਨੂੰ ਮਨੀਲਾਂਡਰਿੰਗ ਦਾ ਕੇਸ ਦਰਜ ਕਰਕੇ ਕਿਸੇ ਵਿਅਕਤੀ ਨੂੰ ਲੰਮੇ ਸਮੇਂ ਤੱਕ ਹਿਰਾਸਤ ਵਿਚ ਰੱਖਣ ਦਾ ਅਧਿਕਾਰ ਦਿੱਤਾ ਗਿਆ ਹੈ ।ਸੀ. ਬੀ. ਆਈ. ਦੀ ਵਿਰੋਧੀਆਂ ਖਿਲਾਫ਼ ਦੁਰਵਰਤੋਂ ਕੀਤੀ ਜਾ ਰਹੀ ਹੈ ।ਵਿਰੋਧੀ ਪਾਰਟੀਆਂ ਦੇ ਮੁੱਖ ਮੰਤਰੀਆਂ ਨੂੰ ਜੇਲ੍ਹਾਂ ਵਿਚ ਸੁੱਟਿਆ ਗਿਆ ਹੈ । ਇਸ ਨਾਲ ਮਨੁੱਖੀ ਅਧਿਕਾਰਾਂ ਅਤੇ ਸ਼ਹਿਰੀ ਆਜ਼ਾਦੀਆਂ ਦਾ ਹੱਕ ਖੋਹਿਆ ਜਾ ਰਿਹਾ ਹੈ । ਧਰਮ ਦੇ ਅਧਾਰ 'ਤੇ ਘੱਟ ਗਿਣਤੀਆਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ । ਇਸ ਦੀ ਪ੍ਰਮੁੱਖ ਮਿਸਾਲ ਇਕ ਸਾਲ ਤੋਂ ਵੱਧ ਸਮੇਂ ਤੱਕ ਮਨੀਪੁਰ ਵਿਚ ਜਾਰੀ ਹਿੰਸਕ ਘਟਨਾਵਾਂ ਤੋਂ ਮਿਲਦੀ ਹੈ । ਹਿੰਦੀ ਪ੍ਰਦੇਸ਼ਾਂ ਵਿਚ ਘੱਟ ਗਿਣਤੀਆਂ ਦੇ ਘਰ ਅਦਾਲਤੀ ਫ਼ੈਸਲਿਆਂ ਤੋਂ ਬਗੈਰ ਬੁਲਡੋਜ਼ਰਾਂ ਨਾਲ ਢਾਏ ਜਾ ਰਹੇ ਹਨ ।ਔਰਤਾਂ ਦੇ ਖਿਲਾਫ ਹਿੰਸਾ ਵਧ ਰਹੀ ਹੈ ਅਤੇ ਹਾਕਮ ਪਾਰਟੀਆਂ ਦੇ ਕਾਰਕੁਨਾਂ ਵਲੋਂ ਇਸ ਵਿਚ ਵਾਧਾ ਕੀਤਾ ਜਾ ਰਿਹਾ ਹੈ ।ਸਰਕਾਰਾਂ ਵਲੋਂ ਪੀੜਤ ਔਰਤਾਂ ਦੀ ਮਦਦ ਕਰਨ ਦੀ ਬਜਾਏ ਪ੍ਰਭਾਵਸ਼ਾਲੀ ਸਿਆਸੀ ਕਾਰਕੁਨਾਂ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ।ਪਹਿਲਵਾਨ ਔਰਤਾਂ ਦੇ ਸੰਘਰਸ਼ ਤੋਂ ਇਹ ਪ੍ਰਭਾਵ ਮਿਲਦਾ ਹੈ ਕਿ ਔਰਤਾਂ ਨੂੰ ਮਰਦਾਂ ਦੇ ਬਰਾਬਰ ਅਧਿਕਾਰ ਦਿਵਾਉਣ ਵਿਚ ਸਰਕਾਰਾਂ ਹੱਥ ਪਿੱਛੇ ਖਿੱਚ ਰਹੀਆਂ ਹਨ ।ਦੇਸ਼ ਦੀਆਂ ਸੰਵਿਧਾਨਕ ਸੰਸਥਾਵਾਂ ਚੋਣ ਕਮਿਸ਼ਨ, ਸੀ.ਬੀ.ਆਈ., ਇਨਫੋਰਸਮੈਂਟ ਡਾਇਰੈਕਟੋਰੇਟ ਅਤੇ ਅਦਾਲਤਾਂ ਦੀ ਖ਼ੁਦਮੁਖ਼ਤਿਆਰੀ ਕੇਂਦਰ ਸਰਕਾਰ ਵਲੋਂ ਲਗਾਤਾਰ ਘਟਾਈ ਜਾ ਰਹੀ ਹੈ ।

ਇਸ ਕਾਰਨ ਲੋਕਾਂ ਦਾ ਵਿਸ਼ਵਾਸ ਜਮਹੂਰੀਅਤ ਵਿਚ ਘਟਦਾ ਜਾ ਰਿਹਾ ਹੈ ।

ਆਰਥਿਕਤਾ ਦੇ ਵਿਕਾਸ ਦਾ ਵਰਤਾਰਾ ਆਮ ਲੋਕਾਂ ਦੀ ਵਿਕਾਸ ਵਿਚ ਸ਼ਮੂਲੀਅਤ ਦੀ ਬਜਾਏ ਕੁੱਝ ਕੁ ਵੱਡੇ ਪੂੰਜੀਪਤੀਆਂ ਨੂੰ ਮਾਲਾਮਾਲ ਕਰ ਰਿਹਾ ਹੈ । ਦੇਸ਼ ਦੇ ਇਕ ਪ੍ਰਤੀਸ਼ਤ ਤੋਂ ਘੱਟ ਦੌਲਤਮੰਦ ਵਿਅਕਤੀਆਂ ਕੋਲ 40 ਫ਼ੀਸਦੀ ਤੋਂ ਵੱਧ ਆਮਦਨ ਇਕੱਠੀ ਹੋ ਗਈ ਹੈ ।ਦੇਸ਼ ਦੀ ਧਨ ਦੌਲਤ ਦਾ ਵੱਡਾ ਹਿੱਸਾ (40.5 ਫ਼ੀਸਦੀ) ਇਨ੍ਹਾਂ ਅਮੀਰਾਂ ਕੋਲ ਇਕੱਠਾ ਹੋ ਗਿਆ ਹੈ ਤੇ ਦੂਜੇ ਪਾਸੇ 50 ਫ਼ੀਸਦੀ ਗਰੀਬ ਲੋਕਾਂ ਕੋਲ ਦੇਸ਼ ਦੀ ਆਮਦਨ ਦਾ 13.1 ਫ਼ੀਸਦੀ ਹਿੱਸਾ ਅਤੇ ਧਨ ਦੌਲਤ ਦਾ ਸਿਰਫ 5.9 ਫ਼ੀਸਦੀ ਹੀ ਰਹਿ ਗਿਆ ਹੈ ।ਰਿਪੋਰਟਾਂ ਇਹ ਵੀ ਦੱਸਦੀਆਂ ਹਨ ਕਿ ਆਰਥਿਕ ਵਿਕਾਸ ਦਾ ਫਾਇਦਾ ਸਿਰਫ ਉਪਰਲੇ 10 ਫ਼ੀਸਦੀ ਵਿਅਕਤੀਆਂ ਨੂੰ ਹੀ ਹੋ ਰਿਹਾ ਹੈ ਤੇ ਧਨ ਦੌਲਤ ਵੀ ਇਨ੍ਹਾਂ ਕੋਲ ਇੱਕਠੀ ਹੋ ਰਹੀ ਹੈ ।ਕਿਰਤ ਕਾਨੂੰਨਾਂ ਨੂੰ ਬਦਲ ਕੇ ਲੇਬਰ ਕੋਡ ਬਣਾਏ ਗਏ ਹਨ, ਜਿਨ੍ਹਾਂ ਨਾਲ ਕਿਰਤੀਆਂ ਅਤੇ ਮੁਲਾਜ਼ਮਾਂ ਦੀ ਹੋਰ ਲੁੱਟ ਕਰਨ ਦਾ ਰਾਹ ਖੋਲ੍ਹ ਦਿੱਤਾ ਗਿਆ ਹੈ ।ਇਨ੍ਹਾਂ ਕੋਡਾਂ ਨਾਲ ਟਰੇਡ ਯੂਨੀਅਨ ਲਹਿਰ ਨੂੰ ਕਮਜ਼ੋਰ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ ।ਆਮ ਲੋਕ ਮਹਿੰਗਾਈ, ਗ਼ਰੀਬੀ ਅਤੇ ਬੇਰੁਜ਼ਗਾਰੀ ਦੀ ਮਾਰ ਝੱਲ ਰਹੇ ਹਨ । ਬੇਰੁਜ਼ਗਾਰੀ ਦੀ ਸਭ ਤੋਂ ਵੱਧ ਮਾਰ ਨੌਜਵਾਨਾਂ ਨੂੰ ਪੈ ਰਹੀ ਹੈ ਤੇ ਆਮ ਬੇਰੁਜ਼ਗਾਰੀ ਦੀ ਦਰ ਨੇ ਪਿਛਲੇ 45 ਸਾਲਾਂ ਦਾ ਰਿਕਾਰਡ ਤੋੜ ਕੇ 6.5 ਫ਼ੀਸਦੀ ਦਾ ਅੰਕੜਾ ਹਾਸਲ ਕਰ ਲਿਆ ਹੈ ।ਦੇਸ਼ ਵਿਚ ਨੌਜਵਾਨਾਂ ਦੀ ਬੇਰੁਜ਼ਗਾਰੀ ਦੀ ਦਰ 22 ਫ਼ੀਸਦੀ ਤੋਂ ਵੱਧ ਹੈ ਤੇ ਪੰਜਾਬ ਵਰਗੇ ਸੂਬੇ ਵਿਚ ਇਹ ਦਰ 29 ਫ਼ੀਸਦੀ ਰਿਕਾਰਡ ਕੀਤੀ ਗਈ ਹੈ ।ਇਸ ਵਧ ਰਹੀ ਆਰਥਿਕ ਨਾਬਰਾਬਰੀ, ਗਰੀਬੀ ਅਤੇ ਬੇਰੁਜ਼ਗਾਰੀ ਨੇ ਆਮ ਵਿਅਕਤੀ ਵਾਸਤੇ ਚੋਣਾਂ ਲੜਨਾ ਅਸੰਭਵ ਕਰ ਦਿੱਤਾ ਹੈ । ਚੋਣਾਂ ਵਿਚ ਕਰੋੜਾਂ ਰੁਪਏ ਖਰਚ ਕਰਨ ਦੀ ਸਮਰੱਥਾ ਸਿਰਫ਼ ਉਪਰਲੇ 10 ਫ਼ੀਸਦੀ ਵਿਅਕਤੀਆਂ ਕੋਲ ਹੀ ਰਹਿ ਗਈ ਹੈ ।ਆਮ ਵਿਅਕਤੀ ਇਸ ਦੌੜ ਤੋਂ ਬਾਹਰ ਹੋ ਗਏ ਹਨ ।ਇਸ ਕਰਕੇ ਰਾਜਨੀਤਕ, ਸਮਾਜਿਕ ਅਤੇ ਆਰਥਿਕ ਵਰਤਾਰਾ ਆਮ ਨਾਗਰਿਕਾਂ ਦੇ ਖਿਲਾਫ ਭੁਗਤ ਰਿਹਾ ਹੈ । ਟੈਕਸ ਨਾਲ ਸਬੰਧਤ ਨੀਤੀਆਂ ਵਿਚ ਆਮ ਲੋਕਾਂ ਅਤੇ ਮੱਧ ਵਰਗ ਤੋਂ ਟੈਕਸ ਉਗਰਾਹੇ ਜਾਂਦੇ ਹਨ ਅਤੇ ਇਨ੍ਹਾਂ ਨੂੰ ਸਰਕਾਰੀ ਖਰਚੇ ਦੇ ਰੂਪ ਵਿਚ ਅਮੀਰਾਂ ਦੇ ਮੁਫ਼ਾਦਾਂ ਵਾਸਤੇ ਵਰਤਿਆ ਜਾਂਦਾ ਹੈ ।

ਅਮੀਰ ਕਾਰੋਬਾਰੀਆਂ ਦੇ ਕਰਜ਼ੇ ਮਾਫ਼ ਕੀਤੇ ਜਾਂਦੇ ਹਨ ਅਤੇ ਉਨ੍ਹਾਂ ਨੂੰ ਟੈਕਸ ਰਿਆਇਤਾਂ ਦਿੱਤੀਆਂ ਜਾਂਦੀਆਂ ਹਨ । ਲੋਕਾਂ ਵਿਚ ਵਧ ਰਹੀ ਬੇਚੈਨੀ ਨੂੰ ਕਾਬੂ ਪਾਉਣ ਲਈ ਲੋਕਾਂ ਦੇ ਜਮਹੂਰੀ ਹੱਕ ਅਤੇ ਸ਼ਹਿਰੀ ਆਜ਼ਾਦੀਆਂ ਨੂੰ ਖੋਹਿਆ ਜਾ ਰਿਹਾ ਹੈ ।ਲੋਕਾਂ ਵਿਚ ਧਰਮ, ਜਾਤ, ਲਿੰਗ ਅਤੇ ਇਲਾਕੇ ਦੇ ਆਧਾਰ 'ਤੇ ਵੰਡੀਆਂ ਪਾਈਆਂ ਜਾ ਰਹੀਆਂ ਹਨ ਤੇ ਇਹ ਵਰਤਾਰਾ 1991 ਦੀਆਂ ਆਰਥਿਕ ਨੀਤੀਆਂ ਤੋਂ ਸ਼ੁਰੂ ਹੋਇਆ ਅਤੇ 2014 ਤੋਂ ਬਹੁਤ ਤੇਜ਼ੀ ਨਾਲ ਸਰਕਾਰ ਵਲੋਂ ਅੱਗੇ ਤੋਰਿਆ ਗਿਆ ਹੈ ।ਅਗਸਤ 2014 ਵਿਚ ਕੇਂਦਰ ਸਰਕਾਰ ਵਲੋਂ ਯੋਜਨਾ ਕਮਿਸ਼ਨ ਨੂੰ ਖਤਮ ਕਰਕੇ ਦੇਸ਼ ਵਿਚ ਯੋਜਨਾਬੱਧ ਤਰੀਕੇ ਨਾਲ ਵਿਕਾਸ ਦਾ ਭੋਗ ਪਾ ਦਿੱਤਾ ਗਿਆ ਸੀ ਅਤੇ ਵੱਡੇ ਪੱਧਰ 'ਤੇ ਪਬਲਿਕ ਸੈਕਟਰ ਦੇ ਅਦਾਰਿਆਂ ਨੂੰ ਕਾਰਪੋਰੇਟ ਘਰਾਣਿਆਂ ਨੂੰ ਵੇਚਣ ਦਾ ਧੰਦਾ ਜ਼ੋਰਾਂ-ਸ਼ੋਰਾਂ ਨਾਲ ਚਲਾਇਆ ਗਿਆ ਹੈ ।

ਸਮੇਂ ਦੀ ਜ਼ਰੂਰਤ ਹੈ ਕਿ ਇਸ ਸਾਰੇ ਵਰਤਾਰੇ ਨੂੰ ਸਮਝਿਆ ਜਾਵੇ ਅਤੇ ਦੇਸ਼ ਦੇ ਰਾਜਨੀਤਕ, ਸਮਾਜਿਕ ਅਤੇ ਆਰਥਿਕ ਸਿਸਟਮ ਨੂੰ ਆਮ ਲੋਕਾਂ ਦੇ ਹੱਕ ਵਿਚ ਮੋੜਾ ਦੇਣ ਦੇ ਉਪਰਾਲੇ ਕੀਤੇ ਜਾਣ ।

ਸਿਆਸੀ ਪਾਰਟੀਆਂ ਦੇ ਬਹੁਤੇ ਲੀਡਰਾਂ ਨੇ ਸਿਆਸਤ ਨੂੰ ਵਪਾਰ ਬਣਾ ਰੱਖਿਆ ਹੈ ਅਤੇ ਉਹ ਪਾਰਟੀਆਂ ਬਦਲ ਬਦਲ ਕੇ ਚੋਣਾਂ ਜਿੱਤ ਰਹੇ ਹਨ । ਇਸ ਕਰਕੇ ਜ਼ਰੂਰੀ ਹੈ ਕਿ ਦੇਸ਼ ਵਿਚ ਨਵੀਂ ਚੇਤਨਤਾ ਅਤੇ ਵਚਨਬੱਧਤਾ ਨਾਲ ਲੋਕ ਲਹਿਰ ਉਸਾਰੀ ਜਾਵੇ । 2020-21 ਦੇ ਕਿਸਾਨ ਅੰਦੋਲਨ ਤੋਂ ਸਬਕ ਸਿੱਖਦੇ ਹੋਏ ਐਸੀ ਲਹਿਰ ਪੈਦਾ ਕਰਨਾ ਸੰਭਵ ਹੈ ।ਇਹ ਕਾਰਜ ਔਖਾ ਹੈ ਪਰ ਇਸ ਲਈ ਦੇਸ਼ ਵਿਚ ਅਧਾਰ ਜ਼ਰੂਰ ਬਣਦਾ ਜਾ ਰਿਹਾ ਹੈ । ਸਮਾਜਿਕ ਅਤੇ ਆਰਥਿਕ ਸਿਸਟਮ ਨੂੰ ਲੋਕ ਪੱਖੀ ਮੋੜਾ ਸਿਰਫ ਲੋਕਾਂ ਦੇ ਉਸਾਰੂ ਉਭਾਰ ਨਾਲ ਹੀ ਮਿਲ ਸਕਦਾ ਹੈ।

---

# ਜਦੋਂ ਫੋਕਾ ਦਬਕਾ ਕੰਮ ਆਇਆ

ਲੇਖਕ : ਗੁਰਮੀਤ ਸਿੰਘ ਵੇਰਕਾ
ਸੰਪਰਕ: 98786-00221

ਮੈਂ ਆਰਥਿਕ ਅਪਰਾਧ ਸ਼ਾਖਾ 'ਚ ਤਫ਼ਤੀਸ਼ੀ ਅਫਸਰ ਲੱਗਾ ਸੀ। ਉਸ ਸਮੇਂ ਦੌਰਾਨ ਇੱਕ ਸੇਵਾਮੁਕਤ ਅਸਿਸਟੈਂਟ ਪ੍ਰਿੰਸੀਪਲ ਨੇ ਆਪਣੇ ਨਾਲ ਹੋਈ ਚਾਰ ਲੱਖ ਰੁਪਏ ਦੀ ਠੱਗੀ ਬਾਰੇ ਇੱਕ ਦਰਖ਼ਾਸਤ ਪੁਲੀਸ ਕਮਿਸ਼ਨਰ ਨੂੰ ਦਿੱਤੀ। ਕਮਿਸ਼ਨਰ ਸਾਹਿਬ ਨੇ ਇਹ ਦਰਖ਼ਾਸਤ ਅੱਗੋਂ ਸਾਡੇ ਇੰਚਾਰਜ ਨੂੰ ਨਿੱਜੀ ਤੌਰ 'ਤੇ ਸੌਂਪਦਿਆਂ ਕਿਹਾ ਸੀ ਕਿ ਉਹ ਪ੍ਰਿੰਸੀਪਲ ਦੇ ਪੈਸੇ ਮੁੜਵਾਉਣੇ ਯਕੀਨੀ ਬਣਾਵੇ। ਜੇਕਰ ਠੱਗੀ ਕਰਨ ਵਾਲੀ ਧਿਰ ਜ਼ਬਾਨੀ ਕਲਾਮੀ ਨਾ ਮੰਨੇ ਤਾਂ ਉਸ ਸੂਰਤ ਵਿੱਚ ਪਰਚਾ ਦਰਜ ਕਰਨ ਦੀ ਹਦਾਇਤ ਕੀਤੀ ਗਈ। ਮੇਰੇ ਸੀਨੀਅਰ ਨੇ ਅੱਗੋਂ ਇਹ ਦਰਖ਼ਾਸਤ ਮੈਨੂੰ ਦਿੰਦਿਆਂ ਜਾਂਚ ਪੜਤਾਲ ਕਰ ਕੇ ਅਸਲੀਅਤ ਦਾ ਪਤਾ ਲਗਾਉਣ ਤੇ ਪ੍ਰਿੰਸੀਪਲ ਦੀ ਮਦਦ ਕਰਨ ਦੇ ਆਦੇਸ਼ ਦਿੱਤੇ।

ਦਰਖ਼ਾਸਤ ਦੀ ਦਰਿਆਫ਼ਤ ਤੋਂ ਇਹ ਗੱਲ ਸਾਹਮਣੇ ਆਈ ਕਿ ਪ੍ਰਿੰਸੀਪਲ ਦੇ ਪਤੀ ਨੇ ਜਿਊਂਦੇ ਜੀਅ ਆਪਣੇ ਦੋਸਤ ਡਾਕਟਰ ਨਾਲ ਇੱਕ ਪਲਾਟ ਦਾ ਸੌਦਾ ਕੀਤਾ ਸੀ। ਇਕਰਾਰਨਾਮਾ ਲਿਖ ਕੇ ਦੇਣ ਮਗਰੋਂ ਡਾਕਟਰ ਨੇ ਚਾਰ ਲੱਖ ਰੁਪਏ ਹਾਸਲ ਕਰ ਲਏ ਸਨ। ਪ੍ਰਿੰਸੀਪਲ ਦੇ ਪਤੀ ਦੀ ਮੌਤ ਤੋਂ ਪਹਿਲਾਂ ਡਾਕਟਰ ਨੇ ਰਜਿਸਟਰੀ ਕਰਵਾਉਣ ਦੇ ਬਹਾਨੇ ਨਾਲ ਉਹ ਅਸਲ ਇਕਰਾਰਨਾਮਾ ਲੈ ਲਿਆ ਸੀ। ਬਾਅਦ ਵਿੱਚ ਜਦੋਂ ਪ੍ਰਿੰਸੀਪਲ ਨੇ ਪਲਾਟ ਦੀ ਰਜਿਸਟਰੀ ਕਰਵਾਉਣ ਲਈ ਕਿਹਾ ਤਾਂ ਅੱਗੋਂ ਟਾਲ-ਮਟੋਲ ਕਰਨ ਲੱਗਿਆ। ਹੌਲੀ ਹੌਲੀ ਉਸ ਨੇ ਰਜਿਸਟਰੀ ਕਰਵਾਉਣ ਤੋਂ ਨਾਂਹ ਕਰ ਦਿੱਤੀ ਤੇ ਲਏ ਪੈਸਿਆਂ ਤੋਂ ਵੀ ਮੁੱਕਰ ਗਿਆ। ਪ੍ਰਿੰਸੀਪਲ ਕੋਲ ਇਕਰਾਰਨਾਮੇ ਦਾ ਕੋਈ ਅਸਲ ਸਬੂਤ ਮੌਜੂਦ ਨਹੀਂ ਸੀ ਜਿਸ ਤੋਂ ਇਹ ਸਾਬਤ ਹੋਵੇ ਕਿ ਡਾਕਟਰ ਨੇ ਪੈਸੇ ਲਏ ਹਨ। ਇਕਰਾਰਨਾਮੇ ਵਿੱਚ ਜੋ ਗਵਾਹ ਸੀ ਉਹ ਵੀ ਡਾਕਟਰ ਦਾ ਬੰਦਾ ਸੀ। ਇਸ ਲਈ ਗਵਾਹੀ ਦੇਣ ਨੂੰ ਤਿਆਰ ਨਹੀਂ ਸੀ। ਜਦੋਂ ਮੈਂ ਡਾਕਟਰ ਨੂੰ ਪੜਤਾਲ ਲਈ ਬੁਲਾਇਆ, ਉਹ ਬੇਖ਼ੌਫ਼ ਜਾਪਿਆ। ਉਹ ਨੱਕ 'ਤੇ ਮੱਖੀ ਨਹੀਂ ਸੀ ਬੈਠਣ ਦੇ ਰਿਹਾ। ਕਹਿ ਰਿਹਾ ਸੀ ਕਿ ਤੁਹਾਡੇ ਪਾਸ ਮੇਰੇ ਖਿਲਾਫ਼ ਪੈਸਿਆਂ ਦੇ ਲੈਣ ਬਾਰੇ ਕੋਈ ਪੁਖ਼ਤਾ ਸਬੂਤ ਹਨ ਤਾਂ ਬੇਸ਼ੱਕ ਮੇਰੇ ਖਿਲਾਫ਼ ਪਰਚਾ ਦਰਜ ਕਰ ਦਿਓ।

ਕੇਸ ਦੀ ਡੂੰਘੀ ਪੜਤਾਲ ਕਰਨ ਮਗਰੋਂ ਇਹ ਗੱਲ ਸਪੱਸ਼ਟ ਹੋ ਗਈ ਸੀ ਕਿ ਪਲਾਟ ਦਾ ਇਕਰਾਰਨਾਮਾ ਹੋਇਆ ਸੀ ਅਤੇ ਡਾਕਟਰ ਨੇ ਚਾਰ ਲੱਖ ਰੁਪਏ ਬਿਆਨੇ ਵਜੋਂ ਲਏ ਸਨ। ਪ੍ਰਿੰਸੀਪਲ ਦੇ ਪਤੀ ਦੀ ਮੌਤ ਤੇ ਪਲਾਟ ਦਾ ਭਾਅ ਵਧਣ ਕਰਕੇ ਉਸ ਦੀ ਨੀਅਤ ਵਿਗੜ ਗਈ ਸੀ। ਉਹ ਰਜਿਸਟਰੀ ਕਰਵਾਉਣ ਦੇ ਨਾਲ ਨਾਲ ਬਿਆਨੇ ਦੇ ਪੈਸੇ ਵਾਪਸ ਕਰਨ ਤੋਂ ਵੀ ਮੁੱਕਰ ਗਿਆ। ਮੈਂ ਆਪਣੀ ਨੌਕਰੀ ਦੇ ਤਜਰਬੇ ਦੇ ਆਧਾਰ 'ਤੇ ਆਪਣੇ ਦਿਮਾਗ ਦੀ ਵਰਤੋਂ ਕਰ ਕੇ ਡਾਕਟਰ ਨੂੰ ਕਿਹਾ, ''ਬਿਆਨੇ ਵਾਲੀ ਜਿਹੜੀ ਅਸਲ ਲਿਖਤ ਪ੍ਰਿੰਸੀਪਲ ਦੇ ਪਤੀ ਕੋਲੋਂ ਰਜਿਸਟਰੀ ਕਰਨ ਬਹਾਨੇ ਲੈ ਚੁੱਕੇ ਹੋ, ਉਸ ਦੀ ਫੋਟੋ ਕਾਪੀ ਪ੍ਰਿੰਸੀਪਲ ਪਾਸ ਸੀ, ਮੈਂ ਲੈ ਲਈ ਹੈ। ਜਿੱਥੋਂ ਪਰਨੋਟ ਖਰੀਦਿਆ, ਜਿਸ ਅਰਜ਼ੀਨਵੀਸ ਨੇ ਲਿਖਤ ਕੀਤੀ, ਉਨ੍ਹਾਂ ਦੇ ਬਿਆਨ ਤੇ ਰਿਕਾਰਡ ਮੈਂ ਕਬਜ਼ੇ 'ਚ ਲੈ ਲਿਆ ਹੈ। ਇਸ ਲਈ ਤੁਹਾਡੇ ਖਿਲਾਫ਼ ਪਰਚਾ ਦਰਜ ਹੋ ਸਕਦਾ ਹੈ।''

ਡਾਕਟਰ ਮੇਰੀ ਗੱਲ ਸੁਣ ਕੇ ਕੁਝ ਡਰ ਗਿਆ ਕਿ ਉਸ ਖਿਲਾਫ਼ ਕਾਨੂੰਨੀ ਕਾਰਵਾਈ ਹੋ ਸਕਦੀ ਹੈ। ਇਸ ਲਈ ਨਰਮ ਪੈ ਗਿਆ। ਦਰਅਸਲ, ਪ੍ਰਿੰਸੀਪਲ ਕੋਲ ਕੋਈ ਫੋਟੋ ਕਾਪੀ ਮੌਜੂਦ ਨਹੀਂ ਸੀ। ਮੈਂ ਡਾਕਟਰ ਨੂੰ ਸਿਰਫ਼ ਦਬਕਾ ਹੀ ਮਾਰਿਆ ਸੀ। ਮੈਂ ਉਸ ਨੂੰ ਪ੍ਰਿੰਸੀਪਲ ਦੇ ਪੈਸੇ ਵਾਪਸ ਕਰਨ ਲਈ ਦੋ ਦਿਨ ਦੀ ਮੋਹਲਤ ਦਿੰਦਿਆਂ ਕਿਹਾ, ''ਜੇ ਪੈਸੇ ਵਾਪਸ ਨਾ ਕੀਤੇ ਤਾਂ ਤੁਹਾਡੇ ਖਿਲਾਫ਼ ਪਰਚਾ ਦਰਜ ਕਰ ਕੇ ਥਾਣੇ ਅੰਦਰ ਬੰਦ ਕਰ ਦਿੱਤਾ ਜਾਵੇਗਾ।'' ਦੋ ਦਿਨ ਕੀ, ਡਾਕਟਰ ਤਾਂ ਅਗਲੇ ਦਿਨ ਹੀ ਸਵੇਰੇ ਮੇਰੇ ਦਫਤਰ ਆ ਢੁੱਕਿਆ। ਮੇਰਾ ਮਾਰਿਆ ਫੋਕਾ ਦਬਕਾ ਕੰਮ ਕਰ ਗਿਆ ਸੀ। ਡਾਕਟਰ ਨੇ ਨਿਮਰਤਾ ਨਾਲ ਸਾਰੀ ਗੱਲ ਕਬੂਲ ਕਰ ਲਈ ਅਤੇ ਨਾਲ ਹੀ ਕਿਹਾ ਕਿ ਉਹ ਪੈਸੇ ਵਾਪਸ ਕਰਨ ਲਈ ਤਿਆਰ ਹੈ, ਪਰ ਪਲਾਟ ਦੀ ਰਜਿਸਟਰੀ ਲਈ ਦਬਾਅ ਨਾ ਪਾਇਆ ਜਾਵੇ ਕਿਉਂਕਿ ਇਸ ਨਾਲ ਉਸ ਨੂੰ ਕਾਫ਼ੀ ਘਾਟਾ ਪੈ ਸਕਦਾ ਹੈ। ਮੈਂ ਪ੍ਰਿੰਸੀਪਲ ਨੂੰ ਬੁਲਾ ਕੇ ਸਾਰੀ ਗੱਲ ਦੱਸੀ ਤਾਂ ਉਹ ਪੈਸੇ ਲੈਣ ਲਈ ਸਹਿਮਤ ਹੋ ਗਈ। ਮਾਮਲਾ ਇੰਨੀ ਛੇਤੀ ਨਿੱਬੜ ਜਾਣ 'ਤੇ ਕਮਿਸ਼ਨਰ ਸਾਹਿਬ ਪਾਸੋਂ ਸ਼ਾਬਾਸ਼ੀ ਮਿਲਣਾ ਸੁਭਵਿਕ ਹੀ ਸੀ।

# ਪੰਜਾਬ ਦੀ ਖੇਤੀ ਨੀਤੀ ਬਾਰੇ ਸਰਕਾਰਾਂ ਦੀ ਬੇਰੁਖ਼ੀ

ਲੇਖਕ : ਅਮਰਜੀਤ ਸਿੰਘ ਵੜੈਚ
ਸੰਪਰਕ: 94178-01988

ਹੁਣ ਤੱਕ ਜਿੰਨੀਆਂ ਵੀ ਪਾਰਟੀਆਂ ਨੇ ਪੰਜਾਬ 'ਚ ਸਰਕਾਰਾਂ ਬਣਾਈਆਂ ਹਨ, ਉਨ੍ਹਾਂ ਨੇ ਰਾਜ ਲਈ ਨਵੀਂ ਖੇਤੀ ਨੀਤੀ ਬਣਾਉਣ ਦੇ ਨਾਂ 'ਤੇ ਵੋਟਾਂ ਲੈ ਕੇ ਸਰਕਾਰਾਂ ਤਾਂ ਬਣਾ ਲਈਆਂ ਪਰ ਕਿਸੇ ਵੀ ਸਰਕਾਰ ਨੇ ਖੇਤੀ ਨੀਤੀ ਬਣਾਉਣ ਦੀ ਦਿਸ਼ਾ ਵਿੱਚ ਕੋਈ ਠੋਸ ਕਦਮ ਨਹੀਂ ਚੁੱਕਿਆ। ਸਾਰੀਆਂ ਸਰਕਾਰਾਂ ਮਾਹਿਰਾਂ ਤੋਂ ਖੇਤੀ ਨੀਤੀ ਦੇ ਖਰੜੇ ਬਣਵਾਉਂਦੀਆਂ ਰਹੀਆਂ ਪਰ ਉਨ੍ਹਾਂ ਨੂੰ ਅਮਲੀ ਜਾਮਾ ਪਹਿਨਾਉਣ ਲਈ ਕੁਝ ਨਹੀਂ ਕੀਤਾ ਅਤੇ ਪੰਜ ਸਾਲ ਪੂਰੇ ਹੋਣ ਦੀ ਉਡੀਕ ਕਰਦੀਆਂ ਰਹੀਆਂ। ਮੌਜੂਦਾ ਪੰਜਾਬ ਸਰਕਾਰ ਵੀ ਇਸ ਮੁੱਦੇ 'ਤੇ ਬਹੁਤ ਧੀਮੀ ਗਤੀ ਨਾਲ ਤੁਰ ਰਹੀ ਹੈ।

ਗਿਆਰਾਂ ਮੈਂਬਰੀ ਸਰਕਾਰੀ ਪੈਨਲ ਨੇ ਪਿਛਲੇ ਸਾਲ 15 ਅਕਤੂਬਰ ਨੂੰ ਖੇਤੀ ਨੀਤੀ ਦੀਆਂ ਸਿਫ਼ਾਰਸ਼ਾਂ ਦੇ ਖਰੜੇ ਦੀਆਂ ਪੰਜ ਕਾਪੀਆਂ ਖੇਤੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੂੰ ਸੌਂਪ ਦਿੱਤੀਆਂ ਸਨ ਪਰ ਅਜੇ ਤੱਕ ਉਸ ਰਿਪੋਰਟ ਦੀ ਕੋਈ ਉੱਘ-ਸੁੱਘ ਨਹੀਂ ਨਿਕਲੀ। ਪਿਛਲੇ ਵਰ੍ਹੇ ਸਰਕਾਰ ਬਾਬਾ ਬੰਦਾ ਸਿੰਘ ਬਹਾਦਰ ਦੇ ਜਨਮ ਦਿਨ 'ਤੇ 17 ਅਕਤੂਬਰ ਨੂੰ ਖੇਤੀ ਨੀਤੀ ਜਾਰੀ ਕਰਨਾ ਚਾਹੁੰਦੀ ਸੀ ਤਾਂ ਕਿ ਲੋਕ ਸਭਾ ਦੀਆਂ ਚੋਣਾਂ ਵਿੱਚ ਲਾਹਾ ਲਿਆ ਜਾ ਸਕੇ। ਫਿਰ ਪਤਾ ਨਹੀਂ ਕੀ ਹੋਇਆ, ਉਸ ਰਿਪੋਰਟ ਦੀ ਕਿਧਰੇ ਕੋਈ ਗੱਲ ਨਹੀਂ ਹੋਈ।

ਸਰਕਾਰ ਨੇ ਖੇਤੀ ਨੀਤੀ ਬਣਾਉਣ ਲਈ ਜਨਵਰੀ 2023 ਵਿਚ 11 ਮੈਂਬਰੀ ਪੈਨਲ ਦਾ ਐਲਾਨ ਕੀਤਾ ਸੀ ਜਿਸ ਦੇ ਕਨਵੀਨਰ ਪੰਜਾਬ ਕਿਸਾਨ ਤੇ ਖੇਤੀ ਮਜ਼ਦੂਰ ਕਮਿਸ਼ਨ ਦੇ ਚੇਅਰਮੈਨ ਡਾ. ਸੁਖਪਾਲ ਸਿੰਘ ਸਨ ਪਰ ਜੂਨ 2023 ਨੂੰ ਸਰਕਾਰ ਨੇ ਪੰਜਾਬ ਵਿੱਚ ਫ਼ਸਲੀ ਵੰਨ-ਸਵੰਨਤਾ ਦੀ ਸਕੀਮ ਤਿਆਰ ਕਰਨ ਲਈ ਅਮਰੀਕਾ ਦੇ ਸ਼ਹਿਰ ਬੋਸਟਨ 'ਚ ਸਥਿਤ 'ਬੋਸਟਨ ਕੰਸਲਟਿੰਗ ਗਰੁੱਪ' ਨੂੰ 5.65 ਕਰੋੜ ਰੁਪਏ ਦਾ ਠੇਕਾ ਦੇ ਦਿੱਤਾ। ਸਰਕਾਰ ਨੇ ਜਦੋਂ 11 ਮੈਂਬਰੀ ਪੈਨਲ ਜਿਸ ਵਿੱਚ ਕੌਮਾਂਤਰੀ ਪੱਧਰ ਦੇ ਖੇਤੀ ਤੇ ਆਰਥਿਕ ਮਾਹਿਰ ਸ਼ਾਮਿਲ ਸਨ, ਕਾਇਮ ਕਰ ਦਿੱਤਾ ਸੀ ਤਾਂ ਫ਼ਸਲੀ ਵੰਨ-ਸਵੰਨਤਾ ਲਈ 'ਬੋਸਟਨ ਕੰਸਲਟਿੰਗ ਗਰੁੱਪ' ਨੂੰ ਠੇਕਾ ਦੇਣ ਦੀ ਗੱਲ ਸਮਝ ਨਹੀਂ ਆਉਂਦੀ। ਡਾ. ਐੱਸਐੱਸ ਜੌਹਲ ਨੇ ਮਈ 1986 ਵਿੱਚ ਰਿਪੋਰਟ ਬਣਾ ਕੇ ਸਰਕਾਰ ਨੂੰ ਦਿੱਤੀ ਸੀ। ਉਸ ਰਿਪੋਰਟ 'ਚ ਸਭ ਤੋਂ ਮਹੱਤਵਪੂਰਨ ਸਿਫ਼ਾਰਿਸ਼ ਇਹ ਸੀ ਕਿ ਪੰਜਾਬ ਨੂੰ 20 ਫ਼ੀਸਦੀ ਧਰਤੀ ਝੋਨੇ ਅਤੇ ਕਣਕ ਹੇਠੋਂ ਕੱਢ ਕੇ ਹੋਰਨਾਂ ਫ਼ਸਲਾਂ ਹੇਠ ਲਿਆਉਣੀ ਚਾਹੀਦੀ ਹੈ। ਉਹ ਰਿਪੋਰਟ ਕਿੱਥੇ ਹੈ? ਮਈ 1986 'ਚ ਪੰਜਾਬ ਵਿੱਚ ਬਰਨਾਲਾ ਸਰਕਾਰ ਸੀ। ਡਾ. ਜੌਹਲ ਨੇ 2002 ਵਿੱਚ ਫਿਰ ਰਿਪੋਰਟ ਦਿੱਤੀ ਜਿਸ ਵਿੱਚ ਉਨ੍ਹਾਂ 95 ਸਿਫ਼ਾਰਸ਼ਾਂ ਕੀਤੀਆਂ ਸਨ। ਉਸ ਵਕਤ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਸੀ। ਉਹ ਰਿਪੋਰਟ ਵੀ ਗਾਇਬ ਹੈ। ਮਾਰਚ 2013 ਵਿੱਚ ਡਾ. ਜੀਐੱਸ ਕਾਲਕਟ (ਪੰਜਾਬ ਕਿਸਾਨ ਤੇ ਖੇਤੀ ਮਜ਼ਦੂਰ ਕਮਿਸ਼ਨ ਦੇ ਪਹਿਲੇ ਚੇਅਰਮੈਨ ਤੇ ਸਾਬਕਾ ਵੀਸੀ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ) ਨੇ ਖੇਤੀ ਬਾਰੇ ਲੰਮੀ ਚੌੜੀ ਰਿਪੋਰਟ ਤਤਕਾਲੀ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਸੌਂਪੀ ਸੀ। ਉਹ ਰਿਪੋਰਟ ਵੀ ਸਕੱਤਰੇਤ 'ਚ ਦਫ਼ਨ ਕਰ ਦਿੱਤੀ ਗਈ।

ਹੁਣ ਖੇਤੀ ਸੰਕਟ ਹੋਰ ਗੰਭੀਰ ਹੋ ਗਿਆ ਹੈ। ਧਰਤੀ ਹੇਠਲੇ ਪਾਣੀ ਦਾ ਡਿੱਗਦਾ ਪੱਧਰ, ਖੇਤੀ ਲਈ ਖਾਦਾਂ, ਬੀਜਾਂ, ਮਸ਼ੀਨਰੀ, ਦਵਾਈਆਂ ਤੇ ਦਿਹਾੜੀ ਦੀਆਂ ਵਧ ਰਹੀਆਂ ਦਰਾਂ, ਬਿਮਾਰੀਆਂ ਤੇ ਕੁਦਰਤੀ ਆਫ਼ਤਾਂ, ਨਕਲੀ ਬੀਜਾਂ ਤੇ ਦਵਾਈਆਂ 'ਚ ਕਿਸਾਨਾਂ ਨੂੰ ਪੈਂਦੀ ਮਾਰ, ਫ਼ਸਲਾਂ ਦੇ ਵਾਜਿਬ ਮੁੱਲ ਨਾ ਮਿਲਣਾ, ਸਬਜ਼ੀਆਂ ਤੇ ਫ਼ਲ ਭੰਡਾਰ ਨਾ ਕਰ ਸਕਣ ਕਰ ਕੇ



ਵਪਾਰੀਆਂ ਦੇ ਰਹਿਮੋ-ਕਰਮ 'ਤੇ ਜਿਊਣਾ, ਫ਼ਸਲਾਂ ਦਾ ਬੀਮਾ ਨਾ ਹੋਣਾ, ਵਧ ਰਹੀ ਮਹਿੰਗਾਈ, ਪੇਂਡੂ ਨੌਜਵਾਨਾਂ ਵਿੱਚ ਵਧ ਰਹੀ ਬੇਰੁਜ਼ਗਾਰੀ, ਨਸ਼ਿਆਂ ਦਾ ਰੁਝਾਨ ਤੇ ਸਮਾਜਿਕ ਰੀਸ-ਘੜੀਸ ਵਰਗੀਆਂ ਜ਼ਹਿਮਤਾਂ ਕਾਰਨ ਕਿਸਾਨ ਕਰਜ਼ੇ ਲੈਣ ਲਈ ਮਜਬੂਰ ਹੈ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਸਰਵੇਖਣ ਅਨੁਸਾਰ ਕਿਸਾਨ ਖ਼ੁਦਕੁਸ਼ੀਆਂ ਵਿੱਚੋਂ 88 ਫ਼ੀਸਦੀ ਕਿਸਾਨ ਉਹ ਹਨ ਜੋ ਕਰਜ਼ੇ ਦਾ ਬੋਝ ਨਾ ਸਹਾਰਦੇ ਹੋਏ ਮੌਤ ਦੇ ਖੂਹ ਵਿੱਚ ਡਿੱਗ ਰਹੇ ਹਨ। ਇਨ੍ਹਾਂ ਵਿੱਚ ਵੀ 77 ਫ਼ੀਸਦੀ ਕਿਸਾਨ ਛੋਟੇ ਅਤੇ ਹਾਸ਼ੀਏ 'ਤੇ ਧੱਕੇ ਹੋਏ ਸਨ।

ਪੰਜਾਬ ਦੀਆਂ ਤਿੰਨ ਯੂਨੀਵਰਸਿਟੀਆਂ (ਪੰਜਾਬ ਯੂਨੀਵਰਸਿਟੀ, ਪੰਜਾਬੀ ਯੂਨੀਵਰਸਿਟੀ ਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ) ਦੇ ਸਰਵੇਖਣ ਮੁਤਾਬਿਕ, ਸਭ ਤੋਂ ਵੱਧ ਕਿਸਾਨ-ਮਜ਼ਦੂਰ ਖ਼ੁਦਕੁਸ਼ੀਆਂ (16606) ਸਾਲ 2000 ਤੋਂ 2015 ਦਰਮਿਆਨ ਹੋਈਆਂ। ਇਨ੍ਹਾਂ ਵਿੱਚ 9007 ਕਿਸਾਨ ਅਤੇ 7234 ਮਜ਼ਦੂਰਾਂ ਨੇ ਖ਼ੁਦਕੁਸ਼ੀ ਕੀਤੀ; ਭਾਵ, ਹਰ ਦੋ ਦਿਨ ਮਗਰੋਂ ਤਿੰਨ-ਚਾਰ ਪੰਜਾਬੀ ਕਿਸਾਨਾਂ ਅਤੇ ਹਰ ਦੋ ਦਿਨ ਮਗਰੋਂ ਤਿੰਨ ਖੇਤੀ ਮਜ਼ਦੂਰਾਂ ਨੇ ਆਤਮ-ਹੱਤਿਆ ਕੀਤੀ। ਕੇਂਦਰੀ ਖੇਤੀ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨਾਲ ਮੁਲਾਕਾਤ ਮਗਰੋਂ ਇਸੇ ਵਰ੍ਹੇ 20 ਜੁਲਾਈ ਨੂੰ ਪੰਜਾਬ ਦੇ ਖੇਤੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਐਲਾਨ ਕੀਤਾ ਕਿ ਝੋਨਾ ਨਾ ਬੀਜ ਕੇ ਕੋਈ ਹੋਰ ਫ਼ਸਲ ਬੀਜਣ ਵਾਲੇ ਕਿਸਾਨਾਂ ਨੂੰ 17500 ਰੁਪਏ ਪ੍ਰਤੀ ਹੈਕਟੇਅਰ ਪੰਜਾਬ ਸਰਕਾਰ ਮਦਦ ਕਰੇਗੀ। ਪਹਿਲੀ ਗੱਲ ਤਾਂ ਇਹ ਕਿ ਐਲਾਨ ਕਰਨ ਤੱਕ ਪੰਜਾਬ ਵਿੱਚ 90 ਪ੍ਰਤੀਸ਼ਤ ਝੋਨਾ ਲੱਗ ਚੁੱਕਿਆ ਸੀ; ਦੂਜੀ ਗੱਲ, ਇਸ ਰਾਸ਼ੀ ਵਿੱਚ 60:40 ਦੇ ਅਨੁਪਾਤ ਨਾਲ਼ ਕ੍ਰਮਵਾਰ ਕੇਂਦਰ ਤੇ ਪੰਜਾਬ ਹਿੱਸਾ ਪਾਉਣਗੇ।

ਕੀ ਕਰਜ਼ ਮਾਰਿਆ ਪੰਜਾਬ ਇਸ ਹਾਲਤ ਵਿੱਚ ਹੈ ਕਿ ਆਪਣਾ ਬਣਦਾ 40 ਫ਼ੀਸਦੀ (ਸੱਤ ਹਜ਼ਾਰ ਪ੍ਰਤੀ ਹੈਕਟੇਅਰ) ਹਿੱਸਾ ਪਾ ਸਕੇਗਾ? ਕੇਂਦਰ ਨੇ ਪੰਜਾਬ ਦੇ 10 ਹਜ਼ਾਰ ਕਰੋੜ ਤੋਂ ਵੱਧ ਦੇ ਫੰਡ ਰੋਕੇ ਹੋਏ ਹਨ। ਝੋਨੇ ਦੀ ਸਿੱਧੀ ਬਿਜਾਈ ਅਤੇ ਮੂੰਗੀ ਦੀ ਬਿਜਾਈ ਵਾਲੇ ਕਿਸਾਨ ਵੀ ਸ਼ਿਕਾਇਤਾਂ ਕਰਦੇ ਹਨ ਕਿ ਸਰਕਾਰ ਉਨ੍ਹਾਂ ਦੀ ਮਦਦ ਦਾ ਐਲਾਨ ਤਾਂ ਕਰਦੀ ਹੈ ਪਰ ਐਲਾਨ ਅਨੁਸਾਰ ਖ਼ਰੀ ਨਹੀਂ ਉੱਤਰਦੀ। ਮੌਜੂਦਾ ਸਰਕਾਰ ਦਾ ਅੱਧਾ ਸਮਾਂ ਇਸੇ ਸਾਲ 16 ਸਤੰਬਰ ਨੂੰ ਪੂਰਾ ਹੋ ਜਾਵੇਗਾ। ਤਤਕਾਲੀ ਖੇਤੀ ਮੰਤਰੀ ਪੰਜਾਬ ਕੁਲਦੀਪ ਸਿੰਘ ਧਾਲੀਵਾਲ ਨੇ ਕਈ ਵਾਰ ਐਲਾਨ ਕੀਤਾ ਕਿ 31 ਮਾਰਚ 2023 ਤੱਕ ਖੇਤੀ ਨੀਤੀ ਜਾਰੀ ਕਰ ਦਿੱਤੀ ਜਾਵੇਗੀ ਪਰ ਇਹ ਨੀਤੀ ਨਹੀਂ ਆਈ ਤੇ ਪਹਿਲੀ ਜੂਨ 2023 ਨੂੰ ਧਾਲੀਵਾਲ ਦੀ ਥਾਂ ਗੁਰਮੀਤ ਸਿੰਘ ਖੁੱਡੀਆਂ ਨੂੰ ਖੇਤੀ ਵਿਭਾਗ ਦੇ ਦਿੱਤਾ ਗਿਆ।

ਕੇਂਦਰ ਨੇ 2024-25 ਦੇ ਬਜਟ ਲਈ ਪੰਜਾਬ ਵਾਸਤੇ, ਖ਼ਾਸਕਰ ਪੰਜਾਬ ਦੇ ਕਿਸਾਨਾਂ ਨੂੰ ਕਰਜ਼ੇ ਤੋਂ ਰਾਹਤ ਦਿਵਾਉਣ ਲਈ ਕੋਈ ਐਲਾਨ ਨਹੀਂ ਕੀਤਾ। ਇਸ ਕਰ ਕੇ ਪੰਜਾਬ ਦੇ ਕਿਸਾਨਾਂ ਤੇ ਮਜ਼ਦੂਰਾਂ ਵਿੱਚ ਉਦਾਸੀਨਤਾ ਵਧੇਗੀ। ਇਸ ਹਾਲਤ ਵਿੱਚ ਜੇ ਪੰਜਾਬ ਸਰਕਾਰ ਵੀ ਕਿਸਾਨਾਂ ਲਈ ਕੁਝ ਨਹੀਂ ਕਰਦੀ ਤਾਂ ਫਿਰ ਕਿਸਾਨਾਂ ਤੇ ਮਜ਼ਦੂਰਾਂ ਨੂੰ ਸੰਕਟ ਵਿੱਚੋਂ ਕੌਣ ਕੱਢੇਗਾ? ਪੰਜਾਬ ਸਰਕਾਰ ਨੇ ਭਾਵੇਂ ਵਿੱਤ ਕਮਿਸ਼ਨ ਨੂੰ ਪੰਜਾਬ ਲਈ ਵਿਸ਼ੇਸ਼ ਪੈਕੇਜ ਦੇਣ ਦੀ ਮੰਗ ਦੇ ਦਿੱਤੀ ਹੈ ਪਰ ਹੁਣ ਸਰਕਾਰ ਨੇ ਨੀਤੀ ਆਯੋਗ ਦੀ ਮੀਟਿੰਗ ਵਿੱਚ ਹਿੱਸਾ ਹੀ ਨਹੀਂ ਲਿਆ ਜਿੱਥੇ ਰਾਜਾਂ ਨੇ ਆਪੋ-ਆਪਣੇ ਰਾਜਾਂ ਦੇ ਵਿਕਾਸ ਲਈ ਤਜਵੀਜ਼ਾਂ ਰੱਖਣੀਆਂ ਹੁੰਦੀਆਂ ਹਨ। ਸਿਧਾਂਤਕ ਤੌਰ 'ਤੇ ਇਹ ਮੀਟਿੰਗ ਰਾਜਨੀਤਕ ਨਹੀਂ ਹੁੰਦੀ ਸਗੋਂ ਲੋਕਾਂ ਦੀਆਂ ਚੁਣੀਆਂ ਸਰਕਾਰਾਂ ਦੀ ਹੁੰਦੀ ਹੈ ਪਰ ਭਾਜਪਾ ਸਰਕਾਰ 'ਤੇ ਇਸ ਮੀਟਿੰਗ 'ਚ ਵੀ ਰਾਜਨੀਤੀ ਕਰਨ ਦੇ ਦੋਸ਼ ਲੱਗਦੇ ਰਹੇ ਹਨ। ਇਸ ਵਾਰ ਵੀ ਪੰਜਾਬ ਸਮੇਤ ਗ਼ੈਰ-ਭਾਜਪਾ ਸਰਕਾਰਾਂ ਨੇ ਇਸੇ ਤਰ੍ਹਾਂ ਦੇ ਦੋਸ਼ ਲਾਏ ਹਨ। ਮੀਟਿੰਗ 'ਚ ਹਿੱਸਾ ਨਾ ਲੈਣ ਕਾਰਨ ਹੁਣ ਕੇਂਦਰ ਸਰਕਾਰ ਅਤੇ ਪੰਜਾਬ ਭਾਜਪਾ ਨੂੰ ਇਹ ਮੁੱਦਾ ਮਿਲ ਜਾਵੇਗਾ ਕਿ ਪੰਜਾਬ ਸਰਕਾਰ ਸੂਬੇ ਦੇ ਮੁੱਦਿਆਂ ਬਾਰੇ ਕੇਂਦਰ ਕੋਲ ਆਪਣਾ ਪੱਖ ਹੀ ਨਹੀਂ ਰੱਖਦੀ ਤਾਂ ਫਿਰ ਮਦਦ ਦੀ ਆਸ ਕਿਉਂ ਰੱਖਦੀ ਹੈ। ਹੁਣ ਪੰਜਾਬ ਸਰਕਾਰ ਆਪਣਾ ਧਿਆਨ ਮਾਲਵਾ ਨਹਿਰ 'ਤੇ ਕੇਂਦਰਿਤ ਕਰ ਰਹੀ ਹੈ ਜਿਸ ਹੇਠ 1328 ਏਕੜ ਖੇਤੀਯੋਗ ਜ਼ਮੀਨ ਆ ਜਾਵੇਗੀ ਜਿਸ ਤੋਂ ਉਸ ਇਲਾਕੇ ਦੇ ਕਿਸਾਨ ਬਿਲਕੁਲ ਵੀ ਖ਼ੁਸ਼ ਨਹੀਂ।

ਅੱਜ ਪੰਜਾਬ ਵਿੱਚ ਖੇਤੀ ਵਾਲੀ ਜ਼ਮੀਨ ਦਾ ਰੇਟ ਕਿਤੇ ਵੀ 30 ਲੱਖ ਰੁਪਏ ਫ਼ੀ ਏਕੜ ਤੋਂ ਘੱਟ ਨਹੀਂ ਹੈ। 'ਭਾਰਤਮਾਲਾ' ਲਈ ਤਾਂ ਜ਼ਮੀਨ ਇਸ ਤੋਂ ਵੀ ਕਈ ਗੁਣਾ ਮਹਿੰਗੀ ਖ਼ਰੀਦੀ ਜਾ ਰਹੀ ਹੈ। ਕਰਜ਼ੇ ਦੇ ਭਾਰ ਹੇਠ ਤੜਫ ਰਹੀ ਪੰਜਾਬ ਸਰਕਾਰ ਇਸ ਨਹਿਰ ਦੀ ਜ਼ਮੀਨ ਲਈ 4000 ਕਰੋੜ ਦਾ ਖਰਚਾ ਕਿੱਥੋਂ ਕਰੇਗੀ? ਖੇਤੀ ਵੰਨ-ਸਵੰਨਤਾ ਲਈ ਕੇਂਦਰ ਕੋਲੋਂ ਇਸੇ ਸਾਲ 10 ਜੂਨ ਨੂੰ ਪੰਜਾਬ ਲਈ ਆਇਆ ਤਕਰੀਬਨ 290 ਕਰੋੜ ਰੁਪਏ ਦਾ ਫੰਡ ਅਫ਼ਸਰਸ਼ਾਹੀ ਦੀ ਬੇਰੁਖ਼ੀ ਦੀ ਭੇਟ ਚੜ੍ਹ ਗਿਆ। ਪਤਾ ਲੱਗਾ ਹੈ ਕਿ ਅਫ਼ਸਰਸ਼ਾਹੀ 40 ਦਿਨ ਇਸ ਸਕੀਮ 'ਤੇ ਬੈਠੀ ਰਹੀ ਤੇ 20 ਜੁਲਾਈ ਨੂੰ ਇਸ ਦਾ ਐਲਾਨ ਕੀਤਾ ਗਿਆ ਜਦੋਂ 90 ਫ਼ੀਸਦੀ ਤੋਂ ਵੱਧ ਝੋਨੇ ਦੀ ਫ਼ਸਲ ਲਾਈ ਜਾ ਚੁੱਕੀ ਸੀ। ਇਹ ਸਕੀਮ ਬਾਸਮਤੀ ਲਈ ਨਹੀਂ ਹੈ। ਹੁਣ ਚਾਰ ਹੋਰ ਵਿਧਾਨ ਸਭਾ ਹਲਕਿਆਂ (ਗਿੱਦੜਬਾਹਾ, ਬਰਨਾਲਾ, ਚੱਬੇਵਾਲ ਤੇ ਡੇਰਾ ਬਾਬਾ ਨਾਨਕ) ਵਿੱਚ ਅਗਲੇ ਪੰਜ ਮਹੀਨਿਆਂ 'ਚ ਜ਼ਿਮਨੀ ਚੋਣਾਂ ਹੋਣੀਆਂ ਹਨ। ਇਹ ਚਾਰੇ ਹਲਕੇ ਪੇਂਡੂ ਖੇਤਰ ਵਿੱਚ ਹਨ ਜਿੱਥੇ ਸਭ ਤੋਂ ਵੱਧ ਵੋਟਾਂ ਕਿਸਾਨਾਂ ਤੇ ਮਜ਼ਦੂਰਾਂ ਦੀਆਂ ਹਨ। ਹੁਣ ਸਵਾਲ ਹੈ: ਕੀ ਪੰਜਾਬ ਸਰਕਾਰ ਅਗਲੇ ਦਿਨਾਂ ਵਿੱਚ ਖੇਤੀ ਨੀਤੀ ਬਾਰੇ ਕੁਝ ਕਰੇਗੀ ਜਾਂ ਫਿਰ ਜ਼ਿਮਨੀ ਚੋਣਾਂ ਵਿੱਚ ਇਸ ਨੀਤੀ ਨੂੰ ਵੋਟਾਂ ਬਟੋਰਨ ਦਾ 'ਝੁਰਲੂ' ਬਣਾ ਕੇ ਵਰਤੇਗੀ?

# ਕੁਦਰਤ ਤੇ ਕਿਸਾਨ

ਲੇਖਕ : ਹਰਜਿੰਦਰ ਸਿੰਘ ਗੁਲਪੁਰ, ਸੰਪਰਕ: 79735-01892

ਬਹੁਤਿਆਂ ਨੇ ਆਪਣੀਆਂ ਅੱਖਾਂ ਨਾਲ ਇਹ ਸਫ਼ਰ ਤੈਅ ਹੁੰਦਾ ਦੇਖਿਆ ਹੈ। 1960 ਤੋਂ ਪਹਿਲਾਂ ਫਸਲਾਂ ਦੀ ਸਿੰਜਾਈ ਲਈ ਖੂਹਾਂ 'ਤੇ ਚੜਸ ਚਲਦੇ ਹੁੰਦੇ ਸਨ। ਇਹ ਮਜ਼ਬੂਤ ਚਮੜੇ ਦੇ ਬਣੇ ਹੁੰਦੇ ਸਨ। ਮਰਹੂਮ ਬਜ਼ੁਰਗ ਲੈਂਬਰ ਸਿੰਘ ਛੋਕਰ ਨੇ ਦੱਸਦੇ ਹੁੰਦੇ ਸਨ ਕਿ ਪਾਣੀ ਦੇ ਭਰੇ ਹੋਏ ਚੜਸ ਦਾ ਭਾਰ ਲਗਭਗ ਢਾਈ ਮਣ ਪੱਕਾ, ਭਾਵ, ਪੰਜ ਕੁਇੰਟਲ ਹੁੰਦਾ ਸੀ। ਇਸ ਨੂੰ ਖਿੱਚਣ ਲਈ ਜਿਸ ਰੱਸੇ ਦੀ ਵਰਤੋਂ ਕੀਤੀ ਜਾਂਦੀ ਸੀ, ਉਸ ਨੂੰ ਦੁਆਬੇ ਵਿੱਚ ਲੌਂਅ ਕਿਹਾ ਜਾਂਦਾ ਸੀ। ਖੂਹ ਵਿੱਚੋਂ ਚੜਸ ਤਕੜੇ ਬਲਦਾਂ ਦੀ ਜੋੜੀ ਅਤੇ ਪਿੰਡ ਦਾ ਤਕੜਾ ਬੰਦਾ ਖਿੱਚਦਾ ਸੀ। ਬਲਦ ਜਿਸ ਰਾਹ ਚੜਸ ਖਿੱਚਣ ਲਈ ਤੁਰਦੇ ਸਨ, ਉਸ ਨੂੰ ਪੈੜੀ ਕਿਹਾ ਜਾਂਦਾ ਸੀ ਜੋ ਖੂਹ ਤੋਂ ਨੀਵੇਂ ਲੋਟ ਬਣਾਈ ਹੁੰਦੀ। ਬਲਦ ਹੱਕਣ ਵਾਲੇ ਅਤੇ ਚੜਸ ਫੜਨ ਵਾਲੇ ਦਰਮਿਆਨ ਬਹੁਤ ਸਟੀਕ ਤਾਲਮੇਲ ਹੁੰਦਾ ਸੀ। ਉਤਰਾਈ 'ਤੇ ਜਾ ਕੇ ਉਹ ਟਪੂਸੀ ਮਾਰ ਕੇ ਲੌਂਅ 'ਤੇ ਬੈਠ ਜਾਂਦਾ। ਭਾਰੀ ਭਰਕਮ ਚੜਸ ਫੜ ਕੇ ਬਾਹਰ ਖਾਲੀ ਕਰਨ ਵਾਲਾ ਬੰਦਾ ਬਹੁਤ ਤਾਕਤਵਰ ਹੁੰਦਾ ਸੀ। ਚੜਸ ਫੜਨਾ ਹਾਰੀ ਸਾਰੀ ਦਾ ਕੰਮ ਨਹੀਂ ਸੀ। ਜਦੋਂ ਉਹ ਚੜਸ ਨੂੰ ਆਪਣੇ ਕੰਟਰੋਲ ਵਿਚ ਕਰ ਲੈਂਦਾ ਸੀ ਤਾਂ ਉੱਚੀ ਆਵਾਜ਼ ਵਿਚ ਬੋਲਦਾ - ਬਾਰਾ ਓ ਓ ਓ...। ਬਲਦ ਹੱਕਣ ਵਾਲਾ ਬਲਦਾਂ ਦੀ ਕਿੱਲੀ ਕੱਢ ਦਿੰਦਾ ਸੀ। ਜੇ ਇਸ ਕਾਰਵਾਈ ਵਿਚ ਅੱਖ ਦੇ ਫੋਰ ਜਿੰਨੀ ਵੀ ਗ਼ਲਤੀ ਹੋ ਜਾਂਦੀ ਤਾਂ ਦੁਰਘਟਨਾ ਵਾਪਰ ਜਾਂਦੀ ਸੀ। ਇਹ ਕੰਮ ਸਵੇਰ ਤੋਂ ਸ਼ਾਮ ਤੱਕ ਚਲਦਾ ਰਹਿੰਦਾ।

ਖ਼ੈਰ! ਇਸ ਤਕਨੀਕ ਨਾਲ ਕੇਵਲ ਦੋ ਕੁ ਕਨਾਲ ਰਕਬਾ ਭਰਦਾ ਹੁੰਦਾ ਸੀ। ਇਸ ਤੋਂ ਬਾਅਦ ਹਲਟਾਂ ਦਾ ਦੌਰ ਸ਼ੁਰੂ ਹੋ ਗਿਆ। ਲੋਹੇ ਦੀਆਂ ਟਿੰਡਾਂ ਦੀ ਮਾਹਲ ਬਣਾਈ ਜਾਂਦੀ। ਇਸ ਨੂੰ ਚਰਖੇ ਵਾਂਗ ਲੋਹੇ ਦੇ ਗੋਲ ਚੱਕਰ 'ਤੇ ਚਾੜ੍ਹਿਆ ਜਾਂਦਾ ਸੀ ਜਿਸ ਨੂੰ ਬੈੜ ਕਹਿੰਦੇ ਸਨ। ਇਹ ਲੱਠ ਰਾਹੀਂ ਬੂੜੀਆਂ ਵਾਲੇ ਚਕਲੇ ਨਾਲ ਜੁੜਿਆ ਹੁੰਦਾ ਜਿਸ ਨੂੰ ਗੋਲ ਚੱਕਰ ਵਿਚ ਕੋਹਲੂ ਵਾਂਗ ਬਲਦ ਖਿੱਚਦੇ ਸਨ। ਪਹਿਰ ਦੇ ਤੜਕੇ ਹਲਟ ਜੋੜ ਲਏ ਜਾਂਦੇ। ਬਲਦਾਂ ਦੀਆ ਟੱਲੀਆਂ ਨਾਲ ਲੋਕ ਜਾਗ ਪੈਂਦੇ ਸਨ। ਉਦੋਂ ਸਪੀਕਰਾਂ 'ਤੇ ਪਾਠ ਕਰਨ ਦਾ ਯੁੱਗ ਨਹੀਂ ਸੀ। ਫਿਰ ਆਥਣ ਤੱਕ ਚੱਲ ਸੋ ਚੱਲ। ਤਕੜੇ ਬਲਦ ਚਾਰ ਪੰਜ ਕਨਾਲ ਦਾ ਸੇਂਜਾ ਦਿਹਾੜੀ ਵਿੱਚ ਕਰ ਦਿੰਦੇ। ਚੜਸਾਂ ਤੋਂ ਖਹਿੜਾ ਛੁੱਟਣ ਨਾਲ ਕਿਸਾਨਾਂ ਨੇ ਸੁੱਖ ਦਾ ਸਾਹ ਲਿਆ ਸੀ।

'ਆਰ ਢਾਂਗਾ ਪਾਰ ਢਾਂਗਾ, ਵਿਚ ਟੱਲਮ-ਟੱਲੀਆਂ। ਆਣ ਕੂੰਜਾਂ ਦੇਣ ਬੱਚੇ ਨਦੀ ਨਾਹਵਣ ਚੱਲੀਆਂ' ਨਾਮਕ ਗੀਤ ਹਲਟ ਨੂੰ ਲੈ ਕੇ ਹੀ ਜਮਲੇ ਜੱਟ ਨੇ ਗਾਇਆ ਸੀ ਜੋ ਅੱਜ ਵੀ ਮਕਬੂਲ ਹੈ। ਪਹਿਲਾਂ ਇਹ ਬੁਝਾਰਤ ਹੁੰਦੀ ਸੀ। ਖੂਹ ਦਾ ਆਲਾ ਦੁਆਲਾ ਤੂਤ ਵਰਗੇ ਛਾਂਦਾਰ ਰੁੱਖਾਂ ਨਾਲ ਭਰਿਆ ਹੁੰਦਾ। ਚਲਦੇ ਹਲਟ ਦਾ ਨਜ਼ਾਰਾ ਦੇਖਣ ਵਾਲਾ ਹੁੰਦਾ। ਸਾਰਾ ਦਿਨ ਰੌਣਕ ਲੱਗੀ ਰਹਿੰਦੀ। ਪਿੰਡ ਦੀਆਂ ਔਰਤਾਂ ਘਰਾਂ ਦੇ ਲੀੜੇ ਹਲਟਾਂ ਉੱਤੇ ਧੋਂਦੀਆਂ। ਬੰਦੇ ਇਸ਼ਨਾਨ ਕਰਦੇ। ਕੁੱਤੇ ਦੀ ਟੱਕ-ਟੱਕ ਖੂਹ ਚੱਲਣ ਦਾ ਸੁਨੇਹਾ ਦਿੰਦੀ। ਉੱਥੇ ਤਾਸ਼ ਦੀਆਂ ਬਾਜ਼ੀਆਂ ਲਗਦੀਆਂ, ਬਾਰਾਂ ਟਾਹਣੀ ਵੀ ਖੇਡੀ ਜਾਂਦੀ। ਪ੍ਰਸਿੱਧ ਲੇਖਕ ਸੋਹਣ ਸਿੰਘ ਸੀਤਲ ਦਾ ਸ਼ਾਹਕਾਰ ਨਾਵਲ 'ਤੂਤਾਂ ਵਾਲਾ ਖੂਹ' ਜਿੱਥੇ ਹਲਟ ਦੇ ਦ੍ਰਿਸ਼ ਨੂੰ ਰੂਪਮਾਨ ਕਰਦਾ ਹੈ ਉੱਥੇ ਭਾਰਤ ਪਾਕਿਸਤਾਨ ਵੰਡ ਦੇ ਦੁਖਾਂਤ ਨੂੰ ਵੀ ਕਲਾਵੇ ਵਿੱਚ ਲੈਂਦਾ ਹੈ। ਨਾਵਲ ਵਿੱਚ ਕਿਸਾਨ ਵਲੋਂ ਧਰਤੀ ਉੱਤੇ ਸਿਰਜੇ ਸਵਰਗ ਉੱਤੇ ਸੂਦਖੋਰਾਂ ਦੀ ਮੈਲੀ ਨਜ਼ਰ ਦਾ ਜ਼ਿਕਰ ਹੈ।

ਖੂਹਾਂ ਤੋਂ ਬਾਅਦ ਟਿਊਬਵੈਲਾਂ ਦਾ ਦੌਰ ਸ਼ੁਰੂ ਹੋ ਗਿਆ। ਬਾਜ਼ਾਰ ਵਿੱਚ ਵੱਖ-ਵੱਖ ਤਰ੍ਹਾਂ ਦੇ ਇੰਜਣਾਂ ਤੇ ਪੱਖਿਆਂ ਦਾ ਹੜ੍ਹ ਆ ਗਿਆ। ਨਵੀਆਂ ਖੂਹੀਆਂ ਪੁੱਟੀਆਂ ਗਈਆ ਜਿਨ੍ਹਾਂ 'ਚੋਂ ਪੱਖੇ ਅਤੇ ਇੰਜਣ ਦੀ ਸਹਾਇਤਾ ਨਾਲ ਪਾਣੀ ਕੱਢਿਆ ਜਾਣ ਲੱਗਾ। ਇਨ੍ਹਾਂ ਨੂੰ ਕੈਵਟੀ ਵਾਲੇ ਬੋਰ ਆਖਿਆ ਜਾਂਦਾ। ਫਿਰ ਇੰਜਣਾਂ ਦੀ ਥਾਂ ਬਿਜਲੀ ਵਾਲੀਆਂ ਮੋਟਰਾਂ ਨੇ ਲੈ ਲਈ। ਇਨ੍ਹਾਂ ਬੋਰਾਂ ਦੀ ਮਿਆਦ ਬਹੁਤ ਘੱਟ ਹੁੰਦੀ। ਕੈਵਟੀਆਂ ਬਹਿ ਜਾਂਦੀਆਂ ਸਨ ਅਤੇ ਵਾਰ-ਵਾਰ ਨਵੇਂ ਬੋਰ ਕਰਨੇ ਪੈਂਦੇ। ਇਸ ਤਕਨੀਕ ਨੇ ਕਿਸਾਨਾਂ ਦਾ ਬਹੁਤ ਆਰਥਿਕ ਨੁਕਸਾਨ ਕੀਤਾ। ਕਿਸਾਨ ਧਰਤੀ ਹੇਠਲਾ ਪਾਣੀ ਲੱਭਣ ਲਈ ਖੁਆਜੇ ਅਤੇ ਪੀਰਾਂ ਫਕੀਰਾਂ ਦੀਆਂ ਸੁੱਖਣਾ ਸੁੱਖਦੇ ਜਿਨ੍ਹਾਂ ਵਿੱਚ ਬੱਕਰੇ ਦੀ ਬਲੀ ਵੀ ਸ਼ਾਮਲ ਹੁੰਦੀ। ਕਿਸੇ ਦੀ ਸੁੱਖਣਾ ਪੂਰੀ ਹੋ ਜਾਂਦੀ ਅਤੇ ਕਿਸੇ ਦੀ ਨਾ। ਉਹ ਰੱਬ 'ਤੇ ਡੋਰੀਆਂ ਛੱਡ ਆਪਣੇ ਸਾਧਨਾਂ ਨਾਲ ਯਤਨ ਕਰਦੇ ਰਹਿੰਦੇ। ਇਸ ਸੰਘਰਸ਼ ਵਿੱਚ ਕਈ ਪਰਿਵਾਰ ਤਾਂ ਕੰਗਾਲ ਤੱਕ ਹੋ ਗਏ।

1970 ਤੋਂ ਬਾਅਦ ਸਬਮਰਸੀਬਲ ਬੋਰਾਂ ਦਾ ਦੌਰ ਸ਼ੁਰੂ ਹੋਇਆ। ਇਸ ਨੂੰ ਕਈ ਇਲਾਕਿਆਂ ਵਿੱਚ ਮੱਛੀ ਮੋਟਰ ਵੀ ਕਿਹਾ ਜਾਂਦਾ ਹੈ। ਇਸ ਉੱਤੇ ਖਰਚਾ ਭਾਵੇਂ ਜ਼ਿਆਦਾ ਹੁੰਦਾ ਸੀ ਪਰ ਪੰਪ ਲੱਗਣ ਨਾਲ ਕਿਸਾਨਾਂ ਨੂੰ ਮੌਜ ਬਣ ਗਈ। ਨਾ ਖੂਹ ਅਤੇ ਨਾ ਖੂਹਾਂ 'ਚ ਵਾਰ-ਵਾਰ ਉਤਰਨ ਦਾ ਝੰਜਟ! ਅੜੇ ਥੁੜੇ ਕਿਸਾਨਾਂ ਨੇ ਵੀ ਕਰਜ਼ਾ ਚੁੱਕ ਕੇ ਇਨ੍ਹਾਂ ਪੰਪਾਂ ਦਾ ਜੁਗਾੜ ਕਰ ਲਿਆ। ਦੇਖਦਿਆਂ-ਦੇਖਦਿਆਂ ਪੰਜਾਬ ਅੰਦਰ ਲਗਭਗ ਚਾਰ ਲੱਖ ਸਬਮਰਸੀਬਲ ਬੋਰ ਲੱਗ ਗਏ।

1970 ਦੇ ਨੇੜੇ-ਤੇੜੇ ਕਿਸਾਨਾਂ ਨੇ ਝੋਨਾ ਲਾਉਣਾ ਸ਼ੁਰੂ ਕਰ ਦਿੱਤਾ। 1997 ਵਿੱਚ ਬਣੀ ਬਾਦਲ ਸਰਕਾਰ ਨੇ ਟਿਊਬਵੈਲਾਂ ਲਈ ਬਿਜਲੀ ਮੁਫਤ ਕਰ ਦਿੱਤੀ। ਬਸ ਫਿਰ ਕੀ ਸੀ, ਮੋਟਰਾਂ ਦਿਨ ਰਾਤ ਧਰਤੀ ਹੇਠਲਾ ਪਾਣੀ ਖਿੱਚਣ ਲੱਗ ਪਈਆਂ। ਪਾਣੀ ਦਾ ਪੱਧਰ ਹੇਠ ਜਾਣ ਲੱਗ ਪਿਆ ਤਾਂ ਕਿਸਾਨ ਸੈਕਸ਼ਨਾਂ ਪਾਉਣ ਲੱਗੇ, ਵੱਧ ਹਾਰਸ ਪਾਵਰ ਦੀਆਂ ਮੋਟਰਾਂ ਲਗਾਉਣ ਲੱਗੇ। 'ਖੁਆਜਾ' ਹੋਰ ਹੇਠ ਜਾਣ ਲੱਗਾ ਅਤੇ ਕਿਸਾਨ ਉਹਦੇ ਮਗਰ ਮਗਰ ਹੋ ਲਏ। ਮੁਫ਼ਤ ਦੀ ਬਿਜਲੀ ਹੋਣ ਕਾਰਨ ਕਿਸਾਨਾਂ ਨੇ ਰੇਤਲੀ ਜ਼ਮੀਨ ਵਿੱਚ ਵੀ ਝੋਨਾ ਲਾਉਣਾ ਸ਼ੁਰੂ ਕਰ ਦਿੱਤਾ। 90 ਫ਼ੀਸਦ ਕਿਸਾਨਾਂ ਨੇ ਕਿਆਰੇ ਬਣਾਉਣੇ ਵੀ ਛੱਡ ਦਿੱਤੇ। ਮੋਟਰਾਂ ਉੱਤੇ ਆਟੋਮੈਟਿਕ ਯੰਤਰ ਫਿੱਟ ਕਰਵਾ ਲਏ। ਫਸਲਾਂ ਨੂੰ ਪਾਣੀ ਲਾਉਣਾ ਹੋਰ ਗੱਲ ਹੈ, ਬਰਬਾਦ ਕਰਨਾ ਬਿਲਕੁਲ ਹੋਰ ਗੱਲ। ਹੋਰ ਤਾਂ ਹੋਰ, ਮੁਫਤ ਪਾਣੀ ਹੋਣ ਕਾਰਨ ਕਿਸਾਨਾਂ ਨੇ ਖਾਲ ਘੜਨੇ ਬੰਦ ਕਰ ਦਿੱਤੇ; ਬੱਸ ਰਾਊਂਡਅੱਪ ਸਪਰੇਅ ਛਿੜਕ ਕੇ ਨਦੀਨ ਦੀ ਸਾਫ ਸਫਾਈ ਕਰ ਦਿੱਤੀ ਜਾਂਦੀ ਹੈ। ਇਹ ਘਾਤਕ ਜ਼ਹਿਰ ਹੌਲੀ-ਹੌਲੀ ਜ਼ਮੀਨ ਹੇਠਲੇ ਪਾਣੀ ਵਿੱਚ ਰਲ ਕੇ ਸਾਡੇ ਅੰਦਰ ਜਾ ਰਿਹਾ ਹੈ। ਬਿਮਾਰੀਆਂ ਭੇਸ ਬਦਲ-ਬਦਲ ਕੇ ਆ ਰਹੀਆਂ ਹਨ। ਇਹ ਗੱਲ ਕਿਸਾਨਾਂ ਨੂੰ ਕੌੜੀ ਲੱਗੇਗੀ ਕਿ ਥੋੜ੍ਹਾ-ਬਹੁਤ ਮੋਟਰ ਬਿੱਲ ਸਰਕਾਰ ਨੂੰ ਜ਼ਰੂਰ ਵਸੂਲਣਾ ਚਾਹੀਦਾ ਹੈ। ਇਉਂ ਕਿਸਾਨਾਂ ਉੱਤੇ ਜ਼ਿੰਮੇਵਾਰੀ ਆਇਦ ਹੋਵੇਗੀ ਤੇ ਕਿਸਾਨ ਬੱਚੇ ਤੰਦਰੁਸਤ ਰਹਿਣਗੇ।

ਛੇ ਕੁ ਦਹਾਕੇ ਪਹਿਲਾਂ ਅਮਰੀਕਾ ਨੇ ਵੀਅਤਨਾਮੀ ਗੁਰੀਲਿਆਂ ਨੂੰ ਖਦੇੜਨ ਲਈ ਉੱਥੋਂ ਦੇ ਹਰੇ ਭਰੇ ਜੰਗਲਾਂ ਦੀ ਹਰਿਆਈ ਖ਼ਤਮ ਕਰਨ ਲਈ 'ਔਰਿੰਜ ਏਜੰਟ' ਨਾਮ ਦਾ ਹਵਾਈ ਸਪਰੇਅ ਕੀਤਾ ਸੀ। ਇਹ ਉਹੀ ਘਾਤਕ ਸਪਰੇਅ ਹੈ ਜੋ ਕਿਸਾਨਾਂ ਨੂੰ ਉਨ੍ਹਾਂ ਦੀ ਤਰੱਕੀ ਦੇ ਨਾਂ ਹੇਠ ਧੜਾਧੜ ਵੇਚਿਆ ਜਾ ਰਿਹਾ ਹੈ। ਪਾਣੀ ਬਰਬਾਦ ਕਰਨ ਲਈ ਕਾਰਪੋਰੇਟ ਸੈਕਟਰ ਜ਼ਿੰਮੇਵਾਰ ਹੈ ਅਤੇ ਸਰਕਾਰਾਂ ਉਸ ਦੇ ਪੈਰ ਵਿੱਚ ਪੈਰ ਰੱਖ ਕੇ ਚੱਲ ਰਹੀਆਂ ਹਨ। ਇਸ ਦੇ ਬਾਵਜੂਦ ਕਿਸਾਨਾਂ ਨੂੰ ਕੁਦਰਤ ਦੇ ਪਾਲੇ ਵਿੱਚ ਖੜ੍ਹਨ ਦੀ ਲੋੜ ਹੈ; ਨਹੀਂ ਤਾਂ ਨਾ ਰਹੇਗਾ ਬਾਂਸ ਤੇ ਨਾ ਵੱਜੇਗੀ ਬੰਸਰੀ!

ਲੇਖਕ : ਜਯੋਤੀ ਮਲਹੋਤਰਾ

# ਲਾਪਤਾ ਲੇਡੀਜ਼ ਤੇ ਮੌਕਾਪ੍ਰਸਤ ਸਰਕਾਰ




ਤ੍ਰਿਣਮੂਲ ਕਾਂਗਰਸ ਦੀਆਂ 'ਲਾਪਤਾ ਲੇਡੀਜ਼' (ਇਸੇ ਨਾਂ ਦੀ ਇਕ ਹਿੰਦੀ ਫ਼ਿਲਮ ਦਾ ਵਿਅੰਗਾਤਮਕ ਹਵਾਲਾ), ਆਖ਼ਰਕਾਰ ਸ਼ੁੱਕਰਵਾਰ ਨੂੰ ਕੋਲਕਾਤਾ ਵਿਚ ਆਪਣੀ ਨੇਤਾ ਤੇ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਦੀ ਅਗਵਾਈ 'ਚ ਕੀਤੇ ਇਕ ਰੋਸ ਮਾਰਚ ਵਿਚ ਨਜ਼ਰ ਆਈਆਂ, ਜੋ ਉਸ ਮਹਿਲਾ ਡਾਕਟਰ ਦੀ ਹਮਾਇਤ 'ਚ ਕੀਤਾ ਗਿਆ ਜਿਸ ਦਾ ਸ਼ਹਿਰ ਦੇ ਹੀ ਇਕ ਸਰਕਾਰੀ ਹਸਪਤਾਲ ਵਿਚ ਪੂਰੇ ਦਸ ਦਿਨ ਪਹਿਲਾਂ ਜਬਰ-ਜਨਾਹ ਕਰ ਕੇ ਬੇਰਹਿਮੀ ਨਾਲ ਕਤਲ ਕਰ ਦਿੱਤਾ ਗਿਆ ਸੀ।

ਮਹੂਆ ਮੋਇਤਰਾ, ਸਾਓਨੀ ਘੋਸ਼, ਡੋਲਾ ਸੇਨ, ਸ਼ਤਾਬਦੀ ਰੌਏ, ਸ਼ਰਮੀਲਾ ਸਰਕਾਰ, ਕਾਕੋਲੀ ਘੋਸ਼ ਦਸਤੀਦਾਰ, ਜੂਨ ਮਾਲੀਆ—- ਸਾਰੀਆਂ ਸੰਸਦ ਮੈਂਬਰਾਂ—- ਅਤੇ ਮੰਤਰੀ ਸ਼ਸ਼ੀ ਪਾਂਜਾ, ਉਨ੍ਹਾਂ ਪਾਰਟੀ ਆਗੂਆਂ 'ਚ ਸ਼ਾਮਲ ਸਨ ਜੋ ਕੋਲਕਾਤਾ ਦੀ ਮੌਲਾਲੀ ਤੋਂ ਡੋਰਿਨਾ ਕਰਾਸਿੰਗ ਤੱਕ ਮਮਤਾ ਦੇ ਆਲੇ-ਦੁਆਲੇ ਪੈਦਲ ਚੱਲੇ, ਅਤੇ ਉਸ ਬਿਰਤਾਂਤ ਨੂੰ ਫਿੱਕਾ ਪਾਉਣ ਦੀ ਕੋਸ਼ਿਸ਼ ਕੀਤੀ ਕਿ ਵਰਤਮਾਨ ਸਮਿਆਂ 'ਚ ਭਾਰਤ ਦੀ ਇਕੋ-ਇਕ ਮਹਿਲਾ ਮੁੱਖ ਮੰਤਰੀ ਪਿਛਲੇ ਇਕ ਹਫ਼ਤੇ ਤੋਂ ਲਗਭਗ ਗੁਆਚ ਹੀ ਗਈ ਹੈ।

ਕਈ ਸਾਲਾਂ ਬਾਅਦ ਪਹਿਲੀ ਵਾਰ ਦੀਦੀ ਦਾ ਘਾਟਾ ਹੁੰਦਾ ਜਾਪ ਰਿਹਾ ਹੈ। ਉਹ ਜਾਣਦੀ ਹੈ ਕਿ ਉਹ ਡਗਮਗਾ ਰਹੀ ਹੈ। ਉਸ ਦੀਆਂ 11 ਮਹਿਲਾਂ ਸੰਸਦ ਮੈਂਬਰਾਂ, ਜਿਨ੍ਹਾਂ 'ਚੋਂ ਕਈ ਤਾਂ ਸੋਸ਼ਲ ਮੀਡੀਆ ਉਤੇ ਸਟਾਰ ਹਨ, ਚੰਗੀ ਤਰ੍ਹਾਂ ਜਾਣਦੀਆਂ ਹਨ ਕਿ ਜਦ ਉਨ੍ਹਾਂ ਭਿਆਨਕ ਕਤਲ ਕਾਂਡ ਤੋਂ ਬਾਅਦ ਦੀਆਂ ਬੇਹੱਦ ਮਹੱਤਵਪੂਰਨ ਘੜੀਆਂ ਅਤੇ ਦਿਨਾਂ ਦੌਰਾਨ ਪੀੜਤਾ ਦੇ ਹੱਕ 'ਚ ਬੋਲਣ ਤੋਂ ਪਾਸਾ ਵੱਟੀ ਰੱਖਿਆ, ਸਾਬਕਾ ਪੱਤਰਕਾਰ ਸਾਗਰਿਕਾ ਘੋਸ਼ ਨੂੰ ਛੱਡ ਕੇ—- ਉਸ ਸਮੇਂ ਉਨ੍ਹਾਂ ਤ੍ਰਿਣਮੂਲ ਵਾਲੇ ਪਾਸਿਓਂ ਜਾਣਕਾਰੀ ਦਾ ਇਕ ਖੱਪਾ ਬਣਨ ਦਿੱਤਾ, ਜਿਸ ਨੂੰ ਵਿਰੋਧੀ ਧਿਰ ਭਾਜਪਾ ਨੇ ਬਿਲਕੁਲ ਸਹੀ ਸਮੇਂ 'ਤੇ ਆ ਕੇ ਭਰ ਲਿਆ।

ਇਹ ਸਿਆਣੀਆਂ ਮਹਿਲਾਵਾਂ, ਜੋ ਕਿ ਸੰਸਦ ਤੇ ਕੋਲਕਾਤਾ ਵਿਚ ਭਾਜਪਾ ਲਈ ਬਿਪਤਾ ਵਾਂਗ ਹਨ, ਜਾਣਦੀਆਂ ਹਨ ਕਿ ਜਦ ਉਨ੍ਹਾਂ ਬਿਹਤਰ ਨਿਤਾਰੇ ਖਾਤਰ ਮੂੰਹ ਬੰਦ ਕਰ ਲਿਆ—- ਸ਼ਾਇਦ, ਉਹ ਕੋਲਕਾਤਾ ਪੁਲੀਸ ਦੀ ਜਾਂਚ ਉਡੀਕ ਰਹੀਆਂ ਸਨ, ਜਾਂ ਸ਼ਾਇਦ ਆਪਣੀ ਨੇਤਾ ਦਾ ਬਿਆਨ ਉਡੀਕ ਰਹੀਆਂ ਸਨ ਕਿ ਦੀਦੀ ਦਾ ਪਹਿਲਾਂ ਇਸ ਵਿਸ਼ੇ ਉਤੇ ਕੀ ਕਹਿਣਾ ਹੈ—- ਉਨ੍ਹਾਂ ਕੁਝ ਜ਼ਿਆਦਾ ਹੀ ਲੰਮਾ ਇੰਤਜ਼ਾਰ ਕਰ ਲਿਆ। ਕਿ, ਘੱਟੋ-ਘੱਟ ਕੁਝ ਸਮੇਂ ਲਈ ਤਾਂ, ਭਰੋਸੇ ਦੀ ਉਹ ਭਾਵਨਾ, ਜੋ ਸਿਆਸਤਦਾਨ ਨਿਰੰਤਰ ਉਨ੍ਹਾਂ ਪੁਰਸ਼ਾਂ ਤੇ ਔਰਤਾਂ ਦੇ ਮਨਾਂ 'ਚ ਬਣਾਏ ਰੱਖਣ ਲਈ ਸੰਘਰਸ਼ ਕਰਦੇ ਹਨ, ਜਿਨ੍ਹਾਂ ਦੀ ਉਹ ਅਗਵਾਈ ਕਰਦੇ ਹਨ, ਡਗਮਗਾਉਂਦੀ ਜਾਪੀ। ਕਰੀਬ ਦਹਾਕੇ ਬਾਅਦ ਪਹਿਲੀ ਵਾਰ, ਸ਼ੱਕ ਦਾ ਇਕ ਤੱਤ ਰੀਘ ਕੇ ਅੰਦਰ ਵੜਦਾ ਜਾਪਿਆ। ਸਾਡੇ ਕੋਲ ਜਿਹੜੀ ਜਾਣਕਾਰੀ ਹੈ, ਉਸ ਮੁਤਾਬਕ ਪੀੜਤਾ ਦਾ ਜਬਰ-ਜਨਾਹ ਤੇ ਹੱਤਿਆ 9 ਅਗਸਤ ਨੂੰ ਸੁਵਖਤੇ 3 ਤੋਂ ਪੰਜ ਵਜੇ ਦੇ ਵਿਚਾਲੇ ਹੋਏ ਜਦ ਹਸਪਤਾਲ 'ਚ ਲਗਾਤਾਰ 36 ਘੰਟੇ ਕੰਮ ਕਰਨ ਤੋਂ ਬਾਅਦ ਉਸ ਨੇ ਸੈਮੀਨਾਰ ਰੂਮ 'ਚ ਕੁਝ ਆਰਾਮ ਕਰਨ ਬਾਰੇ ਸੋਚਿਆ। ਪੋਸਟ-ਮਾਰਟਮ ਰਿਪੋਰਟ ਭਿਆਨਕ ਘਟਨਾ ਦੇ ਵੇਰਵੇ ਬਿਆਨਦੀ ਹੈ—- ਕਿ ਗਲ਼ ਘੁੱਟ ਕੇ ਹੱਤਿਆ ਕੀਤੀ ਗਈ (ਗਲ਼ ਘੁੱਟਣ ਨਾਲ ਥਾਇਰਾਇਡ ਕਾਰਟੀਲੇਜ ਟੁੱਟ ਗਈ ਸੀ), ਕਿ ਉਸ ਦੇ ਗੁਪਤ ਅੰਗਾਂ 'ਤੇ ਗਹਿਰੇ ਜ਼ਖ਼ਮ ਸਨ ਜੋ ਜ਼ਾਹਿਰਾ ਤੌਰ 'ਤੇ 'ਦੁਰਾਚਾਰੀ ਕਾਮੁਕਤਾ' ਤੇ 'ਲਿੰਗਕ ਤਸ਼ੱਦਦ' ਦਾ ਸਿੱਟਾ ਸਨ। ਕਿ ਉਸ ਦੀਆਂ ਅੱਖਾਂ ਤੇ ਮੂੰਹ ਵਿਚੋਂ ਖ਼ੂਨ ਵਗ ਰਿਹਾ ਸੀ। ਜਿਹਦੀਆਂ ਤਸਵੀਰਾਂ ਸਾਹਮਣੇ ਆਈਆਂ ਹਨ, ਉਨ੍ਹਾਂ 'ਚ ਉਸ ਦੀਆਂ ਲੱਤਾਂ ਇਕ ਦੂਜੇ ਵੱਲ ਅਜੀਬ ਤਰੀਕੇ ਨਾਲ ਮੁੜੀਆਂ ਹੋਈਆਂ ਹਨ—- ਕੁਝ ਦਾ ਕਹਿਣਾ ਹੈ ਕਿ ਜਦ ਤੱਕ 'ਪੈਲਵਿਕ' ਘੇਰਾ ਨਾ ਟੁੱਟੇ, ਅਜਿਹਾ ਨਹੀਂ ਹੁੰਦਾ।

ਹਾਲਾਂਕਿ, ਅਜੀਬ ਗੱਲ ਹੈ ਕਿ ਅਗਲੇ ਛੇ ਦਿਨਾਂ ਤੱਕ, ਇਹ ਸਾਰੇ ਉੱਭਰ ਰਹੇ ਨੌਜਵਾਨ ਸਿਆਸਤਦਾਨ, ਚਮਕਦੇ ਸਿਤਾਰਿਆਂ ਦੀ ਇਕ 'ਗਲੈਕਸੀ'—- ਜਿਨ੍ਹਾਂ ਵਿਚ ਮਮਤਾ ਦਾ ਭਤੀਜਾ ਅਭਿਸ਼ੇਕ ਬੈਨਰਜੀ ਵੀ ਸ਼ਾਮਲ ਹੈ, ਹੋਰਨਾਂ ਕਈ ਵੱਖ-ਵੱਖ ਮਸਲਿਆਂ ਵਿਚ ਰੁੱਝੇ ਨਜ਼ਰ ਆਏ, ਜਿਨ੍ਹਾਂ 'ਚ ਵਿਨੇਸ਼ ਫੋਗਾਟ ਨਾਲ ਸਬੰਧਤ ਘਟਨਾਕ੍ਰਮ ਵੀ ਸ਼ਾਮਲ ਹੈ। ਦੀਦੀ ਆਪ ਵੀ, ਕਿਹਾ ਜਾ ਰਿਹਾ ਹੈ ਕਿ ਮਾਮਲੇ ਬਾਰੇ ਕੋਲਕਾਤਾ 'ਚ ਬਾਂਗਲਾ ਭਾਸ਼ਾ 'ਚ ਹੀ ਬੋਲੀ—- ਜੋ ਕਿ ਸੰਘਣੇ ਜੰਗਲ ਵਿਚ ਨੱਚ ਰਹੇ ਇਕ ਮੋਰ ਨੂੰ ਗਿਣਤੀ ਦੇ ਲੋਕਾਂ ਵੱਲੋਂ ਦੇਖਣ ਤੇ ਮਗਰੋਂ ਭੁੱਲ ਜਾਣ ਵਰਗਾ ਹੈ। ਉਦੋਂ ਤੱਕ ਚੀਜ਼ਾਂ ਕਾਬੂ ਤੋਂ ਬਾਹਰ ਹੋ ਚੁੱਕੀਆਂ ਸਨ। ਮੈਡੀਕਲ ਕਾਲਜ ਦੇ ਪ੍ਰਿੰਸੀਪਲ ਨੇ ਅਸਤੀਫ਼ਾ ਦੇ ਦਿੱਤਾ ਸੀ ਪਰ ਉਸ ਨੂੰ ਕੁਝ ਘੰਟਿਆਂ 'ਚ ਹੀ ਇਕ ਹੋਰ ਵੱਡੇ ਅਹੁਦੇ ਨਾਲ ਨਿਵਾਜ ਦਿੱਤਾ ਗਿਆ। ਅਫ਼ਵਾਹਾਂ ਕਿ ਪੁਲੀਸ ਨੇ ਇਸ ਕੇਸ ਨੂੰ ਖ਼ੁਦਕੁਸ਼ੀ ਦੱਸਿਆ ਹੈ (ਜਦਕਿ ਨਹੀਂ ਦੱਸਿਆ) ਜਾਂ ਕਿ ਉਨ੍ਹਾਂ ਮ੍ਰਿਤਕਾ ਦਾ ਉਸ ਦੇ ਮਾਪਿਆਂ ਨੂੰ ਦੱਸੇ ਬਿਨਾਂ ਸਸਕਾਰ ਕਰ ਦਿੱਤਾ ਹੈ (ਹਾਲਾਂਕਿ ਪਰਿਵਾਰ ਨੇ ਹੀ ਅੰਤਿਮ ਸਸਕਾਰ ਕੀਤਾ), ਨੇ ਜਾਣਕਾਰੀ 'ਚ ਪਈ ਤਰੇੜ ਨੂੰ ਹੋਰ ਵੱਡਾ ਕੀਤਾ। ਇਨ੍ਹਾਂ ਸਾਰੀਆਂ ਮਹਿਲਾ ਸੰਸਦ ਮੈਂਬਰਾਂ ਦੇ 'ਐਕਸ' ਅਕਾਊਂਟ, ਜੋ ਗਲਤ ਚੀਜ਼ਾਂ ਬਾਰੇ ਸਭ ਤੋਂ ਵੱਧ ਆਵਾਜ਼ ਉਠਾਉਂਦੇ ਹਨ, ਹੈਰਾਨੀਜਨਕ ਢੰਗ ਨਾਲ ਖਾਮੋਸ਼ ਸਨ। ਉਦੋਂ ਵੀ ਜਦ 14-15 ਅਗਸਤ ਦੀ ਕੁਤੱਤਣ ਭਰੀ ਰਾਤ ਨੂੰ ਅੱਧੇ ਤੋਂ ਵੱਧ ਕੋਲਕਾਤਾ ਸੜਕਾਂ 'ਤੇ ਸੀ, 'ਖੋਹੀ ਗਈ ਰਾਤ' ਵਾਪਸ ਮੰਗ ਰਿਹਾ ਸੀ, ਹਜ਼ਾਰਾਂ ਪੁਰਸ਼ ਤੇ ਔਰਤਾਂ ਨਿਆਂ ਤੇ ਸਲਾਮਤੀ ਦਾ ਅਧਿਕਾਰ ਮੰਗ ਰਹੇ ਸਨ, ਤ੍ਰਿਣਮੂਲ ਕਿਤੇ ਵੀ ਨਜ਼ਰ ਨਹੀਂ ਆਈ। ਉਨ੍ਹਾਂ ਦਾ ਗੁੱਸਾ, ਜਨੂੰਨ ਤੇ ਉਤਸ਼ਾਹ, ਜੋ ਅਕਸਰ ਲੋਕ ਸਭਾ ਗੁੰਜਣ ਲਾ ਦਿੰਦਾ ਹੈ, ਜਾਂ ਤਾਂ ਖ਼ਰਚ ਹੋ ਚੁੱਕਾ ਸੀ ਜਾਂ ਫੇਰ ਬਰਬਾਦ ਹੋ ਚੁੱਕਾ ਸੀ।

ਟੀਵੀ ਨੇ ਲੜਕੀ ਨੂੰ ਇਕ ਨਾਂ ਦਿੱਤਾ: ਅਭਯਾ, ਇਕ ਨਿਡਰ ਸ਼ਖ਼ਸੀਅਤ, ਜਿਸ ਨੇ 12 ਸਾਲ ਪਹਿਲਾਂ ਦਿੱਲੀ ਵਿਚ ਹੋਏ ਦਰਦਨਾਕ ਜਬਰ-ਜਨਾਹ ਦੀ ਪੀੜਤਾ ਨੂੰ ਦਿੱਤੇ ਗਏ ਨਾਂ 'ਨਿਰਭਯਾ' ਦਾ ਚੇਤਾ ਕਰਵਾ ਦਿੱਤਾ। ਹਰ ਕਿਸੇ ਨੂੰ ਯਾਦ ਹੈ ਕਿ 2012 ਦੀ ਉਹ ਸਰਦੀ ਕਿਵੇਂ ਦੀ ਸੀ, ਜਦ ਸ਼ੀਲਾ ਦੀਕਸ਼ਿਤ ਦੀ ਕਾਂਗਰਸ ਸਰਕਾਰ ਨੇ ਲੜਕੀ ਨੂੰ ਕਿਸੇ ਵੀ ਤਰ੍ਹਾਂ ਬਚਾਉਣ ਲਈ ਹੱਥ-ਪੈਰ ਮਾਰੇ ਸਨ। ਦੋ ਸਾਲ ਬਾਅਦ, ਕੇਂਦਰ ਵਿਚ ਮਨਮੋਹਨ ਸਿੰਘ ਦੀ ਸਰਕਾਰ ਸੱਤਾ ਤੋਂ ਬਾਹਰ ਹੋ ਗਈ ਤੇ ਭਾਜਪਾ ਲਈ ਰਾਹ ਪੱਧਰਾ ਹੋ ਗਿਆ।

ਬਹੁਤਿਆਂ ਨੇ ਕਿਹਾ ਕਿ ਨਿਰਭਯਾ ਨੇ ਇਕ ਰਾਜਨੀਤਕ ਪਾਰਟੀ ਦੀ ਕਿਸਮਤ ਦਾ ਰਾਹ ਖੋਲ੍ਹਿਆ ਹੈ। ਸਾਫ਼ ਤੌਰ 'ਤੇ, ਭਾਜਪਾ ਨੂੰ ਲੱਗਦਾ ਹੈ ਕਿ ਅਭਯਾ ਅੱਜ ਇਸ ਲਈ ਉਹ ਕਰ ਸਕਦੀ ਹੈ ਜੋ ਪ੍ਰਧਾਨ ਮੰਤਰੀ ਪਿਛਲੇ 10 ਸਾਲਾਂ 'ਚ ਕਰਨ ਵਿਚ ਨਾਕਾਮ ਰਹੇ ਹਨ, ਜੋ ਬੰਗਾਲ ਨੂੰ ਭਾਜਪਾ ਲਈ ਵੋਟ ਕਰਨ ਵਾਸਤੇ ਮਨਾਉਣਾ, ਜਾਂ ਘੱਟੋ-ਘੱਟ ਇਸ ਨੂੰ ਆਪਣੇ ਪੱਖ ਵਿਚ ਕਰਨਾ ਕਿਉਂਕਿ ਹਾਲੇ ਨੇੜ ਭਵਿੱਖ 'ਚ ਕੋਈ ਚੋਣ ਨਹੀਂ ਹੈ। ਹਾਲੀਆ ਲੋਕ ਸਭਾ ਚੋਣਾਂ 'ਚ ਮੁਕਾਬਲਤਨ ਕਮਜ਼ੋਰ ਉਮੀਦਵਾਰ ਕਿਸ਼ੋਰੀ ਲਾਲ ਸ਼ਰਮਾ ਤੋਂ ਅਮੇਠੀ ਸੀਟ ਹਾਰਨ ਮਗਰੋਂ ਸਮ੍ਰਿਤੀ ਇਰਾਨੀ ਨੇ ਪਹਿਲੀ ਵਾਰ ਟੀਵੀ ਸਕਰੀਨ 'ਤੇ ਵਾਪਸੀ ਕੀਤੀ ਹੈ, ਜਿਸ ਦਾ ਕੋਈ ਨਾ ਕੋਈ ਮਤਲਬ ਜ਼ਰੂਰ ਹੈ।

ਪਰ ਭਾਜਪਾ ਨੂੰ ਸ਼ਾਇਦ ਹਾਲੇ ਵੀ ਬੰਗਾਲ ਉਨ੍ਹਾਂ ਹਿੰਦੀ ਭਾਸ਼ਾਈ ਸੂਬਿਆਂ ਨਾਲੋਂ ਕੁਝ ਵੱਖਰਾ ਲੱਗੇ, ਜਿਨ੍ਹਾਂ ਨੂੰ ਜਿੱਤਣ ਦਾ ਇਸ ਨੂੰ ਤਜਰਬਾ ਹੈ। ਹਿੰਦੂਤਵ ਵੱਲ ਵਧਦੇ ਝੁਕਾਅ ਦੇ ਬਾਵਜੂਦ, ਅੱਜ ਕੋਲਕਾਤਾ ਦੀਆਂ ਸੜਕਾਂ 'ਤੇ ਦਿਖਦੀ ਲੋਕਾਂ ਦੀ ਨਾਰਾਜ਼ਗੀ ਭਾਜਪਾ ਬਾਰੇ ਘੱਟ, ਪਰ ਤ੍ਰਿਣਮੂਲ ਖ਼ਿਲਾਫ਼ ਵੱਧ ਹੈ, ਜਿਸ ਦੇ ਰਾਜ ਵਿਚ ਲੋਕ ਬੇਵਸ ਮਹਿਸੂਸ ਕਰ ਰਹੇ ਹਨ ਤੇ ਗੁੱਸਾ ਕੱਢ ਰਹੇ ਹਨ। ਇਹ ਦੀਦੀ ਹੈ, ਨਾ ਕਿ ਭਾਜਪਾ, ਜੋ ਬੰਗਾਲ ਦੀਆਂ ਮਹਿਲਾਵਾਂ ਨੂੰ ਆਪਣਾ ਪ੍ਰਮੁੱਖ ਹਮਾਇਤੀ ਮੰਨਦੀ ਹੈ ਤੇ ਉਨ੍ਹਾਂ ਕੋਲੋਂ ਵੋਟਾਂ ਮੰਗਦੀ ਹੈ। 14 ਅਗਸਤ ਨੂੰ, ਉਸ ਰਾਤ ਤੋਂ ਕੁਝ ਘੰਟੇ ਪਹਿਲਾਂ, ਜਦ ਇਕ ਭੀੜ ਨੇ ਘਟਨਾ ਵਾਲੇ ਹਸਪਤਾਲ ਦੀ ਭੰਨ੍ਹ-ਤੋੜ ਕੀਤੀ ਸੀ, ਸਾਓਨੀ ਘੋਸ਼ ਮਮਤਾ ਦੀ ਸਕੀਮ 'ਕੰਨਿਆਸ਼੍ਰੀ' ਦੀਆਂ ਸਿਫ਼ਤਾਂ ਕਰ ਰਹੀ ਸੀ, ਜੋ ਕਿ ਛੋਟੀਆਂ ਬੱਚੀਆਂ ਲਈ ਲਾਂਚ ਕੀਤੀ ਗਈ ਹੈ।

ਫ਼ਿਲਹਾਲ, ਮਮਤਾ ਤੇ ਤ੍ਰਿਣਮੂਲ ਕਾਂਗਰਸ, ਨਿਰੋਲ ਭ੍ਰਿਸ਼ਟਾਚਾਰ ਅਤੇ ਇਸ ਲਾਚਾਰੀ ਲਈ ਕੋਲਕਾਤਾ ਦੇ ਲੋਕਾਂ ਦੇ ਗੁੱਸੇ ਦਾ ਕੇਂਦਰ ਬਣੇ ਹੋਏ ਹਨ, ਜਿਹੜਾ ਹੁਣ ਸ਼ਹਿਰ ਤੇ ਰਾਜ ਤੋਂ ਬਾਹਰ ਫੈਲਣਾ ਸ਼ੁਰੂ ਹੋ ਗਿਆ ਹੈ। ਕੁਝ ਵੀ ਕੰਮ ਆਉਂਦਾ ਨਹੀਂ ਜਾਪਦਾ, ਨਾ ਹੀ ਕੁਝ ਬਦਲਦਾ ਲੱਗ ਰਿਹਾ ਹੈ। ਜੇਕਰ ਇਹ ਵਿਆਪਕ ਗੁੱਸਾ ਬੰਗਾਲ ਦੇ ਹੋਰਨਾਂ ਹਿੱਸਿਆਂ ਵਿਚ ਫੈਲ ਗਿਆ, ਤਾਂ ਮਮਤਾ ਜਾਣਦੀ ਹੈ ਕਿ ਕੀ ਹੋ ਸਕਦਾ ਹੈ—- ਇਹ ਪਹਿਲਾਂ ਵੀ ਹੋ ਚੁੱਕਾ ਹੈ, 2007 ਵਿਚ ਨੰਦੀਗ੍ਰਾਮ 'ਚ, ਜਦ ਸੀਪੀਐਮ ਨੇ ਉਦੋਂ ਸੱਤਾ ਵਿਚ ਹੁੰਦਿਆਂ ਜ਼ਮੀਨੀ ਪੱਧਰ 'ਤੇ ਨਾਰਾਜ਼ਗੀਆਂ ਨੂੰ ਸੁਣਨ ਤੋਂ ਮੂੰਹ ਮੋੜ ਲਿਆ ਤੇ ਕੁਝ ਸਾਲਾਂ ਬਾਅਦ ਸੱਤਾ ਤੋਂ ਬਾਹਰ ਹੋ ਗਈ—- ਤੇ ਇਸ ਗੁੱਸੇ ਦਾ ਲਾਭ ਮਮਤਾ ਨੂੰ ਹੀ ਮਿਲਿਆ।

ਇਸੇ ਲਈ ਮਮਤਾ ਨੇ ਸ਼ੁੱਕਰਵਾਰ ਕੋਲਕਾਤਾ ਵਿਚ ਆਪਣੀਆਂ ਸਭ ਤੋਂ ਮੋਹਰੀ ਸੰਸਦ ਮੈਂਬਰਾਂ ਤੇ ਮਹਿਲਾ ਵਿਧਾਇਕਾਂ ਨਾਲ ਮਾਰਚ ਦੀ ਅਗਵਾਈ ਕੀਤੀ ਹੈ। ਇਨ੍ਹਾਂ ਸਾਰੀਆਂ ਔਰਤਾਂ ਨੂੰ ਪਤਾ ਹੈ ਕਿ ਉਨ੍ਹਾਂ ਨੂੰ ਬੰਗਾਲ ਲਈ ਮੁੜ ਲੜਾਈ ਲੜਨੀ ਪਏਗੀ, ਕਿ ਜੇ ਉਹ ਨਹੀਂ ਲੜਦੀਆਂ- ਤਾਂ ਮਹੂਆ ਮੋਇਤਰਾ ਦੇ ਹੋਣ ਦੇ ਬਾਵਜੂਦ —- ਤ੍ਰਿਣਮੂਲ ਕਾਂਗਰਸ ਦੀਆਂ ਇਨ੍ਹਾਂ ਸੰਸਦ ਮੈਂਬਰਾਂ ਉਤੇ ਬੰਗਾਲ ਦੀਆਂ 'ਲਾਪਤਾ ਲੇਡੀਜ਼' (ਗੁੰਮਸ਼ੁਦਾ ਔਰਤਾਂ) ਤੇ ਇਸ ਦੀਆਂ 'ਗੁੰਗੀਆਂ ਗੁੱਡੀਆਂ' ਕਹਾਉਣ ਦਾ ਖ਼ਤਰਾ ਮੰਡਰਾਉਂਦਾ ਰਹੇਗਾ।

ਲੇਖਕ : ਪ੍ਰਿੰਸੀਪਲ ਵਿਜੈ ਕੁਮਾਰ, ਸੰਪਰਕ: 98726-27136

# ਜੇਕਰ ਸੱਚ ਬੋਲਣਾ ਹੈ




ਸੱਚ, ਸੱਚ ਹੀ ਹੁੰਦਾ ਹੈ ਤੇ ਝੂਠ, ਝੂਠ ਹੀ ਹੁੰਦਾ ਹੈ। ਆਖ਼ਰ ਜਿੱਤ ਤਾਂ ਸੱਚ ਦੀ ਹੀ ਹੁੰਦੀ ਹੈ। ਝੂਠ ਨੂੰ ਇੱਕ ਦਿਨ ਹਾਰਨਾ ਹੀ ਪੈਂਦਾ ਹੈ। ਅਖੀਰ 'ਚ ਝੂਠ ਨੂੰ ਮੂੰਹ ਲਕਾਉਣ ਨੂੰ ਥਾਂ ਨਹੀਂ ਲੱਭਦੀ, ਪਰ ਅਜੋਕੇ ਯੁੱਗ ਵਿੱਚ ਸੱਚ ਅਤੇ ਝੂਠ ਬਾਰੇ ਜ਼ਿੰਦਗੀ ਦੀ ਧਰਤ ਉੱਤੇ ਹਕੀਕਤ ਕੁਝ ਹੋਰ ਹੀ ਹੈ। ਝੂਠ ਨੂੰ ਹਰਾਉਣ ਲਈ ਸੱਚ ਆਪ ਟੁੱਟ ਕੇ ਰਹਿ ਜਾਂਦਾ ਹੈ। ਜਿਹੜੇ ਲੋਕ ਸੱਚ ਦੀ ਮਸ਼ਾਲ ਲੈ ਕੇ ਅੱਗੇ ਹੋ ਕੇ ਤੁਰਦਿਆਂ ਲੋਕਾਂ ਨੂੰ ਸੱਚ ਦਾ ਹੋਕਾ ਦੇਣ ਦਾ ਯਤਨ ਕਰਦੇ ਹਨ, ਕਈ ਵਾਰ ਲੋਕ ਉਨ੍ਹਾਂ ਤੋਂ ਮੂੰਹ ਫੇਰ ਲੈਂਦੇ ਹਨ। ਉਹ ਖ਼ੁਦ ਇੱਕਲੇ ਹੀ ਰਹਿ ਜਾਂਦੇ ਹਨ। ਹੁਣ ਸਵਾਲ ਇਹ ਹੈ ਕਿ ਜੇਕਰ ਸੱਚ ਐਨਾ ਹੀ ਚੰਗਾ ਹੈ ਤਾਂ ਲੋਕ ਸੱਚ ਸੁਣਨਾ ਕਿਉਂ ਨਹੀਂ ਚਾਹੁੰਦੇ? ਲੋਕਾਂ ਨੂੰ ਝੂਠ ਬੋਲਣ 'ਚ ਆਪਣਾ ਫ਼ਾਇਦਾ ਕਿਉਂ ਲੱਗਦਾ ਹੈ? ਅਜੋਕੇ ਯੁੱਗ ਵਿੱਚ ਝੂਠ ਦੀ ਵੁੱਕਤ ਕਾਰਨ ਹੀ ਤਾਂ ਮਰਹੂਮ ਸ਼ਾਇਰ ਸੁਰਜੀਤ ਪਾਤਰ ਨੂੰ ਇਹ ਲਿਖਣ ਲਈ ਮਜਬੂਰ ਹੋਣਾ ਪਿਆ ਕਿ 'ਏਨਾ ਸੱਚ ਨਾ ਬੋਲ ਕਿ 'ਕੱਲਾ ਰਹਿ ਜਾਵੇਂ/ ਚਾਰ ਕੁ ਬੰਦੇ ਛੱਡ ਲੈ ਮੋਢਾ ਦੇਣ ਲਈ'। ਇਹ ਗੱਲ ਆਮ ਹੀ ਸੁਣਨ ਨੂੰ ਮਿਲਦੀ ਹੈ ਕਿ ਜੇਕਰ ਕਿਸੇ ਦਾ ਕੋਈ ਦੁਸ਼ਮਣ ਨਹੀਂ ਹੈ ਤਾਂ ਉਹ ਸੱਚ ਬੋਲਣਾ ਸ਼ੁਰੂ ਕਰ ਦੇਵੇ। ਲੋਕ ਚਾਹੁੰਦੇ ਹਨ ਕਿ ਦੇਸ਼ ਨੂੰ ਚਲਾਉਣ ਵਾਲੇ ਸਿਆਸੀ ਨੇਤਾ ਸੱਚੇ ਪੱਕੇ ਹੋਣ, ਪਰ ਉਹੀ ਲੋਕ ਸੱਚੇ ਪੱਕੇ ਅਤੇ ਇਮਾਨਦਾਰ ਨੇਤਾਵਾਂ ਨੂੰ ਹਰਾ ਦਿੰਦੇ ਹਨ। ਇੱਕ ਸੂਬੇ ਦੇ ਉਸ ਵਿਧਾਇਕ ਨੂੰ ਲੋਕਾਂ ਨੇ ਚੋਣਾਂ 'ਚ ਦੂਜੀ ਵਾਰ ਹਰਾ ਦਿੱਤਾ ਜਿਸ ਨੇ ਸਰਕਾਰੀ ਗੱਡੀ ਛੱਡ ਦਿੱਤੀ ਸੀ, ਕੋਈ ਸੁਰੱਖਿਆ ਨਹੀਂ ਲਈ ਸੀ। ਉਸ ਉੱਤੇ ਸਰਕਾਰੀ ਪੈਸਾ ਖਾਣ ਦਾ ਕੋਈ ਇਲਜ਼ਾਮ ਵੀ ਨਹੀਂ ਸੀ। ਉਹ ਕਿਸੇ ਦਾ ਕੰਮ ਕਰਵਾਉਣ ਲਈ ਰਾਜਧਾਨੀ ਗੱਡੀ ਵਿੱਚ ਨਹੀਂ ਸਗੋਂ ਸਰਕਾਰੀ ਬੱਸ ਵਿੱਚ ਜਾਂਦਾ ਸੀ, ਕਿਸੇ ਤੋਂ ਕਦੇ ਚਾਹ ਦਾ ਕੱਪ ਤੱਕ ਨਹੀਂ ਪੀਂਦਾ ਸੀ। ਉਸ ਦੀ ਮੌਤ ਤੋਂ ਬਾਅਦ ਉਸ ਦਾ ਘਰ ਢਹਿ-ਢੇਰੀ ਹੋਇਆ ਪਿਆ ਹੈ।

ਕਹਿਣ ਨੂੰ ਤਾਂ ਸੱਚ ਨੂੰ ਆਂਚ ਨਹੀਂ ਆਉਂਦੀ। ਸੱਚੇ ਲੋਕਾਂ ਦੀ ਕਦਰ ਹੁੰਦੀ ਹੈ, ਪਰ ਸੱਚ ਉੱਤੇ ਖੜ੍ਹੇ ਰਹਿਣ ਵਾਲੇ ਅਫਸਰਾਂ ਦੀਆਂ ਇਨਕੁਆਇਰੀਆਂ ਖੁੱਲ੍ਹਦੀਆਂ ਹਨ। ਉਨ੍ਹਾਂ ਦੀਆਂ ਬਦਲੀਆਂ ਤੇ ਮੁਅੱਤਲੀਆਂ ਵੀ ਹੁੰਦੀਆਂ ਹਨ। ਉਨ੍ਹਾਂ ਦੀਆਂ ਤਰੱਕੀਆਂ ਵੀ ਰੋਕੀਆਂ ਜਾਂਦੀਆਂ ਹਨ। ਸੁਣਨ ਨੂੰ ਇਹ ਕਾਫ਼ੀ ਚੰਗਾ ਲੱਗਦਾ ਹੈ ਕਿ ਸੱਚਾਈ ਦੇ ਰਾਹ ਉੱਤੇ ਭੀੜ ਨਹੀਂ ਹੁੰਦੀ ਕਿਉਂਕਿ ਸੱਚ ਦੇ ਰਾਹ 'ਤੇ ਵਿਰਲੇ ਲੋਕ ਹੀ ਚੱਲਦੇ ਹਨ। ਸੱਚ ਬੋਲਣ ਲਈ ਹਿੰਮਤ ਹੋਣੀ ਚਾਹੀਦੀ ਹੈ। ਹਰ ਕੋਈ ਸੱਚ ਵੀ ਨਹੀਂ ਬੋਲ ਸਕਦਾ। ਸੱਚ ਬੋਲਣ ਦੀ ਗੱਲ ਤਾਂ ਦੂਰ ਰਹੀ ਜਦੋਂ ਸੱਚ ਬੋਲਣ ਵਾਲੇ ਦਾ ਸਾਥ ਦੇਣ ਦੀ ਨੌਬਤ ਆਉਂਦੀ ਹੈ ਤਾਂ ਲੋਕ ਬੁਰਾ ਬਣਨ ਨਾਲੋਂ ਚੁੱਪ ਰਹਿਣਾ ਬਿਹਤਰ ਸਮਝਦੇ ਹਨ। ਲੋਕ ਤਮਾਸ਼ਾ ਵੇਖਣ ਲੱਗ ਪੈਂਦੇ ਹਨ। ਸੱਚ ਦੇ ਰਾਹ ਉੱਤੇ ਚੱਲਣ ਵਾਲਿਆਂ ਦੇ ਜਿਉਂਦੇ ਰਹਿੰਦਿਆਂ ਲੋਕ ਉਨ੍ਹਾਂ ਦੀ ਆਲੋਚਨਾ ਕਰਦੇ ਹਨ, ਵਿਰੋਧ ਕਰਦੇ ਹਨ ਪਰ ਮਰਨ ਮਗਰੋਂ ਉਨ੍ਹਾਂ ਦਾ ਜਸ ਗਾਉਂਦੇ ਨਹੀਂ ਥੱਕਦੇ। ਹਿੰਦੀ ਭਾਸ਼ਾ ਦਾ ਪ੍ਰਸਿੱਧ ਲੇਖਕ ਮੁਨਸ਼ੀ ਪ੍ਰੇਮ ਚੰਦ ਸੱਚ ਦੀ ਗੱਲ ਕਰਦਾ ਹੋਇਆ ਸਾਰੀ ਉਮਰ ਗ਼ਰੀਬੀ ਭੋਗਦਾ ਰਿਹਾ। ਸਾਰੀ ਉਮਰ ਉਹ ਨਾ ਤਾਂ ਚੰਗਾ ਖਾ ਸਕਿਆ ਤੇ ਨਾ ਹੀ ਚੰਗਾ ਪਹਿਨ ਸਕਿਆ। ਉਸ ਦੇ ਮਰਨ ਮਗਰੋਂ ਉਸ ਦੇ ਸਾਹਿਤ ਉੱਤੇ ਖੋਜ ਹੋ ਰਹੀ ਹੈ।

ਸੱਚ ਸਭ ਨੂੰ ਚੰਗਾ ਲੱਗਦਾ ਹੈ, ਝੂਠ ਸਭ ਨੂੰ ਬੁਰਾ ਲੱਗਦਾ ਹੈ। ਫਿਰ ਵੀ ਸੱਚ ਸੁਣਨਾ ਕੋਈ ਨਹੀਂ ਚਾਹੁੰਦਾ। ਜਦੋਂ ਆਪ ਨੂੰ ਫ਼ਾਇਦਾ ਹੁੰਦਾ ਹੋਵੇ ਤਾਂ ਸਾਨੂੰ ਸੱਚ ਚੰਗਾ ਲੱਗਦਾ ਹੈ ਪਰ ਜਦੋਂ ਗੱਲ ਦੂਜੇ ਦੇ ਹੱਕ ਦੀ ਹੋਵੇ ਤਾਂ ਅਸੀਂ ਝੂਠ ਦਾ ਸਹਾਰਾ ਲੈਣ ਲਈ ਤਿਆਰ ਹੋ ਜਾਂਦੇ ਹਾਂ। ਸੁਧਾਰ ਦੀਆਂ ਗੱਲਾਂ ਸੁਣਨ ਨੂੰ ਸਭ ਨੂੰ ਚੰਗੀਆਂ ਲੱਗਦੀਆਂ ਹਨ, ਪਰ ਅਸੀਂ ਸੁਧਾਰ ਦੂਜਿਆਂ 'ਚ ਹੀ ਵੇਖਣਾ ਚਾਹੁੰਦੇ ਹਾਂ ਆਪਣੇ ਆਪ ਵਿੱਚ ਨਹੀਂ। ਜੇਕਰ ਸੁਧਾਰ ਹੋਣ ਨਾਲ ਆਪਣੇ ਆਪ ਨੂੰ ਨੁਕਸਾਨ ਪਹੁੰਚਦਾ ਹੋਵੇ ਤਾਂ ਸਾਨੂੰ ਸੁਧਾਰ ਕਰਨ ਵਾਲਾ ਆਪਣਾ ਦੁਸ਼ਮਣ ਨਜ਼ਰ ਆਉਣ ਲੱਗਦਾ ਹੈ।

ਇੱਕ ਉੱਚ ਅਧਿਕਾਰੀ ਨੇ ਆਪਣੀ ਸਾਰੀ ਨੌਕਰੀ ਦੌਰਾਨ ਸੱਚ ਉੱਤੇ ਪਹਿਰਾ ਦਿੱਤਾ। ਉਸ ਨੇ ਨਾ ਕਿਸੇ ਦੀ ਸਿਫ਼ਾਰਸ਼ ਮੰਨੀ ਤੇ ਨਾ ਹੀ ਆਪਣੇ ਅਸੂਲਾਂ ਨਾਲ ਸਮਝੌਤਾ ਕੀਤਾ। ਉਹ ਸਾਰੀ ਨੌਕਰੀ ਦੌਰਾਨ ਇੱਕ ਸਟੇਸ਼ਨ ਉੱਤੇ ਇੱਕ ਸਾਲ ਤੋਂ ਵੱਧ ਨਹੀਂ ਟਿਕ ਸਕਿਆ। ਉਸ ਦੀ ਸੇਵਾਮੁਕਤੀ ਦੀ ਵਿਦਾਇਗੀ ਪਾਰਟੀ 'ਚ ਉਸ ਦੇ ਦਫ਼ਤਰ ਦੇ ਅੱਧੇ ਬੰਦੇ ਸ਼ਾਮਿਲ ਨਹੀਂ ਹੋਏ, ਪਰ ਉਸ ਦੇ ਸੇਵਾਮੁਕਤ ਹੋਣ ਤੋਂ ਬਾਅਦ ਉਹ ਉਸ ਦੀ ਸਚਾਈ ਦੇ ਗੁਣ ਗਾਉਂਦੇ ਸਾਹ ਨਾ ਲੈਣ। ਅਜੋਕੇ ਸਮੇਂ 'ਚ ਸ਼ਾਇਦ ਮੂੰਹ ਬੰਦ ਅਤੇ ਬਟੂਏ ਦਾ ਮੂੰਹ ਖੁੱਲ੍ਹਾ ਰੱਖ ਕੇ ਜ਼ਿੰਦਗੀ ਜਿਉਣ ਵਾਲੇ ਬਜ਼ੁਰਗ ਕੁਝ ਚੰਗੀ ਜ਼ਿੰਦਗੀ ਜਿਉਂਦੇ ਹਨ। ਆਪਣੀ ਔਲਾਦ ਨੂੰ ਸੱਚੀਆਂ ਗੱਲਾਂ ਕਹਿ ਕੇ ਨਸੀਹਤ ਦੇਣ ਵਾਲੇ ਬਜ਼ੁਰਗ ਬਹੁਤ ਛੇਤੀ ਬਿਰਧ ਆਸ਼ਰਮਾਂ ਵਿੱਚ ਪਹੁੰਚ ਜਾਂਦੇ ਹਨ।

ਦਿਖਾਵੇ ਵਾਲਾ ਸੱਚ ਝੂਠ ਤੋਂ ਵੀ ਭੈੜਾ ਹੁੰਦਾ ਹੈ। ਜੇਕਰ ਸੱਚ ਬੋਲ ਕੇ ਇਕੱਲਾ ਵੀ ਰਹਿਣਾ ਪਵੇ ਤਾਂ ਉਹ ਝੂਠਿਆਂ ਦੀ ਫ਼ੌਜ ਨਾਲੋਂ ਚੰਗਾ ਹੁੰਦਾ ਹੈ। ਝੂਠਿਆਂ ਦੀ ਕਦਰ ਸਿਰਫ਼ ਥੋੜ੍ਹੇ ਸਮੇਂ ਲਈ ਮੂੰਹ ਉੱਤੇ ਹੀ ਹੁੰਦੀ ਹੈ, ਪਰ ਸੱਚੇ ਦੀ ਕਦਰ ਮਨੋਂ ਹੁੰਦੀ ਹੈ। ਸੱਚ ਭਾਵੇਂ ਕੌੜਾ ਹੁੰਦਾ ਹੈ, ਪਰ ਸਦੀਵੀ ਹੁੰਦਾ ਹੈ। ਝੂਠ ਦੂਜਿਆਂ ਦਾ ਮਨ ਅਤੇ ਵਿਸ਼ਵਾਸ ਨਹੀਂ ਜਿੱਤ ਸਕਦਾ, ਪਰ ਸੱਚੇ ਉੱਤੇ ਉਸ ਦੇ ਵਿਰੋਧੀ ਵੀ ਯਕੀਨ ਕਰਦੇ ਹਨ।






# ਗੱਲ ਏਹ ਨੀ

ਗੱਲ ਏਹ ਨੀਬੀ ਤੁਸੀਂ ਤੜਕੇ ਕਿੰਨੇ ਵਜੇ ਉੱਠੇਜਾਂ ਨਹਾ ਕੇ ਤਿੰਨ ਤੋਂ ਛੇ ਤੱਕ ਰੱਬ ਦਾ ਨੌਂ ਲਿਆਗੱਲ ਏਹ ਆ ਬੀ ਛੇ ਵਜੇ ਤੋਂ ਰਾਤ ਦੇ ਨੌਂ ਵਜੇ ਤੱਕ ਤੂੰ ਕਿਮੇ ਸੀ..ਕੀ ਕੀਤਾ ? ?ਮਸਲਾ ਏਹਨੇ ਨਬੇੜਨਾਗੱਲ ਏਹ ਨੀਤੂੰ ਗੁਰੂਦੁਆਰੇ ਜਾਂ ਮੰਦਰ ਜਾ ਕੇ ਕਿੰਨਾ ਮਿੱਠਾ ਬੋਲਦਾ ਏਂਕਿੰਨਾ ਜੀ ਜੀ ਕਰਦਾ ਏਂਗੱਲ ਏਹ ਆ ਬੀ ਕਿਸੇ ਆਪ ਤੋਂ ਮਾੜੇ ਗਰੀਬ ਤੇ ਮੈਲ਼ੇ ਕੱਪੜਿਆਂ ਆਲ਼ੇ ਨਾਲ਼ ਤੇਰੀ ਬੋਲਚਾਲ ਕਿਮੇ ਆ.???..ਗੱਲ ਏਹ ਨੀਕਿ ਤੂੰ ਗੋਲਕ ਚ ਕਿੱਡਾ ਨੋਟ ਪਾਇਆ ਏਗੱਲ ਏਹ ਆ ਬੀ ਗੁਰੂਦੁਆਰੇ ਆਉਣ ਲੱਗੇਜਿਹੜਾ ਰਿਕਸ਼ੇ ਆਲ਼ਾ ਤੈਨੂੰ ਲੈਕੇ ਆਇਆਓਹਨੇ ਤੀਹ ਮੰਗੇ ਸੀਤੂੰ ਵੀਹ ਦੇਣ ਲੱਗੇ ਬੀ ਕਿੰਨਾ ਕੁਜ ਸਣਾਇਆ ਓਹਨੂੰ।

ਗੱਲ ਏਹ ਨੀ ਕਿ ਤੂੰ ਕਮਾਈ ਕਿੰਨੀ ਕੀਤੀ ਗੱਲ ਏਹ ਆ..ਤੈਨੂੰ ਪਿਆਰ ਕਿੰਨੇ ਕਰਦੇ ਨੇ ਕਿੰਨਿਆਂ ਦਾ ਤੈਨੂੰ ਮਿਲਣ ਨੂੰ..ਤੇਰੀਆਂ ਗੱਲਾਂ ਸੁਣਨ ਨੂੰ ਜੀਅ ਕਰਦੈਕਿੰਨੇ ਬੂਹੇ ਤੇਰੀ ਉਡੀਕ ਚ ਖੁੱਲੇ ਨੇ???ਗੱਲ ਏਹ ਨੀ ਕਿ ਤੇਰੇ ਕੋਲ਼ ਗੱਡੀ ਕਿੱਡੀ ਐਗੱਲ ਏਹ ਆਕਿਤੇ ਮੀਂਹ ਪੈਂਦੇ ਚ..ਕਿਸੇ ਭਿੱਜਦੇ ਨੂੰ ਤੂੰ ਗੱਡੀ ਚ ਬਹਾਕੇ ਮੰਜਲ ਤੇ ਛੱਡਿਐ??ਗੱਲ ਏਹ ਨੀਕਿ ਤੇਰੀ ਗੱਡੀ ਭੱਜਦੀ ਕਿੰਨੀ ਐਗੱਲ ਏਹ ਆ..ਕਿ ਕਿਤੇ ਪਾਣੀ ਕੋਲ਼ੋਂ ਲੰਘਦੇ ਟੈਮਸਾਮਣੇ ਸੈਕਲ ਤੇ ਕਿਸੇ ਬੇਬਸ ਬੰਦੇ ਨੂੰ ਆਉਂਦੇ ਦੇਖ ਕੇ ਤੂੰ ਗੱਡੀ ਹੌਲ਼ੀ ਕਿੰਨੀ ਲੰਘਾਈਬੀ ਕਿਤੇ ਛਿੱਟੇ ਨਾਂ ਪੈ ਜਾਣ ਬਾਈ ਤੇ.!! ਗੱਲ ਏਹ ਨੀ ਕਿ ਤੂੰ ਮਾਸ ਜਾਂ ਮੀਟ ਖਾਨਾ ਕਿ ਨਹੀਂ ਖਾਂਦਾ ਗੱਲ ਏਹ ਆ ਤੂੰ ਖ਼ੂਨ ਕਿੰਨੇ ਲੋਕਾਂ ਦਾ ਪੀਨੈ ਰੋਜ।

ਗੱਲ ਏਹ ਨੀਕਿ ਥੋਡੇ ਪਿੰਡ ਧਾਰਮਕ ਸਥਾਨ ਕਿੰਨੀ ਜਮੀਨ ਚ ਬਣਿਐ..ਜਾਂ ਓਥੇ ਸਵੇਰੇ ਚਿੱਟੇ ਕੁੜਤੇ ਪਜਾਮੇ ਪਾਕੇ ਕਿੰਨੇ ਜਾਣੇ ਆਉਂਦੇ ਨੇ ਗੱਲ ਏਹ ਆ ਕਿ ਉਨਾਂ ਆਉਣ ਆਲ਼ਿਆਂ ਚੋਂ ਸ਼ਾਮਲਾਤ ਦੀ ਜਮੀਨ ਕਿੰਨਿਆਂ ਨੇ ਦੱਬੀ ਐ ਉਹ ਕਿੰਨੇ ਨੇ ਜਿਨਾਂ ਸਾਂਝੀ ਪਹੀ ਭੋਰਾ ਭੋਰਾ ਕਰ ਵਾਹ ਕੇ ਆਪਣੇ ਖੇਤ ਚ ਰਲ਼ਾ ਲੀ ।ਗੱਲ ਏਹ ਨੀ ਕਿ ਤੇਰੇ ਡੌਲ਼ਿਆਂ ਚ ਜਾਨ ਕਿੰਨੀ ਐ ।ਗੱਲ ਏਹ ਆ ਕਿ ਕਦੇ ਕਿਸੇ ਗਰੀਬ ਦੇ ਹੱਕ ਲਈ..ਕਿਸੇ ਤਾਕਤਵਰ ਦੇ ਵਿਰੁੱਧ ਆਪਣਾ ਦਮ ਦਿਖਾਇਐ..???.ਗੱਲ ਏਹ ਨੀ ਕਿ ਤੂੰ ਹਫਤੇ ਬਾਦ ਕੇਹੜੇ ਵੱਡੇ ਹੋਟਲ ਚ ਚੈੱਕ ਇਨ ਪਾ ਕੇ ਲੰਚ ਕਰਦੈਂ.ਗੱਲ ਏਹ ਆ ਬੀ ਪਿੰਡ ਸੈਕਲ ਤੇ ਗਰਮੀ ਚ ਪੰਦਰਾਂ ਰਪਈਏ ਕਿੱਲੋ ਸਬਜੀ ਵੇਚਣ ਆਲ਼ੇ ਨੂੰ ਤੂੰ ਅੱਖਾਂ ਦਖਾ ਕੇ ਵੀਹ ਦੀ ਦੋ ਕਿੱਲੋ ਕਿਮੇ ਪਵੌਨੈਂ!!!

ਗੱਲ ਏਹ ਨੀ ਕਿ ਤੂੰ ਪੈਸੇ ਕਿੰਨੇ ਕਮਾਏਗੱਲ ਏਹ ਆ ਕਿ ਤੂੰ ਰਿਸ਼ਤੇ ਕਿਮੇ ਨਿਭਾਏ??..ਗੱਲ ਏਹ ਨੀ ਤੂੰ ਕੇਹੜੇ ਮੁਲਕ ਚ ਸੈਟਲ ਹੋ ਗਿਆ ਗੱਲ ਏਹ ਆ..ਜੇਹੜੀ ਮਿੱਟੀ ਚ ਤੂੰ ਜੰਮਿਆ ਪਲ਼ਿਆ ਓਹਦੇ ਲਈ ਤੂੰ ਕੀ ਕੀਤਾ??ਗੱਲ ਏਹ ਨੀ ਕਿ ਤੇਰੀ ਕੋਠੀ ਦੇ ਹਰੇਕ ਕਮਰੇ ਚ ਅਲੱਗ ਰੰਗ ਨੇ ਗੱਲ ਏਹ ਆ..ਕਿ ਕੀ ਤੂੰ ਕਦੇ ਕੁਦਰਤ ਦੇ ਰੰਗਾਂ ਨੂੰ ਮਾਣਿਐ ਮੁਹੱਬਤਾਂ ਕੀਤੀਆਂਫੁੱਲਾਂ ਨਾਲ਼ ਹੱਸਿਐਂ ਕਦੇ??? ਗੱਲ ਏਹ ਨੀ ਕਿ ਤੇਰੀ ਉਮਰ ਕਿੰਨੀ ਐਸਵਾਲ ਤੇ ਏਹ ਆਬੀ ਤੂੰ ਕਦੇ ਜੀਅ ਕੇ ਦੇਖਿਐ??????

–ਬਾਗੀ ਸੁਖਦੀਪ

## ਆਓ ਚਿੜੀਓ

ਮੇਰੀ ਛੱਤ ਤੇ ਆਓ ਚਿੜੀਓ।
ਦਾਣਾ ਪਾਣੀ ਵੀ ਖਾਓ ਚਿੜੀਓ॥
ਮੈਂ ਹਾਂ ਨਿੱਕੀ ਜਿਹੀ ਇੱਕ ਬੱਚੀ।
ਮੇਰਾ ਮਨ ਬਹਿਲਾਓ ਚਿੜੀਓ॥
ਚੀਂ-ਚੀਂ ਵਾਲਾ ਗੀਤ ਸੁਣਾ ਕੇ ।
ਮੈਨੂੰ ਜ਼ਰਾ ਹਸਾਓ ਚਿੜੀਓ॥
ਇਧਰ ਉਧਰ ਨਾ ਉਡੋ ਹੁਣ।
ਜ਼ਰਾ ਕੁ ਤਾਂ ਬਹਿ ਜਾਓ ਚਿੜੀਓ॥
ਮੈਂ ਵੀ ਹਾਂ ਤੁਹਾਡੀ ਸਾਥਣ।
ਮੈਥੋਂ ਨਾ ਘਬਰਾਓ ਚਿੜੀਓ॥
ਅੱਤ ਦੀ ਪਈ ਗਰਮੀ ਤੜਫਾਵੇ।
ਸਾਹ ਤਾਂ ਲੈਂਦੀਆ ਜਾਓ ਚਿੜੀਓ॥
ਖੇਡੀਏ ਆਪਾ ਰਲ ਮਿਲ ਕੇ।
ਸਹੇਲੀਆ ਨੂੰ ਲਿਆਓ ਚਿੜੀਓ॥
ਧਰਤੀ ਤੋਂ ਅੰਬਰ ਦੀ ਉਡਾਰੀ
ਨਾਲ ਮੈਨੂੰ ਲੈ ਜਾਓ ਚਿੜੀਓ॥
ਵਿਵੇਕ ਵੀ ਥੋੜ੍ਹਾ ਪੁੰਨ ਖੱਟੇ।
ਚੋਗ ਚੁਗ ਕੇ ਜਾਓ ਚਿੜੀਓ॥

**ਵਿਵੇਕ**

## ਸ਼ਬਦ ਲੱਭੋ

ਕੀ ਤੁਸੀਂ ਹੇਠਾਂ ਦਿੱਤੇ ਗਏ ਸ਼ਬਦ ਚਿੱਤਰ 'ਚ ਦਿੱਤੇ ਗਏ ਸ਼ਬਦਾਂ ਦਾ ਪਤਾ ਲੱਗਾ ਸਕਦੇ ਹੋ...?

| | | | | | | | | | |
|---|---|---|---|---|---|---|---|---|---|
| D | P | T | A | P | P | U | D | C | A |
| O | I | I | S | G | N | I | D | E | K |
| N | E | U | T | C | U | P | B | T | E |
| U | T | C | R | L | O | C | A | Z | R |
| B | I | S | Y | F | A | A | G | E | P |
| C | H | A | L | L | A | K | U | L | E |
| B | R | E | A | D | H | E | E | T | T |
| U | F | F | I | N | C | R | O | I | S |
| M | B | A | C | O | O | T | N | A | S |
| L | E | G | E | I | K | P | I | T | A |

Find all the words from the word list (ignore spaces and dashes):

| | |
|---|---|
| BAGEL | DONUT |
| BAGUETTE | LOAF |
| BISCUIT | MUFFIN |
| BREAD | PASTRY |
| CAKE | PIE |
| CHALLAH | PITA |
| COOKIE | PRETZEL |
| CROISSANT | PUDDING |
| CUPCAKE | |



## 291 ਪੁਲਾਂ ਅਤੇ 91 ਸੁਰੰਗਾਂ 'ਚੋਂ ਹੋ ਕੇ ਲੰਘਦੀ ਹੈ ਇਹ ਗਲੇਸ਼ੀਅਰ ਐਕਸਪ੍ਰੈੱਸ

ਇਹ ਫੋਟੋ ਸਵਿਟਜ਼ਰਲੈਂਡ ਵਿੱਚ ਜਰਮਟ ਅਤੇ ਮੋਰਟਿਜ ਦੇ ਵਿੱਚ ਚਲਣ ਵਾਲੀ ਗਲੇਸ਼ੀਅਰ ਐਕਸਪ੍ਰੈੱਸ ਦੀ ਹੈ। ਰਫ਼ਤਾਰ ਦੇ ਮਾਮਲੇ ਵਿੱਚ ਇਸਨੂੰ ਦੁਨੀਆ ਦੀ ਸਭ ਤੋਂ ਹੌਲੀ ਚੱਲਣ ਵਾਲੀ ਐਕਸਪ੍ਰੇਸ ਟ੍ਰੇਨ ਮੰਨਿਆ ਜਾਂਦਾ ਹੈ, ਜੋ ਕਿ 291 ਕਿਲੋਮੀਟਰ ਦੀ ਦੂਰੀ ਨੂੰ ਅੱਠ ਘੰਟੇ ਵਿੱਚ ਤੈਅ ਕਰਦੀ ਹੈ। ਐਲਪਸ ਦੀਆਂ ਖ਼ੂਬਸੂਰਤ ਪਹਾੜੀਆਂ ਦੀ ਆਪਣੀ ਇਸ ਯਾਤਰਾ ਵਿੱਚ ਇਹ ਟ੍ਰੇਨ 291 ਪੁਲਾਂ ਅਤੇ 91 ਸੁਰੰਗਾਂ 'ਚੋਂ ਹੋ ਕੇ ਲੰਘਦੀ ਹੈ। ਇਹਨਾਂ ਵਿੱਚ ਸਭ ਤੋਂ ਲੰਮੀ ਫੁਰਕਾ ਸੁਰੰਗ 15 . 4 ਕਿਲੋਮੀਟਰ ਲੰਮੀ ਹੈ। ਆਪਣੀ ਯਾਤਰਾ ਦੇ ਦੌਰਾਨ ਇਹ ਟ੍ਰੇਨ ਸਭ ਤੋਂ ਹੇਠਲੇ ਸਥਾਨ ਚੂਰ (ਸਮੁੰਦਰ ਤਲ ਤੋਂ ਉਚਾਈ 585 ਮੀਟਰ) ਅਤੇ ਸਭ ਤੋਂ ਉੱਚੇ ਸਥਾਨ ਓਬੇਰਐਲਪਸ ਦੱਰੇ ( ਸਮੁੰਦਰ ਤਲ ਤੋਂ ਉਚਾਈ 2033 ਮੀਟਰ) ਤੋਂ ਵੀ ਲੰਘਦੀ ਹੈ। ਇਸ ਗਲੇਸ਼ੀਅਰ ਐਕਸਪ੍ਰੈੱਸ ਟ੍ਰੇਨ ਦੀ ਸੇਵਾ 30 ਜੂਨ , 1930 ਨੂੰ ਸ਼ੁਰੂ ਕੀਤੀ ਗਈ ਸੀ।

## ਦਿਮਾਗ਼ੀ ਕਸਰਤ

ਉੱਤਰ : 6




## ਬਿੰਦੂ ਮਿਲਾਓ



## ਰਸਤਾ ਲੱਭੋ



ਲੇਖਕ : ਸੁਰਿੰਦਰ ਸਿੰਘ ਰਾਏ

# ਕਰ ਲਓ ਘਿਓ ਨੂੰ ਭਾਂਡਾ

ਪਰਵਾਸ ਕਹਾਣੀ, ਭਾਗ ਪਹਿਲਾ



"ਲੈ ਬਈ ਸੋਹਣਿਆ, ਹੋ ਗਈ ਹਜਾਮਤ। ਕੱਢ 'ਤਾ ਨਾ ਕਬੂਤਰੀ ਅਰਗਾ ਬੱਗਾ। ਆਹ ਵੇਖ ਖਾਂ ਸ਼ੀਸ਼ਾ ਹੁਣ।" ਹਜਾਮਤ ਕਰਨ ਤੋਂ ਬਾਅਦ ਸੋਹਣੇ ਦੇ ਸਿਰ 'ਤੇ ਪੋਲਾ-ਪੋਲਾ ਹੱਥ ਫੇਰਦਿਆਂ ਰਾਮ ਲੁਭਾਏ ਨੇ ਮਜ਼ਾਕ ਵਿੱਚ ਆਖਿਆ। ਪਰ ਸੋਹਣੇ ਨੂੰ ਇਸ ਮਜ਼ਾਕ ਦੀ ਸਮਝ ਨਾ ਲੱਗੀ। ਉਹ ਘੁੰਢ ਖੋਲ੍ਹ ਕੇ ਸਿਰ ਝਟਕਦਾ ਹੋਇਆ ਸਹਿਜ-ਸੁਭਾਅ ਬੋਲਿਆ, "ਰਾਮੂ ਸ਼ੀਸ਼ਾ ਕਿਆ ਵੇਖਣਾ, ਯਾਰ। ਮੈਨੂੰ ਤਾਂ ਤੇਰੇ 'ਤੇ ਈ ਸ਼ੀਸ਼ੇ ਨਾਲੋਂ ਵੱਧ ਵਿਸ਼ਵਾਸ ਐ।"

"ਨਹੀਂ ਸੋਹਣਿਆ, ਫਿਰ ਵੀ ਇੱਕ ਵਾਰ ਨਿਗ੍ਹਾ ਤਾਂ ਮਾਰ ਲੈ। ਹੋਰ ਨਾ ਘਰ ਗਏ ਨੂੰ ਸ਼ਮਿੰਦਰੋ ਆਖੇ, ਬਈ ਮੇਰੇ ਘਰਵਾਲੇ ਨੂੰ ਰਾਮ ਲੁਭਾਏ ਨੇ ਕਿੱਦਾਂ ਦਾ ਘੋਟਣਾ ਜਿਹਾ ਬਣਾ ਕੇ ਭੇਜ ਦਿੱਤਾ ਐ।" ਹੁਣ ਸੋਹਣਾ, ਰਾਮ ਲੁਭਾਏ ਦੀ ਕੀਤੀ ਟਿੱਚਰ ਨੂੰ ਸਮਝ ਗਿਆ ਸੀ। ਪਹਿਲਾਂ ਤਾਂ ਕੁਝ ਸਮਾਂ ਉਹ ਚੁੱਪ ਰਿਹਾ, ਫਿਰ ਇਕਦਮ ਭੁੜਕ ਕੇ ਬੋਲਿਆ,

"ਓਏ ਰਾਮੂ, ਬੰਦਾ ਬਣ ਜਾ ਬੰਦਾ। ਪਹਿਲਾਂ ਤੈਨੂੰ ਕਿੰਨੀ ਕੁ ਵਾਰ ਉਲਾਂਭਾ ਦਿੱਤਾ ਸ਼ਮਿੰਦਰੋ ਨੇ ਉਏ?"

"ਨਾ ਬਈ ਨਾ ਸੋਹਣਿਆ, ਮੈਂ ਤਾਂ ਤੈਨੂੰ ਛੇੜਦਾ ਈ ਆਂ। ਉਸ ਵਿਚਾਰੀ ਨੇ ਮੈਨੂੰ ਕਦੇ ਬੁਲਾਇਆ ਨਾ ਚਲਾਇਆ। ਤੂੰ ਤਾਂ ਉਂਈਂ ਗੁੱਸਾ ਕਰ ਗਿਆ।" ਰਾਮੂ ਨੇ ਗੱਲ ਵਲਾਈ।

"ਰਾਮੂ, ਜੇ ਬੁਲਾ ਵੀ ਲਿਆ ਤਾਂ ਤੈਂ ਕਿਹੜੇ ਉਹਦੇ ਫੁੱਲ ਤੋੜ ਲੈਣੇ ਆ। ਤੇਰੀ ਭਰਜਾਈ ਈ ਲੱਗਦੀ ਆ।"

"ਰਾਮ... ਰਾਮ... ਰਾਮ...। ਸੋਹਣਿਆ ਜਿਨ੍ਹਾਂ ਘਰਾਂ ਦਾ ਖਾਈਦਾ ਉਨ੍ਹਾਂ ਦਾ ਬੁਰਾ ਨ੍ਹੀਂ ਤੱਕੀਦਾ। ਅਸੀਂ ਤਾਂ ਥੋੜੇ ਘਰਾਂ ਦਾ ਈ ਦਿੱਤਾ ਖਾਨੇ ਆ। ਐਨਾ ਪਾਪ ਨਾ ਚਾੜ੍ਹ ਮੇਰੇ 'ਤੇ ਸੋਹਣਿਆ।"

"ਰਾਮੂ ਸਹੁਰਿਆ, ਮੈਂ ਵੀ ਤੈਨੂੰ ਮਖੌਲ ਈ ਕਰਦਾਂ। ਕੋਈ ਤੱਕ ਕੇ ਤਾਂ ਦੱਸੇ ਮੇਰੀ ਜੱਟੀ ਵੱਲ, ਮੈਂ ਧੌਣ ਨਾ ਮਰੋੜ ਦਊਂ।"

"ਨਾ... ਨਾ... ਨਾ...। ਹਾਅ ਕੰਮ ਨ੍ਹੀਂ ਕਰਨਾ, ਮਾਲਕੋ। ਜਿਊਂਦਾ ਵਸਦਾ ਰਹੁ, ਜਿਊਂਦਾ ਵਸਦਾ। ਵਾਹ... ਗੁਰੂ...ਵਾਹ...ਗੁਰੂ...ਵਾਹ...ਗੁਰੂ...।" ਰਾਮੂ ਦੇ ਇੰਝ ਆਖਣ 'ਤੇ ਸੋਹਣਾ ਖੁਸ਼ ਹੋ ਗਿਆ। ਫਿਰ ਉਹ ਹਜਾਮਤ ਵਾਲੀ ਕੁਰਸੀ ਤੋਂ ਉੱਠਦਿਆਂ ਹੁੱਬ ਕੇ ਬੋਲਿਆ, "ਰਾਮੂ, ਅੱਜ ਸੰਝ ਵੇਲੇ ਘਰ ਵੱਲ ਨੂੰ ਆਈਂ। ਨਾਲੇ ਆਪਣਾ ਹਿਸਾਬ ਕਰ ਆਈਂ। ਤੇ ਨਾਲੇ ਆਪਣੀ ਘਰਵਾਲੀ ਦੇ ਕੰਮ ਦਾ ਲਾਗ ਲੈ ਆਈਂ। ਠੀਕ ਐ ਨਾ।"

"ਜਿੱਦਾਂ ਕਹੋ ਮਾਲਕੋ, ਉੱਦੇਂ ਈ ਕਰ ਲਊਂਗਾ। ਲਾਗ ਕਿਤੇ ਨੱਠ ਚੱਲਿਆ। ਆਪਣੇ ਘਰ 'ਚ ਈ ਪਿਆ।" ਰਾਮ ਲੁਭਾਏ ਨੇ ਵੀ ਹੱਸਦਿਆਂ ਹੁੰਗਾਰਾ ਭਰਿਆ।

"ਬਹੁਤੀਆਂ ਜੱਟਾਂ ਦੀਆਂ ਗੱਲਾਂ 'ਚ ਨ੍ਹੀਂ ਆਈਦਾ। ਸੰਝ ਤਾਈਂ ਹੁਣ ਵਾਲਾ ਜੱਟ ਨ੍ਹੀਂ ਰਹਿਣਾ। ਇਹ ਹੁਣ ਈ ਗੱਲਾਂ ਬਣਾਉਂਦਾ ਐ। ਭਰਾਵਾ ਤੂੰ ਆਪੇ ਸਵੇਰ ਨੂੰ ਦੇ ਜਾਈਂ, ਜੋ ਦੇਣਾ ਐਂ। ਇਹਤੋਂ ਨ੍ਹੀਂ ਸੰਝ ਵੇਲੇ ਆ ਹੋਣਾ।" ਬਾਹਰ ਖੜ੍ਹੀ ਰਾਮ ਲੁਭਾਏ ਦੀ ਘਰਵਾਲੀ ਸੋਹਣੇ ਦੀ ਗੱਲ ਸੁਣਦਿਆਂ ਹੀ ਉੱਚੀ ਦੇਣੀ ਬੋਲੀ।

"ਨਹੀਂ ਭਾਬੀ, ਸਾਰੇ ਜੱਟ ਇੱਕੋ ਜਿਹੇ ਨ੍ਹੀਂ ਹੁੰਦੇ। ਜੇ ਤੈਨੂੰ ਕੋਈ ਭਰਮ ਐ ਤਾਂ ਤੂੰ ਨਾਲ ਆ ਜਾਈਂ।"

"ਨਾ, ਮੈਨੂੰ ਕਾਹਦਾ ਭਰਮ ਹੋਣਾ। ਤੇਰੇ ਭਤੀਜੇ ਦੀ ਲੋਹੜੀ ਮੌਕੇ ਤੈਥੋਂ ਮੈਨੂੰ ਇੱਕ ਸੂਟ ਤਾਂ ਸਰਿਆ ਨ੍ਹੀਂ। ਹੁਣ ਊਂਈਂ ਸੱਚਾ ਬਣੀ ਜਾਨਾ।"

"ਭਾਬੀ, ਲੋਹੜੀ ਵਾਲੇ ਦਿਨ ਤਾਂ ਤੂੰ ਮੈਨੂੰ ਕਿਤੇ ਦਿਖੀ ਵੀ ਨ੍ਹੀਂ। ਪਤਾ ਨ੍ਹੀਂ ਕਿੱਥੇ ਲੁਕੀ ਰਹੀ। ਹੁਣ ਤੂੰ ਝੂਠਾ ਮੈਨੂੰ ਕਰੀਂ ਜਾਨੀ ਐਂ।"

"ਮੈਂ ਤਾਂ ਹੀ 'ਤੇ ਕਹਿਨੀਂ ਆਂ। ਬਈ ਸੰਝ ਵੇਲੇ ਜੱਟ ਹੋਰ ਦੇ ਹੋਰ ਈ ਬਣੇ ਹੁੰਦੇ ਆ। ਫਿਰ ਨ੍ਹੀਂ ਇਹ ਮਾੜੇ-ਧੀੜੇ ਨੂੰ ਸਿਆਣਦੇ। ਆਪਣੀ ਸੋਹਣੀ ਨੂੰ ਪੁੱਛੀਂ ਜਾ ਕੇ, ਸਾਰਿਆਂ ਤੋਂ ਪਹਿਲਾਂ ਉਹਨੂੰ ਮੈਂ ਈ ਵਧਾਈਆਂ ਦਿੱਤੀਆਂ।" ਰਾਮ ਲੁਭਾਏ ਦੀ ਘਰਵਾਲੀ ਨੇ ਸੋਹਣੇ ਨੂੰ ਝੱਟ ਮੂਹਰਿਓਂ ਕਰਾਰਾ ਜੁਆਬ ਮੋੜਿਆ।

"ਭਾਬੀ, ਦੱਸ ਤੈਂ ਕਿੱਦਾਂ ਦਾ ਸੂਟ ਲੈਣਾ ਐਂ। ਅੱਜ ਈ ਸੰਝ ਵੇਲੇ ਤੇਰੇ ਘਰ ਪੁੱਜਦਾ ਕਰ ਦਊਂ। ਇੱਕ ਸੂਟ ਪਿੱਛੇ ਭਰਜਾਈ ਥੋੜ੍ਹੇ ਨਰਾਜ਼ ਕਰ ਲੈਣੀ ਆ।" ਸੋਹਣਾ ਵੀ ਕਿਹੜੇ ਅੱਗੋਂ ਘੱਟ ਸੀ। ਉਹ ਵੀ ਗੱਲ ਸੁਣਦਿਆਂ ਹੀ ਮੀਸਣਾ ਜਿਹਾ ਬਣ ਕੇ ਬੋਲਿਆ।

"ਰਾਮ...ਰਾਮ...ਰਾਮ। ਸੋਹਣਿਆ, ਗੇਜੋ ਤਾਂ ਕਮਲੀ ਐ ਕਮਲੀ। ਜੋ ਮੂੰਹ ਆਂਦਾ ਬਕੀ ਜਾਂਦੀ ਐ। ਜਾਹ, ਜਾ ਕੇ ਘਰ ਦਾ ਕੰਮ ਕਰ ਤੂੰ। ਐਵੀਂ ਬੰਦਿਆਂ ਦੀਆਂ ਗੱਲਾਂ 'ਚ ਟੰਗ ਅੜਾਈ ਜਾਨੀ ਐਂ।" ਰਾਮ ਲੁਭਾਏ ਨੇ ਢੰਗ ਨਾਲ ਗੇਜੋ ਨੂੰ ਘੂਰਦਿਆਂ ਆਖਿਆ।

"ਤੂੰ ਤਾਂ ਮੇਰੇ 'ਤੇ ਉਂਈਂ ਗੁੱਸਾ ਝਾੜੀ ਜਾਨਾ ਐਂ। ਮੈਂ ਕਿਹੜੇ ਇਹਤੋਂ ਸੂਟ ਲੈਣ ਤੁਰੀਓਂ ਆਂ। ਮੈਂ ਤਾਂ ਇਹਨੂੰ ਸ਼ਰਮਿੰਦਾ ਈ ਕਰਦੀ ਆਂ। ਤੂੰ ਮੈਨੂੰ ਨਿਆਣੀ ਨਾ ਸਮਝ।" ਆਪਣੇ ਘਰਵਾਲੇ ਦਾ ਗੁੱਸਾ ਵੇਖ ਗੇਜੋ ਦੱਬਵੀਂ ਜਿਹੀ ਆਵਾਜ਼ ਵਿੱਚ ਬੋਲੀ, ਜਿਵੇਂ ਉਸ ਦਾ ਕੋਈ ਭਰਮ ਕੱਢਿਆ ਗਿਆ ਹੋਵੇ।

"ਚੰਗਾ ਰਾਮੂ, ਤੂੰ ਸੰਝ ਵੇਲੇ ਆ ਜਾਈਂ। ਅੱਜ ਮੈਂ ਘਰੇ ਈ ਆਂ।" ਸੋਹਣੇ ਨੇ ਵੀ ਸਕੂਟਰ ਨੂੰ ਕਿੱਕ ਮਾਰੀ ਤੇ ਜਾਂਦੇ-ਜਾਂਦੇ ਆਖਿਆ।

"ਸੋਹਣਿਆ, ਤਮੋਹਤੇ ਦੀਆਂ ਗੱਲਾਂ ਦਾ ਬੁਰਾ ਨ੍ਹੀਂ ਮਨਾਈਦਾ। ਇਨ੍ਹਾਂ ਦੀ ਤਾਂ ਮੱਤ ਈ ਇੰਨੀ ਕੁ ਹੁੰਦੀ ਆ। ਇਹ ਜਦ ਮਰਦੀਆਂ ਤਾਂ ਸੁਆਹ ਚੀਜ਼ 'ਤੇ ਮਰ ਜਾਂਦੀਆਂ ਐਂ। ਜੋ ਤ੍ਰਿਪਤੀ ਬੰਦੇ ਨੂੰ ਆਪਣੀ ਕਮਾਈ ਦੀ ਚੀਜ਼ ਨਾਲ ਮਿਲਦੀ ਆ, ਉਹ ਮੰਗ ਕੇ ਨ੍ਹੀਂ ਮਿਲਦੀ। ਰੱਬ ਨੇ ਬੰਦੇ ਨੂੰ ਹੱਥ ਕਾਹਦੇ ਲਈ ਦਿੱਤੇ ਆ।" ਰਾਮ ਲੁਭਾਇਆ ਦੂਰ ਜਾ ਚੁੱਕੇ ਸੋਹਣੇ ਨੂੰ ਸੁਣਾਉਣ ਦਾ ਢੌਂਗ ਕਰਕੇ ਗੇਜੋ ਸਾਹਮਣੇ ਜਾਣ ਬੁੱਝ ਕੇ ਉੱਚੀ ਬੋਲਿਆ, ਜਿਵੇਂ ਉਸ 'ਤੇ ਆਪਣਾ ਰੋਅਬ ਬਣਾਇਆ ਹੋਵੇ।

"ਓਏ ਰਾਮੂ, ਤੂੰ ਕਦੇ ਮੋਚੀ, ਕਦੇ ਹਜਾਮਤੀ, ਕਦੇ ਵਿਆਹਾਂ 'ਚ ਲਾਗੀ ਬਣ ਜਾਨਾ। ਤੂੰ ਐਨੇ ਪੈਸੇ 'ਕੱਠੇ ਕਰ ਕੇ ਲਿਜਾਉਣੇ ਕਿੱਥੇ ਆ। ਜਿਹੜਾ ਪੈਸਾ ਇੱਕ ਵਾਰ ਕੋਲ ਆ ਜਾਂਦਾ, ਉਹਨੂੰ ਛੱਡਦਾ ਈ ਨ੍ਹੀਂ।" ਇੰਨੇ ਨੂੰ ਬਿਹਾਰੀ ਨੇ ਖੇਤੋਂ ਆਉਂਦਿਆਂ ਰਾਮੂ ਨੂੰ ਉਸ ਦੇ ਘਰ ਦੇ ਬਾਹਰ ਖੜ੍ਹਾ ਵੇਖ ਕੇ ਟਰੈਕਟਰ ਰੋਕ ਕੇ ਮਸ਼ਕਰੀ ਕੀਤੀ। ਰਾਮ ਲੁਭਾਏ ਨੇ ਬਿਹਾਰੀ ਦੀ ਕੀਤੀ ਮਸ਼ਕਰੀ ਦਾ ਕੋਈ ਰੰਜ ਨਾ ਕੀਤਾ ਤੇ ਬੜੀ ਹਲੀਮੀ ਨਾਲ ਜੁਆਬ ਮੋੜਿਆ, "ਬਿਹਾਰੀ, ਕਰ ਲੈ ਮਸ਼ਕਰੀਆਂ ਜਿਹੜੀਆਂ ਕਰਨੀਆਂ ਤੂੰ। ਤੇਰੇ ਦਿਨ ਆ ਹੁਣ। ਸਾਡਾ ਮ੍ਰਾਤੜਾਂ ਦਾ ਕਿਹੜਾ ਕੋਈ ਖੇਤ ਬੰਨਾ ਐਂ, ਜਿੱਥੋਂ ਸਾਨੂੰ ਪੈਸੇ ਆਣੇ ਆ। ਅਸੀਂ ਤਾਂ ਦਿਹਾੜੀ-ਦੱਫਾ ਕਰਕੇ ਈ ਢਿੱਡ ਭਰਨਾ ਐਂ ਭਰਾਵਾ।"

"ਰਾਮੂ, ਤੈਂ ਜੱਟਾਂ ਦੇ ਖੇਤਾਂ-ਬੰਨਿਆਂ ਦੇ ਝਗੜਿਆਂ 'ਤੇ ਲੱਗਦੇ ਪੈਸੇ ਨ੍ਹੀਂ ਦੇਖੇ। ਤੇਰੇ ਦੋ ਕੁ ਗੇੜੇ ਕਚਹਿਰੀਆਂ ਦੇ ਲੁਆਈਏ ਨਾ, ਫਿਰ ਪਤਾ ਲੱਗੇ।"

"ਭਾਈ, ਸਾਨੂੰ ਮ੍ਰਾਤੜਾਂ ਨੂੰ ਪੁੱਛਦਾ ਵੀ ਕੌਣ ਆ ਫਿਰ। ਗਣਿਆਂ 'ਚ ਨਾਂ ਵੀ ਥੋੜੇ ਈ ਵੱਜਦੇ ਆ।" ਰਾਮੂ ਨੇ ਮਚਲਾ ਜਿਹਾ ਬਣ ਕੇ ਹੋਰ ਫੂਕ ਛਕਾ ਦਿੱਤੀ।

ਰਾਮੂ ਦੀ ਇਹ ਗੱਲ ਸੁਣ ਕੇ ਬਿਹਾਰੀ ਖੁਸ਼ੀ ਵਿੱਚ ਝੂਮ ਉੱਠਿਆ। ਫਿਰ ਟਰੈਕਟਰ 'ਤੇ ਲੱਗੇ ਡੈੱਕ ਦੀ ਆਵਾਜ਼ ਉੱਚੀ ਛੱਡ ਕੇ ਔਹ ਗਿਆ, ਔਹ ਗਿਆ।

"ਮੈਂ ਕਿਹਾ ਜੀ, ਕੁੜੀ ਮੁਟਿਆਰ ਹੋ ਗਈ ਆ ਹੁਣ। ਈਹਦਾ ਵੀ ਸੋਚੋ ਕੁਛ।" ਇੱਕ ਦਿਨ ਸੰਝ ਵੇਲੇ ਪ੍ਰੀਤੋ ਨੇ ਬਿਹਾਰੀ ਨਾਲ ਆਪਣੀ ਕਬੀਲਦਾਰੀ ਦੀ ਗੱਲ ਤੋਰੀ। ਘਰਵਾਲੀ ਦੀ ਇਹ ਗੱਲ ਸੁਣ ਕੇ ਬਿਹਾਰੀ ਆਂ-ਆਂ-ਆਂ... ਕਰਨ ਲੱਗਾ, ਜਿਵੇਂ ਸੋਚੀਂ ਪੈ ਗਿਆ ਹੋਵੇ।

"ਹੁਣ ਆਂ-ਆਂ-ਆਂ... ਕਿਆ ਕਰੀ ਜਾਨਾ ਐਂ। ਬੋਲ ਵੀ ਕੁਛ।" ਬਿਹਾਰੀ ਦਾ ਕੋਈ ਜੁਆਬ ਨਾ ਆਉਣ ਕਾਰਨ ਪ੍ਰੀਤੋ ਖਿਝ ਕੇ ਬੋਲੀ।

"ਪ੍ਰੀਤੋ, ਮੁੰਡਾ ਤਾਂ ਇੱਕ ਹੈਗਾ ਮੇਰੀ ਨਿਗ੍ਹਾ 'ਚ, ਪਰ ਪੈਸੇ ਦਾ ਜੁਗਾੜ ਕਿੱਥੋਂ ਕਰਨਾ ਐਂ? ਪਿਛਲੇ ਸਾਲ ਦੀ ਸਾਰੀ ਕਮਾਈ ਤਾਂ ਟਰੈਕਟਰ ਦੀ ਮੁਰੰਮਤ 'ਤੇ ਲੱਗ ਗਈ ਤੀ।" ਖਾਸਾ ਸਮਾਂ ਸੋਚ ਵਿਚਾਰ ਕੇ ਬਿਹਾਰੀ ਨੇ ਜੁਆਬ ਦਿੱਤਾ।

"ਤੂੰ ਰਾਮੂ ਨੂੰ ਪੁੱਛ ਲੈ ਤਾਂ। ਐਨਾ ਗੁੰਜਾਇਸ਼ੀ ਬੰਦਾ ਐ ਉਹ।" ਆਪਣੇ ਘਰਵਾਲੇ ਦੀ ਗੱਲ ਸੁਣਦੇ ਹੀ ਪ੍ਰੀਤੋ ਬੋਲੀ।

ਬਿਹਾਰੀ ਨੂੰ ਵੀ ਪ੍ਰੀਤੋ ਦੀ ਇਹ ਸਲਾਹ ਚੰਗੀ ਲੱਗੀ, ਪਰ ਉਹ ਚੁੱਪ ਸੀ।

"ਅਜੇ ਪਰਸੋਂ-ਚੌਥੇ ਜਦੇ ਤਾਂ ਮੈਂ ਉਹਨੂੰ ਮਸ਼ਕਰੀਆਂ ਕਰਦਾ ਤਾ। ਹੁਣ ਕਿਹੜੇ ਮੂੰਹ ਨਾਲ ਉਹਦੇ ਕੋਲ ਜਾਊਂਗਾ?" ਬਿਹਾਰੀ ਨੇ ਮਨੋਂ-ਮਨੀ ਸੋਚਿਆ।

"ਦੇਖਿਆ, ਆਹ ਹੁੰਦਾ ਕੰਜੂਸ ਬੰਦੇ ਦਾ ਫਾਇਦਾ। ਕਿਰਸ ਕਰਕੇ ਅਗਲਾ ਆਪਣੇ ਪੈਰੀਂ ਤਾਂ ਹੈਗਾ। ਤੇਰੇ ਵਰਗੇ ਚਾਰ ਪੈਸੇ ਆਣ ਨਾਲ ਊਂਈਂ ਟੱਪਣ ਲੱਗ ਪੈਂਦੇ ਆ।" ਆਪਣੇ ਘਰਵਾਲੇ ਨੂੰ ਚੁੱਪ-ਗੜੁੱਪ ਬੈਠਾ ਵੇਖ ਪ੍ਰੀਤੋ ਫਿਰ ਬੋਲੀ। ਬਿਹਾਰੀ ਕਈ ਦਿਨ ਸੋਚੀਂ ਪਿਆ ਰਿਹਾ। ਕਿਸੇ ਪਾਸਿਉਂ ਵੀ ਕੋਈ ਜੁਗਾੜ ਨਹੀਂ ਸੀ ਬਣ ਰਿਹਾ। ਆਖਿਰ ਇੱਕ ਦਿਨ ਉਸ ਨੇ ਜਕਦੇ-ਜਕਾਉਂਦੇ ਰਾਮੂ ਦੇ ਘਰ ਜਾ ਕੇ ਗੱਲ ਛੇੜ ਹੀ ਲਈ;

"ਰਾਮ ਲੁਭਾਇਆ, ਬਈ ਤੇਰੇ ਨਾਲ ਅੱਜ ਮੈਨੂੰ ਇੱਕ ਜ਼ਰੂਰੀ ਕੰਮ ਆ।"

'ਪਹਿਲਾਂ ਤਾਂ ਇਹ ਮੈਨੂੰ ਰਾਮੂ-ਰਾਮੂ ਕਹਿੰਦਾ ਹੁੰਦਾ ਤਾ। ਅੱਜ ਰਾਮ ਲੁਭਾਇਆ ਈਹਨੂੰ ਕਿਧਰੋਂ ਯਾਦ ਆ ਗਿਆ।' ਆਪਣੇ ਆਪ ਨੂੰ ਰਾਮ ਲੁਭਾਇਆ ਆਖਣ 'ਤੇ ਖੁਸ਼ ਹੋਏ ਰਾਮੂ ਨੇ ਮਨੋਂ-ਮਨੀ ਸੋਚਿਆ। ਫਿਰ ਕੁਝ ਚਿਰ ਦੀ ਚੁੱਪ ਬਾਅਦ ਮਲਕੜੇ ਦੇਣੀ ਪੁੱਛਿਆ;

"ਜੱਟਾ, ਤੈਨੂੰ ਸਵੇਰੇ-ਸਵੇਰੇ ਅੱਜ ਮੇਰੇ ਤਾਈਂ ਕਿਹੜਾ ਕੰਮ ਪੈ ਗਿਆ?"

"ਪਰ ਜੇ ਕਿਸੇ ਨਾਲ ਗੱਲ ਨ੍ਹੀਂ ਕਰੂੰਗਾ ਤਾਂ ਹੀ ਦੱਸੂੰਗਾ।" ਬਿਹਾਰੀ ਨੇ ਸ਼ਰਤ ਰੱਖੀ।

"ਜੱਟਾ, ਯਾਰੀ ਆ ਯਾਰੀ। ਛੋਲਿਆਂ ਦਾ ਵੱਢ ਨ੍ਹੀਂ ਐਂ।" ਰਾਮੂ ਉੱਚੀ ਦੇਣੀ ਹੱਸਦਿਆਂ ਬੋਲਿਆ।

"ਰਾਮ ਲੁਭਾਇਆ, ਕੰਮ ਵੀ ਕਰੂੰਗਾ ਜਾਂ ਊਂਈਂ ਗੱਲਾਂ-ਬਾਤਾਂ ਨਾਲ ਈ ਖੁਸ਼ ਕਰ ਦਊਂਗਾ।"

"ਬਿਹਾਰੀ, ਪਹਿਲਾਂ ਕੰਮ ਤਾਂ ਦੱਸ। ਮੈਂ ਤਾਂ ਹੀ ਸੋਚ ਕੇ ਦੱਸੂੰ। ਅੱਗੇ ਕਿਤੇ ਮੈਂ ਤੇਰੀ ਕੋਈ ਗੱਲ ਮੋੜੀ ਆ।"

"ਪਰ...।" ਪਰ ਆਖ ਕੇ ਬਿਹਾਰੀ ਫਿਰ ਚੁੱਪ ਕਰ ਗਿਆ, ਜਿਵੇਂ ਉਹ ਗੱਲ ਬਾਹਰ ਕੱਢਣ ਲਈ ਬਹੁਤ ਔਖ ਮਹਿਸੂਸ ਕਰ ਰਿਹਾ ਹੋਵੇ।

"ਬਿਹਾਰੀ, ਤੂੰ ਡਰਦਾ ਕਾਹਨੂੰ ਐਂ। ਮੈਨੂੰ ਤੇਰੀ ਸਹੁੰ, ਮਜ਼ਾਲ ਐ ਭਾਫ਼ ਵੀ ਬਾਹਰ ਨਿਕਲ ਜਾਏ।" ਰਾਮੂ ਨੇ ਉਸ ਨੂੰ ਤਸੱਲੀ ਦਿੱਤੀ।

"ਨਹੀਂ-ਨਹੀਂ ਰਾਮ ਲੁਭਾਇਆ, ਕਈ ਦਫ਼ਾ ਤੀਵੀਆਂ ਗੱਲ ਬਾਹਰ ਕੱਢ ਦਿੰਦੀਆਂ ਨੇ। ਗੇਜੋ ਨੂੰ ਵੀ ਦੱਸ ਦੇਈਂ, ਕਿਤੇ ਓਹੀ ਗੱਲ ਨਾ ਹੋਵੇ।" ਬਿਹਾਰੀ ਹੋਰ ਵੀ ਨਿਮਰ ਜਿਹਾ ਹੋ ਕੇ ਬੋਲਿਆ।

"ਦਾਤਿਆ, ਤੂੰ ਐਨਾ ਕਾਹਨੂੰ ਫ਼ਿਕਰ ਕਰਦਾ ਐਂ। ਤੂੰ ਇਸ ਗੱਲ ਦੀ ਭੋਰਾ ਚਿੰਤਾ ਨਾ ਕਰ। ਸਾਡਾ ਸਾਰਾ ਟੱਬਰ ਜਾਣਦਾ ਐ ਬਈ ਕਿਹੜੀ ਗੱਲ ਬਾਹਰ ਕਰਨੀ ਆ, ਕਿਹੜੀ ਨਹੀਂ।" ਰਾਮੂ ਨੇ ਬਿਹਾਰੀ ਨੂੰ ਹੋਰ ਤਸੱਲੀ ਦਿੱਤੀ।

"ਰਾਮ ਲੁਭਾਇਆ, ਤੈਨੂੰ ਪਤਾ ਈ ਆ, ਮੈਂ ਆਪਣੀ ਵੱਡੀ ਕੁੜੀ ਰਾਣੋ ਦਾ ਵਿਆਹ ਧਰਨਾ ਐ।"

"ਹਾਂ-ਹਾਂ ਪਤੈ ਮੈਨੂੰ। ਰਾਣੋ ਭਲਾ ਮੰਗੀ ਕਿੱਥੇ ਆ?" ਰਾਮੂ ਨੇ ਨਾਲ ਲੱਗਦੇ ਹੀ ਪੁੱਛਿਆ।

"ਦੂਰ ਦੀ ਰਿਸ਼ਤੇਦਾਰੀ 'ਚੋਂ ਆ। ਬੰਦੇ ਚੰਗੇ ਮਿਲ ਗਏ, ਮੈਂ ਸੋਚਿਆ ਜਿੰਨੀ ਛੇਤੀ ਸਿਰ ਦਾ ਭਾਰ ਹੌਲਾ ਹੋ ਜਾਵੇ, ਓਨਾ ਈ ਚੰਗਾ ਐ।"

"ਸਿਆਣੀ ਗੱਲ ਕੀਤੀ ਆ। ਚੰਗੇ ਬੰਦੇ ਨ੍ਹੀਂ ਮਿਲਦੇ ਥੋੜ੍ਹੇ ਕੀਤੇ। ਨਾਲੇ ਅੱਜਕੱਲ੍ਹ ਜ਼ਮਾਨਾ ਬੜਾ ਖ਼ਰਾਬ ਐ। ਸਿਰ ਤੋਂ ਭਾਰ ਲਾਹੁਣਾ ਈ ਚੰਗਾ ਹੁੰਦਾ।"

"ਗੱਲ ਇੱਦਾਂ ਐਂ ਰਾਮ ਲੁਭਾਇਆ, ਤੂੰ ਜਾਣਦਾ ਈ ਏਂ, ਵਿਆਹ 'ਤੇ ਪੈਸਿਆਂ ਦੀ ਕਿੰਨੀ ਲੋੜ ਹੁੰਦੀ ਆ। ਮੇਰੀ ਖੁਹ 'ਤੇ ਜਿਹੜੀ ਪੈਲੀ ਆ। ਉਹ ਮੈਂ ਤੈਨੂੰ ਗਹਿਣੇ ਧਰਨੀ ਆ। ਤੂੰ ਮੈਨੂੰ ਵੱਧ ਤੋਂ ਵੱਧ ਕਿੰਨੇ ਪੈਸੇ ਦੇ ਸਕਦਾਂ?" ਬਿਹਾਰੀ ਡਰਦਾ-ਡਰਦਾ ਬੋਲਿਆ। ਬਿਹਾਰੀ ਦੀ ਇਹ ਗੱਲ ਸੁਣ ਕੇ ਰਾਮ ਲੁਭਾਇਆ ਸੋਚੀਂ ਪੈ ਗਿਆ, ਜਿਵੇਂ ਘਾਟੇ-ਨਫ਼ੇ ਦਾ ਅਨੁਮਾਨ ਲਾ ਰਿਹਾ ਹੋਵੇ।

"ਰਾਮ ਲੁਭਾਇਆ ਪਰ ਨਾਲ ਮੇਰੀ ਇੱਕ ਸ਼ਰਤ ਵੀ ਆ। ਉਹ ਪੈਲੀ ਵਾਹੁਣੀ ਵੀ ਮੈਂ ਈ ਆਂ। ਤੈਨੂੰ ਗੁਪਤੀ ਅੱਧ ਦੇ ਦਿਆ ਕਰੂੰਗਾ। ਜੇ ਕੋਈ ਹੋਰ ਵਾਹੂ ਤਾਂ ਲੋਕਾਂ ਨੂੰ ਝੱਟ ਪਤਾ ਲੱਗ ਜਾਣਾ ਬਈ ਬਿਹਾਰੀ ਨੇ ਆਪਣੀ ਕੁੜੀ ਦੇ ਵਿਆਹ 'ਤੇ ਪੈਲੀ ਗਹਿਣੇ ਧਰੀ ਆ।" ਰਾਮ ਲੁਭਾਏ ਦੇ ਕੁਝ ਬੋਲਣ ਤੋਂ ਪਹਿਲਾਂ ਹੀ ਬਿਹਾਰੀ ਨੇ ਆਪਣੀ ਸ਼ਰਤ ਵੀ ਦੱਸੀ।

"ਬਈ ਬਿਹਾਰੀ, ਅਹਿ ਗੱਲ ਨ੍ਹੀਂ ਮੈਨੂੰ ਪੁੱਗਦੀ। ਮੇਰੇ ਲਈ ਤਾਂ ਇਹ ਘਾਟੇ ਵਾਲੀ ਗੱਲ ਹੋਈ ਨਾ ਫਿਰ। ਮੈਨੂੰ ਤਾਂ ਗਹਿਣੇ ਲੈ ਕੇ ਤਾਂ ਹੀ ਫਾਇਦਾ ਜੇ ਪੈਲੀ ਮੈਂ ਵਾਹਾਂ। ਨਹੀਂ ਮੇਰੇ ਪੱਲੇ ਕਿਆ ਪੈਣਾ?" ਬਿਹਾਰੀ ਦੀ ਗੱਲ ਸੁਣਦੇ ਸਾਰ ਹੀ ਰਾਮ ਲੁਭਾਏ ਨੇ ਆਪਣੇ ਮਨ ਦੀ ਭਾਵਨਾ ਦੱਸੀ।

"ਰਾਮ ਲੁਭਾਏ, ਚੱਲ ਫਿਰ ਤੂੰ ਐਂ ਕਰ, ਤੂੰ ਮੇਰੇ ਨਾਲ ਉੱਕਾ-ਮੁੱਕਾ ਠੇਕਾ ਕਰ ਲੈ। ਬਾਕੀਆਂ ਨਾਲੋਂ ਬੇਸ਼ੱਕ ਥੋੜ੍ਹਾ ਜਿਹਾ ਵੱਧ ਕਰ ਲੈ, ਪਰ ਪੈਲੀ ਮੈਂ ਆਪ ਈ ਵਾਹੁਣੀ ਆ। ਇੱਦਾਂ ਆਪਣੇ ਪਰਦੇ ਵੀ ਕੱਜੇ ਰਹੂੰਗੇ।" ਬਿਹਾਰੀ ਨੇ ਇੱਕ ਨਵੀਂ ਜੁਗਤ ਸੁਝਾਈ।

"ਬਿਹਾਰੀ, ਅਹਿ ਗੱਲ ਤਾਂ ਮੈਂ ਤੇਰੀ ਮੰਨ ਲੈਨਾਂ ਐਂ। ਫਿਰ ਇੱਦਾਂ ਕਰਦੇ ਆਂ, ਮੈਂ ਤੈਨੂੰ ਅੱਸੀ ਹਜ਼ਾਰ ਰੁਪਈਆ ਦੇ ਦਿੰਨਾਂ ਆਂ। ਤੂੰ ਮੈਨੂੰ ਚਾਲੀ ਹਜ਼ਾਰ ਸਾਲ ਦਾ ਉੱਕਾ-ਮੁੱਕਾ ਠੇਕਾ ਦੇ ਦਿਆ ਕਰ।"

"ਰਾਮ ਲੁਭਾਏ, ਤੂੰ ਮੈਨੂੰ ਲੱਖ ਪੂਰਾ ਕਰਦੇ। ਠੇਕਾ ਭਾਵੇਂ ਥੋੜ੍ਹਾ ਜਿਹਾ ਹੋਰ ਵਧਾ ਲੈ। ਨਾਲੇ ਉਹ ਥਾਂ ਵੀ ਏਕੜ ਨਾਲੋਂ ਥੋੜ੍ਹਾ ਜਿਹਾ ਵੱਧ ਆ। ਤੂੰ ਜਾਣਦਾ ਈ ਐਂ, ਸ਼ਰੀਕੇ-ਭਾਈਚਾਰੇ 'ਚ ਨੱਕ ਵੀ ਰੱਖਣਾ ਐਂ।" ਬਿਹਾਰੀ ਨੇ ਤਰਲਾ ਜਿਹਾ ਕੱਢਿਆ। ਕੁਝ ਚਿਰ ਦੀ ਨਾਂਹ-ਨੁੱਕਰ ਤੋਂ ਬਾਅਦ ਰਾਮ ਲੁਭਾਇਆ ਵੀ ਉਸ ਨਾਲ ਸਹਿਮਤ ਹੋ ਗਿਆ। ਫਿਰ ਦੋਵਾਂ ਨੇ ਦੂਸਰੇ ਦਿਨ ਹੀ ਚੁੱਪ-ਚੁਪੀਤੇ ਕਚਹਿਰੀ ਜਾਣ ਦਾ ਫ਼ੈਸਲਾ ਕਰ ਲਿਆ।

"ਸੱਚ, ਲੰਬੜਦਾਰ ਤਾਂ ਗਵਾਹੀ ਲਈ ਲਿਜਾਣਾ ਪਊ।" ਬੈਠੇ-ਬੈਠੇ ਰਾਮ ਲੁਭਾਏ ਨੂੰ ਯਾਦ ਆਇਆ।

"ਲੰਬੜ, ਕੋਈ ਅਸੀਂ ਕਚਹਿਰੀ 'ਚੋਂ ਈ ਫੜ ਲਵਾਂਗੇ। ਸਭ ਇੱਦਾਂ ਈ ਚੱਲਦਾ ਅੱਜਕੱਲ੍ਹ।" ਬਿਹਾਰੀ ਝੱਬਦੇ ਬੋਲਿਆ। ਦਿਨ, ਮਹੀਨੇ, ਸਾਲ ਗੁਜ਼ਰਦੇ ਗਏ। ਬਿਹਾਰੀ ਚੁੱਪ-ਚਾਪ ਆ ਕੇ ਰਾਮ ਲੁਭਾਏ ਨੂੰ ਹਾੜ੍ਹੀ-ਸਾਉਣੀ ਦਾ ਠੇਕਾ ਫੜਾ ਜਾਂਦਾ। ਉਹ ਇਸ ਗੱਲ ਦੀ ਕਿਸੇ ਨੂੰ ਵੀ ਭਿਣਕ ਨਾ ਪੈਣ ਦਿੰਦਾ। ਰਾਮ ਲੁਭਾਏ ਨੂੰ ਵੀ ਇਸ ਗੱਲ ਨਾਲ ਕੋਈ ਫ਼ਰਕ ਨਹੀਂ ਸੀ ਪੈਂਦਾ। ਉਸ ਦੇ ਪੈਸੇ ਤਾਂ ਦੋ-ਤਿੰਨ ਸਾਲਾਂ ਵਿੱਚ ਹੀ ਪੂਰੇ ਹੋ ਚੁੱਕੇ ਸਨ। ਉਹ ਤਾਂ ਹੁਣ ਵਾਧੂ ਦਾ ਵਿਆਜ ਹੀ ਖਾਂਦਾ ਸੀ।

ਇੱਕ ਦਿਨ ਚਾਣਚੱਕ ਹੀ ਅਣਹੋਣੀ ਵਾਪਰ ਗਈ। ਬਿਹਾਰੀ ਇਸ ਫਾਨੀ ਸੰਸਾਰ ਨੂੰ ਅਲਵਿਦਾ ਆਖ ਗਿਆ। ਪਹਿਲੋਂ ਹੀ ਆਰਥਿਕ ਮੰਦਹਾਲੀ ਨਾਲ ਜੂਝ ਰਿਹਾ ਪਰਿਵਾਰ ਹੋਰ ਗਹਿਰੇ ਸੰਕਟ ਵਿੱਚ ਜਾ ਧਸਿਆ। ਇਲਾਕੇ ਵਿੱਚ ਜਿਸ ਨੂੰ ਵੀ ਇਸ ਅਣਹੋਣੀ ਦਾ ਪਤਾ ਲੱਗਦਾ, ਸੁੰਨ ਹੀ ਰਹਿ ਜਾਂਦਾ। ਪਰਿਵਾਰ ਨਾਲ ਹਮਦਰਦੀ ਪ੍ਰਗਟ ਕਰਨ ਲਈ ਘਰ ਵਿੱਚ ਪਿੰਡ ਦੇ ਬਹੁਤ ਸਾਰੇ ਲੋਕਾਂ ਦਾ ਤਾਂਤਾ ਲੱਗ ਗਿਆ ਸੀ।

"ਅਰਜਨ, ਚਲੋ ਹੁਣ ਆਪਾਂ ਈ ਬੈਠੇ ਆਂ, ਸੋਚਣ ਵਾਲੀ ਗੱਲ ਤਾਂ ਇਹ ਆ ਕਿ ਬਿਹਾਰੀ ਨੇ ਐਨਾ ਵੱਡਾ ਸਟੈੱਪ ਚੁੱਕਿਆ ਕਿਉਂ? ਗੁਜ਼ਾਰੇ ਜੋਗੀ ਭੋਇੰ ਸੀ ਓਹਦੇ ਕੋਲ। ਬੱਚੇ ਬੜੇ ਲੈਕ ਐ ਓਹਦੇ।" ਸੰਸਕਾਰ ਤੋਂ ਕੁਝ ਦਿਨਾਂ ਬਾਅਦ ਜਥੇਦਾਰ ਨਿਹਾਲ ਸਿੰਘ ਨੇ ਵਾਪਰੇ ਭਾਣੇ ਨੂੰ ਜੜ੍ਹੋਂ ਫੜਨ ਦੀ ਕੋਸ਼ਿਸ਼ ਵਿੱਚ ਬਿਹਾਰੀ ਦੇ ਭਰਾ ਨੂੰ ਪੁੱਛਿਆ।

"ਜਥੇਦਾਰ ਜੀ, ਕੀ ਦੱਸੀਏ! ਜਦ ਇੱਕ ਵਾਰ ਛੋਟਾ ਜ਼ਿਮੀਂਦਾਰ ਕਰਜ਼ੇ ਦੇ ਚੱਕਰਵਿਊ ਵਿੱਚ ਫਸ ਜਾਵੇ, ਫਿਰ ਨਿਕਲਣਾ ਬੜਾ ਔਖਾ ਹੋ ਜਾਂਦਾ ਐ। ਪਹਿਲਾਂ ਵੱਡੀ ਲੜਕੀ ਦੇ ਵਿਆਹ 'ਤੇ ਰਾਮੂ ਤੋਂ ਲੱਖ-ਡੇਢ ਲੱਖ ਫੜ ਲਏ। ਫਿਰ ਭਾਣਜੇ ਦੀ ਨਾਨਕ ਸ਼ੱਕ ਅਤੇ ਟਰੈਕਟਰ ਦੀਆਂ ਕਿਸ਼ਤਾਂ। ਬਸ ਐਸਾ ਘਧੀ-ਗੇੜ ਵਿੱਚ ਫਸਿਆ, ਨਿਕਲ ਈ ਨਹੀਂ ਹੋਇਆ।" ਅਰਜਨ ਨੇ ਜਥੇਦਾਰ ਨੂੰ ਸਾਰੀ ਵਿਚਲੀ ਗੱਲ ਦੱਸੀ।

ਇਹ ਗੱਲ ਪਤਾ ਲੱਗਣ 'ਤੇ ਜਥੇਦਾਰ ਚਿੰਤਾਗ੍ਰਸਤ ਜਿਹਾ ਹੋਇਆ ਸੋਚੀਂ ਪੈ ਗਿਆ। ਫਿਰ ਕੁਝ ਚਿਰ ਬਾਅਦ ਭਾਵੁਕ ਜਿਹਾ ਹੋਇਆ ਬੋਲਿਆ, "ਭਰਾਵੋ, ਬਸ ਇੱਕੋ ਕਹਾਣੀ ਆ ਸਭ ਦੀ।" "ਹੁਣ ਤਾਂ ਰੱਬ ਈ ਵਾਲੀਵਾਰਸ ਐ ਜੀ।" ਜਥੇਦਾਰ ਦੀ ਗੱਲ ਦਾ ਹੁੰਗਾਰਾ ਭਰਦਿਆਂ ਨਾਲ ਤੋਂ ਹੀ ਇੱਕ ਅੱਧਮੋਈ ਜਿਹੀ ਆਵਾਜ਼ ਸਹਿਕੀ।

ਇਹ ਲਾਚਾਰ ਜਿਹੀ ਆਵਾਜ਼ ਸੁਣ ਕੇ ਜਥੇਦਾਰ ਜੀ ਕੁਝ ਉਤੇਜਿਤ ਹੋ ਕੇ ਬੋਲੇ, "ਯਾਰ, ਬਿਨਾਂ ਜ਼ਮੀਨ ਵਾਲੇ ਨ੍ਹੀਂ ਆਪਣਾ ਗੁਜ਼ਾਰਾ ਕਰਦੇ?" ਜਥੇਦਾਰ ਦਾ ਇਹ ਸਵਾਲ ਵਰਗਾ ਜਵਾਬ ਸੁਣ ਕੇ ਸਭ ਸੋਚੀਂ ਪੈ ਗਏ।

"ਵੇਖੋ ਨਾ, ਆਪਣੇ ਨਗਰ ਦਾ ਰਾਮ ਲੁਭਾਇਆ ਐ। ਉਹਦੇ ਕੋਲ ਜ਼ਮੀਨ ਐਂ ਕੋਈ। ਬਸ ਸੱਚੀ-ਮੁੱਚੀ ਕਿਰਤ ਕਰਦਾ ਈ ਆਪਣੇ ਪੈਰੀਂ ਐਂ। ਲੋਕ ਆਖੀ ਜਾਣ ਕੰਜੂਸ ਮੱਖੀ ਚੂਸ।

☛ ਬਾਕੀ ਅਗਲੇ ਅੰਕ ਵਿੱਚ

# ਸਿਹਤ ਸੰਸਾਰ



# ਸਕੂਲਾਂ ਵਿਚ ਫਾਸਟ ਫੂਡ 'ਤੇ ਰੋਕ ਜ਼ਰੂਰੀ

**ਰਾਜੇਂਦਰ ਮਿਸ਼ਰ ਰਾਜ**

ਕਿੰਨੀ ਤ੍ਰਾਸਦੀ ਹੈ ਸਾਡੀ ਸਿੱਖਿਆ ਪ੍ਰਣਾਲੀ ਦੀ, ਸਕੂਲ ਦੇ ਹੀ ਅਧਿਆਪਕ ਬੱਚਿਆਂ ਨੂੰ ਬਾਇਓਲਾਜੀ ਵਿਚ ਪੜ੍ਹਾਉਂਦੇ ਤਾਂ ਹਨ ਕਿ ਸੰਤੁਲਤ ਭੋਜਨ ਕਿਉਂ ਜ਼ਰੂਰੀ ਹੈ ਪਰ ਫਾਸਟ ਫੂਡ 'ਤੇ ਪਾਬੰਦੀ ਲਗਾਉਣ ਪ੍ਰਤੀ ਜਾਗਰੂਕਤਾ ਪੈਦਾ ਕਰਨੀ ਜ਼ਰੂਰੀ ਨਹੀਂ ਸਮਝਦੇ। ਜੇ ਸਿੱਖਿਆ ਸੰਸਥਾਵਾਂ ਥੋੜ੍ਹੀਆਂ ਸੁਚੇਤ ਹੋ ਜਾਣ ਤਾਂ ਬੱਚਿਆਂ ਵਿਚ ਵਧਦੇ ਹੋਏ ਮੋਟਾਪੇ ਦੀ ਸਮੱਸਿਆ 'ਤੇ ਕਾਫੀ ਹੱਦ ਤੱਕ ਰੋਕ ਲਗਾਈ ਜਾ ਸਕਦੀ ਹੈ। ਸਾਰੇ ਅਧਿਆਪਕ ਜੇ ਹਫਤੇ ਵਿਚ ਇਕ-ਦੋ ਵਾਰ ਵੀ ਬੱਚਿਆਂ ਦੇ ਟਿਫਨ ਚੈੱਕ ਕਰਨ ਅਤੇ ਉਨ੍ਹਾਂ ਨੂੰ ਪੌਸ਼ਟਿਕ ਭੋਜਨ ਦੇ ਫਾਇਦੇ ਸਮਝਾਉਣ ਤਾਂ ਬੱਚਿਆਂ ਦੀਆਂ ਖਾਣ-ਪੀਣ ਨਾਲ ਸਬੰਧਿਤ ਆਦਤਾਂ ਵਿਚ ਸੁਧਾਰ ਆ ਸਕਦਾ ਹੈ। ਸਕੂਲ ਦੇ ਸੰਚਾਲਕਾਂ ਨੂੰ ਫਾਸਟ ਫੂਟ 'ਤੇ ਪਾਬੰਦੀ ਲਗਾਉਣ ਲਈ ਸਾਹਮਣੇ ਆਉਣਾ ਚਾਹੀਦਾ ਹੈ। ਕੰਟੀਨ ਚਲਾਉਣ ਵਾਲਿਆਂ ਦੀ ਕੀ ਮਜ਼ਾਲ ਕਿ ਉਹ ਸਕੂਲ ਮੁਖੀ ਦੇ ਹੁਕਮ ਦੀ ਉਲੰਘਣਾ ਕਰ ਸਕਣ।

### ਫਾਸਟ ਫੂਡ ਭਾਵ ਮੋਟਾਪੇ ਨੂੰ ਖੁੱਲ੍ਹਾ ਸੱਦਾ

ਮੋਟਾਪਾ ਅਨੇਕ ਬਿਮਾਰੀਆਂ ਦੀ ਜੜ੍ਹ ਹੈ। ਮੋਟਾਪਾ ਵਧਦੇ ਸਾਰ ਹੀ ਸਰੀਰ ਸੁਸਤ ਹੋ ਜਾਂਦਾ ਹੈ। ਬੇਡੌਲ ਅਤੇ ਥੁਲਥੁਲ ਸਰੀਰ ਜਿਥੇ ਇਕ ਪਾਸੇ ਲੋਕਾਂ ਦੇ ਮਜ਼ਾਕ ਦਾ ਕੇਂਦਰ ਬਣਦਾ ਹੈ, ਉਥੇ ਦੂਜੇ ਪਾਸੇ ਅਨੇਕ ਬਿਮਾਰੀਆਂ ਨੂੰ ਵੀ ਸੱਦਾ ਦਿੰਦਾ ਹੈ। ਬਹੁਰਾਸ਼ਟਰੀ ਕੰਪਨੀਆਂ ਨੇ ਹੀ ਫਾਸਟ ਫੂਡ ਨੂੰ ਸਕੂਲਾਂ ਰਾਹੀਂ ਸਮਾਜ ਵਿਚ ਲਿਆਂਦਾ ਹੈ। ਫਿਲਮੀ ਸਿਤਾਰਿਆਂ ਤੋਂ ਲੈ ਕੇ ਹਰਮਨ ਪਿਆਰੇ ਖਿਡਾਰੀਆਂ ਤੱਕ ਨੇ ਫਾਸਟ ਫੂਡ ਦੀ ਮਸ਼ਹੂਰੀ ਕੀਤੀ।

ਅੱਜ ਬੱਚੇ ਦੁੱਧ, ਦਹੀਂ ਪਸੰਦ ਨਹੀਂ ਕਰਦੇ। ਸੋਇਆ ਮਿਲਕ ਤਾਂ ਉਨ੍ਹਾਂ ਨੂੰ ਦੇਖਣਾ ਵੀ ਪਸੰਦ ਨਹੀਂ ਜਦੋਂ ਕਿ ਕੋਲਡਡ੍ਰਿੰਕਸ ਲਈ ਉਹ ਹਰ ਪਲ ਤਿਆਰ ਰਹਿੰਦੇ ਹਨ। ਮਾਂ-ਬਾਪ ਦਾ ਵੀ ਫਰਜ਼ ਹੈ ਕਿ ਲਾਡ-ਪਿਆਰ ਵਿਚ ਬੱਚਿਆਂ ਦੇ ਖਾਣ-ਪੀਣ ਦੀਆਂ ਆਦਤਾਂ ਨਾ ਵਿਗਾੜਨ। ਜੇ ਮਾਂ-ਬਾਪ ਬੱਚਿਆਂ ਨੂੰ ਬਚਪਨ ਤੋਂ ਹੀ ਪੌਸ਼ਟਿਕ ਭੋਜਨ ਖਵਾਉਣ ਤਾਂ ਉਨ੍ਹਾਂ ਨੂੰ ਚਟਪਟੇ ਤੇਲੀ ਪਦਾਰਥਾਂ ਦਾ ਚਸਕਾ ਕਦੇ ਨਹੀਂ ਲੱਗੇਗਾ।

### ਜਨਮ ਦਿਨ ਦੇ ਬਹਾਨੇ ਵੀ ਜੰਕ ਫੂਡ ਦਾ ਚਲਨ

ਸਕੂਲੀ ਬੱਚਿਆਂ ਦੇ ਜਨਮ ਦਿਨ ਘਰ ਵਿਚ ਤਾਂ ਮਨਾਏ ਹੀ ਜਾਂਦੇ ਹਨ, ਸਕੂਲਾਂ ਵਿਚ ਵੀ ਸਰਬਜਨਕ ਢੰਗ ਨਾਲ ਜਨਮ ਦਿਨ ਮਨਾਏ ਜਾਂਦੇ ਹਨ। ਬੱਚੇ ਚਾਕਲੇਟ, ਕੇਕ, ਬਿਸਕੁਟ, ਪੇਸਟਰੀ, ਵੈਫਰਸ ਵਗੈਰਾ ਹੀ ਆਪਣੀ ਕਲਾਸ ਵਿਚ ਵੰਡਦੇ ਹਨ। ਫਿਰ 'ਬਾਲ ਦਿਵਸ' ਅਤੇ 'ਅਧਿਆਪਕ ਦਿਵਸ' ਵੀ ਫਾਸਟ ਫੂਡ ਨਾਲ ਮਨਾਉਣ ਦਾ ਚਲਨ ਹੈ।

### ਅਧਿਆਪਕ ਦੀ ਨਿਗਰਾਨੀ ਵਿਚ ਕਲਾਸ ਵਿਚ ਹੀ ਲੰਚ ਜ਼ਰੂਰੀ

ਅਕਸਰ ਦੇਖਿਆ ਗਿਆ ਹੈ ਕਿ ਬਹੁਤੇ ਬੱਚੇ ਅੱਧੀ ਛੁੱਟੀ ਵੇਲੇ ਖਾਣਾ ਖਾਣ ਦੀ ਬਜਾਏ ਖੇਡਦੇ ਹਨ। ਖੇਡਣ ਦੇ ਚੱਕਰ ਵਿਚ ਬੱਚੇ ਥੋੜ੍ਹਾ-ਬਹੁਤ ਖਾ ਕੇ ਡੱਬਾ ਬੰਦ ਕਰ ਦਿੰਦੇ ਹਨ ਅਤੇ ਫਿਰ ਉਸ ਨੂੰ ਘਰ ਮੁੜਦੇ ਸਮੇਂ ਆਟੋ ਜਾਂ ਸਕੂਲ ਬੱਸ ਵਿਚ ਖਾਂਦੇ ਹਨ। ਜਿਨ੍ਹਾਂ ਸਕੂਲਾਂ ਵਿਚ ਸਕੂਲ ਕੰਟੀਨ ਹੈ, ਉਥੇ ਬੱਚੇ ਕੰਟੀਨ ਵਿਚੋਂ ਵੈਫਰਸ, ਚਿਪਸ, ਫ੍ਰਾਈਡ ਫੂਡ, ਪੇਸਟਰੀ, ਚਾਕਲੇਟ ਖਾ ਲੈਂਦੇ ਹਨ ਪਰ ਟਿਫਨ ਨੂੰ ਹੱਥ ਨਹੀਂ ਲਗਾਉਂਦੇ। ਸਾਰੇ ਵਿਦਿਆਰਥੀਆਂ ਨੂੰ ਠੀਕ ਢੰਗ ਨਾਲ ਦੁਪਹਿਰ ਦਾ ਖਾਣਾ ਖਾਣਾ ਚਾਹੀਦਾ ਹੈ। ਅਧਿਆਪਕ ਦੀ ਨਿਗਰਾਨੀ ਨਾਲ ਫਾਸਟ ਫੂਡ, ਡੱਬਾਬੰਦ ਭੋਜਨ 'ਤੇ ਆਪਣੇ-ਆਪ ਹੀ ਪਾਬੰਦੀ ਲੱਗ ਜਾਵੇਗੀ।

### ਕੀ ਖਾਈਏ/ਕੀ ਨਾ ਖਾਈਏ

ਦਾਲ-ਰੋਟੀ, ਆਲੂ-ਪਰੌਂਠਾ, ਗੋਭੀ ਪਰੌਂਠਾ, ਇਡਲੀ-ਡੋਸਾ, ਉਪਮਾ, ਫਲ, ਸਾਬੂਦਾਣਾ, ਖਿਚੜੀ, ਵੈਜੀਟੇਬਲ ਕਟਲੇਸ, ਪੇਟੀਸ, ਪੋਹਾ ਵਗੈਰਾ ਦਾ ਸੇਵਨ ਸਿਹਤ ਪੱਖੋਂ ਲਾਭਦਾਇਕ ਹੈ। ਡੱਬਾਬੰਦ ਖਾਧ ਪਦਾਰਥ, ਤੇਲੀ ਪਦਾਰਥ, ਵੈਫਰਸ, ਚਿਪਸ, ਬਰਗਰ ਵਗੈਰਾ 'ਤੇ ਰੋਕ ਜ਼ਰੂਰੀ ਹੈ। ਪੀਣ ਵਾਲੇ ਪਦਾਰਥਾਂ ਵਿਚ ਮਿਲਕ ਸ਼ੇਖ, ਜੂਸ, ਸੂਪ, ਸੋਇਆਮਿਲਕ ਦਾ ਸੇਵਨ ਸਿਹਤ ਪੱਖੋਂ ਲਾਭਦਾਇਕ ਹੈ। ਪੁੰਗਰੇ ਭੋਜਨ-ਮੋਠ, ਮੂੰਗੀ ਆਦਿ ਵੀ ਸਿਹਤ ਲਈ ਲਾਭਦਾਇਕ ਹਨ। ਕੋਲਡਡ੍ਰਿੰਕਸ 'ਤੇ ਸਕੂਲਾਂ ਵਿਚ ਰੋਕ ਲੱਗਣੀ ਚਾਹੀਦੀ ਹੈ। ਬੱਚਿਆਂ ਨੂੰ ਸੰਤੁਲਿਤ, ਪੌਸ਼ਟਿਕ ਭੋਜਨ ਖਵਾਉਣਾ ਚਾਹੀਦਾ ਹੈ।



# ਬਰਸਤੀ ਮੌਸਮ 'ਚ ਰੋਗਾਂ ਤੋਂ ਬਚਣਾ ਜ਼ਰੂਰੀ

ਗਰਮੀ ਰੁੱਤ ਦੀ ਪ੍ਰੇਸ਼ਾਨੀ ਤੋਂ ਬਾਅਦ ਬਰਸਾਤ ਦੀ ਉਡੀਕ ਹੁੰਦੀ ਹੈ। ਤੇਜ਼ ਗਰਮੀ ਤੋਂ ਬਾਅਦ ਮਨੁੱਖ, ਜੀਵ-ਜੰਤੂ, ਜਾਨਵਰ, ਪੌਦੇ ਸਾਰੇ ਮੀਂਹ ਲਈ ਤਰਸ ਰਹੇ ਹੁੰਦੇ ਹਨ। ਬਰਸਾਤ ਰੁੱਤ ਵਿਚ ਮੰਦਾਗਿਨ ਦੇ ਕਾਰਨ ਸਰੀਰ ਦੁਰਬਲ ਪੈ ਜਾਂਦਾ ਹੈ। ਇਸ ਲਈ ਖਾਣ-ਪੀਣ ਵਿਚ ਵੀ ਸਾਵਧਾਨੀ ਵਰਤਣੀ ਪੈਂਦੀ ਹੈ। ਵਰਖਾ ਰੁੱਤ ਵਿਚ ਥੋੜ੍ਹੀ ਜਿਹੀ ਖਾਣ-ਪੀਣ ਵਿਚ ਹੋਈ ਲਾਪ੍ਰਵਾਹੀ ਕਈ ਬਿਮਾਰੀਆਂ ਨੂੰ ਸੱਦਾ ਦਿੰਦੀ ਹੈ ਜਿਵੇਂ ਜਵਰ, ਦਸਤ, ਪੀਲੀਆ, ਟਾਈਫਾਈਡ, ਉਲਟੀ ਆਉਣਾ ਅਤੇ ਫੋੜੇ-ਫਿੰਸੀਆਂ ਆਦਿ।

ਗੰਦਾ ਪਾਣੀ ਪੀਣ ਕਾਰਨ ਕਈ ਰੋਗ ਹੋ ਸਕਦੇ ਹਨ ਜਿਵੇਂ ਪੀਲੀਆ, ਟਾਈਫਾਈਡ, ਹੈਜ਼ਾ ਆਦਿ। ਸਭ ਤੋਂ ਬਿਹਤਰ ਹੈ ਇਨ੍ਹਾਂ ਦਿਨਾਂ ਵਿਚ ਉਬਾਲ ਕੇ ਪਾਣੀ ਪੀਣਾ ਪਰ ਏਨਾ ਸਮਾਂ ਕਿਸ ਦੇ ਕੋਲ ਹੈ ਕਿ ਸਾਰਾ ਪੀਣ ਵਾਲਾ ਪਾਣੀ ਉਬਾਲ ਕੇ, ਠੰਢਾ ਕਰਕੇ ਫਰਿੱਜ ਵਿਚ ਰੱਖਿਆ ਜਾਵੇ। ਪਾਣੀ ਨੂੰ ਫਿਲਟਰ ਕਰਕੇ ਸਾਫ਼ ਪਾਣੀ ਹੀ ਬਰਸਾਤ ਰੁੱਤ ਵਿਚ ਪੀਣਾ ਚਾਹੀਦਾ ਹੈ।

ਇਨ੍ਹਾਂ ਦਿਨਾਂ ਵਿਚ ਜਿਥੇ ਪਾਣੀ ਰੁਕਿਆ, ਮੱਖੀਆਂ-ਮੱਛਰ ਵੀ ਉਥੇ ਆਪਣਾ ਘਰ ਬਣਾ ਲੈਂਦੇ ਹਨ ਅਤੇ ਮੱਖੀਆਂ ਸਾਡੀਆਂ ਖਾਣ-ਪੀਣ ਵਾਲੀਆਂ ਚੀਜ਼ਾਂ 'ਤੇ ਬੈਠਦੀਆਂ ਹਨ ਅਤੇ ਭੋਜਨ ਦੂਸ਼ਿਤ ਕਰ ਦਿੰਦੀਆਂ ਹਨ। ਇਨ੍ਹਾਂ ਦਿਨਾਂ ਵਿਚ ਕਾਕਰੋਚ ਆਦਿ ਵੀ ਜ਼ਿਆਦਾ ਹੁੰਦੇ ਹਨ। ਆਪਣਾ ਭੋਜਨ ਢਕ ਕੇ ਰੱਖੋ। ਤਾਜ਼ਾ ਭੋਜਨ ਹੀ ਖਾਓ। ਭਾਂਡਿਆਂ ਨੂੰ ਵੀ ਚੰਗੀ ਤਰ੍ਹਾਂ ਸਾਫ ਕਰਕੇ ਭੋਜਨ ਪਰੋਸਣਾ ਚਾਹੀਦਾ ਹੈ। ਭੋਜਨ ਬਣਾਉਣ ਤੋਂ ਪਹਿਲਾਂ ਆਪਣੇ ਹੱਥ ਧੋ ਕੇ ਭੋਜਨ ਪਕਾਓ।

ਬਰਸਾਤ ਰੁੱਤ ਵਿਚ ਪਾਣੀ ਦੂਸ਼ਿਤ ਹੋਣ ਕਾਰਨ ਸਰੀਰ 'ਤੇ ਖੁਜਲੀ ਹੋਣ ਲਗਦੀ ਹੈ। ਪੈਰਾਂ ਦੀਆਂ ਉਂਗਲੀਆਂ ਦੇ ਵਿਚ ਖੁਜਲਾਉਣ ਤੋਂ ਬਾਅਦ ਜ਼ਖਮ ਹੋ ਸਕਦੇ ਹਨ ਜਾਂ ਉਂਗਲੀਆਂ ਸੁੱਜ ਜਾਂਦੀਆਂ ਹਨ। ਬਰਸਾਤ ਵਿਚ ਨਹਾਉਣ ਤੋਂ ਬਾਅਦ ਜਾਂ ਬਰਸਾਤ ਵਿਚ ਭਿੱਜਣ ਤੋਂ ਬਾਅਦ ਸਰੀਰ ਨੂੰ ਚੰਗੀ ਤਰ੍ਹਾਂ ਪੂੰਝ ਕੇ ਸੁੱਕੇ ਕੱਪੜੇ ਪਹਿਨੋ। ਉਂਗਲੀਆਂ ਦੇ ਵਿਚ ਤੇਲ ਆਦਿ ਲਗਾਓ।

ਫੋੜੇ-ਫਿਨਸੀਆਂ ਹੋਣ 'ਤੇ ਡਾਕਟਰ ਨੂੰ ਦਿਖਾ ਕੇ ਸਹੀ ਇਲਾਜ ਕਰਵਾਓ। ਫੋੜੇ-ਫਿਨਸੀਆਂ ਢਕ ਕੇ ਰੱਖੋ, ਨਹੀਂ ਤਾਂ ਮੱਖੀ-ਮੱਛਰ ਇਨ੍ਹਾਂ 'ਤੇ ਬੈਠ ਕੇ ਜ਼ਖਮ ਨੂੰ ਹੋਰ ਵਧਾਉਣਗੇ। ਨਿੰਮ ਦੇ ਪੱਤਿਆਂ ਨੂੰ ਉਬਾਲ ਕੇ, ਠੰਢਾ ਕਰ ਕੇ ਉਸ ਪਾਣੀ ਨੂੰ ਦੂਜੇ ਪਾਣੀ ਵਿਚ ਮਿਲਾ ਕੇ ਇਸ਼ਨਾਨ ਕਰੋ। ਛੇਤੀ ਆਰਾਮ ਮਿਲੇਗਾ।

ਭਿੱਜੇ ਕੱਪੜੇ ਜ਼ਿਆਦਾ ਸਮੇਂ ਤੱਕ ਪਹਿਨੀ ਰੱਖਣ ਨਾਲ ਸਰਦੀ ਵੀ ਲੱਗ ਸਕਦੀ ਹੈ। ਸਰਦੀ ਲੱਗਣ ਨਾਲ ਖੰਘ, ਜ਼ੁਕਾਮ ਹੋ ਜਾਂਦਾ ਹੈ। ਬਰਸਾਤ ਵਿਚ ਬਾਹਰ ਨਾ ਜਾਓ। ਜੇ ਅਚਾਨਕ ਭਿੱਜ ਜਾਓ ਤਾਂ ਸਰੀਰ ਪੂੰਝ ਕੇ ਸੁੱਕੇ ਕੱਪੜੇ ਪਾ ਲਓ। ਪਸੀਨਾ ਜ਼ਿਆਦਾ ਆਉਣ 'ਤੇ ਹਰ ਰੋਜ਼ ਆਪਣੇ ਅੰਦਰ ਵਾਲੇ ਕੱਪੜੇ ਬਦਲੋ।

ਮੱਛਰ ਤੋਂ ਆਪਣੇ-ਆਪ ਨੂੰ ਬਚਾ ਕੇ ਰੱਖੋ, ਨਹੀਂ ਤਾਂ ਟਾਈਫਾਈਡ ਜਾਂ ਤੇਜ਼ ਬੁਖਾਰ ਹੋ ਸਕਦਾ ਹੈ। ਦਰਵਾਜ਼ੇ, ਖਿੜਕੀਆਂ 'ਤੇ ਜਾਲੀ ਲਗਵਾ ਕੇ ਰੱਖੋ ਅਤੇ ਉਨ੍ਹਾਂ ਨੂੰ ਬੰਦ ਰੱਖੋ ਤਾਂ ਕਿ ਬਾਹਰੋਂ ਮੱਛਰ ਘਰ ਵਿਚ ਨਾ ਵੜ ਸਕੇ। ਮੱਛਰਦਾਨੀ ਜਾਂ ਮੱਛਰਾਂ ਨੂੰ ਭਜਾਉਣ ਵਾਲੀ ਦਵਾਈ ਦੀ ਵਰਤੋਂ ਕਰੋ। ਘਰ ਵਿਚ, ਕੂਲਰ ਵਿਚ ਅਤੇ ਆਸ-ਪਾਸ ਦੀਆਂ ਨਾਲੀਆਂ ਵਿਚ ਪਾਣੀ ਇਕੱਠਾ ਨਾ ਹੋਣ ਦਿਓ। ਘਰ ਦੇ ਫਰਸ਼ ਅਤੇ ਬਾਥਰੂਮ ਆਦਿ ਵਿਚ ਫਿਨਾਈਲ ਜਾਂ ਮਿੱਟੀ ਦੇ ਤੇਲ ਨਾਲ ਪੋਚਾ ਲਗਾਓ।

ਰਾਤ ਨੂੰ ਪੂਰਾ ਸਰੀਰ ਢਕ ਕੇ ਸੌਂਵੋਂ। ਇਸ ਮੌਸਮ ਵਿਚ ਬਾਹਰੀ ਭੋਜਨ, ਬਰਫ ਵਾਲਾ ਪਾਣੀ ਆਦਿ ਬਿਲਕੁਲ ਨਾ ਪੀਓ। ਘਰ ਵਿਚ ਬਣਿਆ ਹਲਕਾ ਅਤੇ ਤਾਜ਼ਾ ਭੋਜਨ ਲਓ। ਜ਼ਿਆਦਾ ਭਾਰੀ ਭੋਜਨ ਨਾਲ ਪੇਟ ਖਰਾਬ ਹੋਣ ਦੀ ਸੰਭਾਵਨਾ ਰਹਿੰਦੀ ਹੈ। ਦੁੱਧ, ਦਹੀਂ, ਲੱਸੀ ਦੀ ਵਰਤੋਂ ਵੀ ਸੀਮਤ ਮਾਤਰਾ ਵਿਚ ਕਰੋ। ਬੇਸਣ ਅਤੇ ਬੇਸਣ ਤੋਂ ਬਣੇ ਖਾਧ ਪਦਾਰਥ ਨਾ ਖਾਓ। ਨਿੰਬੂ ਦਾ ਸੇਵਨ ਜਾਂ ਪੁਦੀਨੇ ਦੀ ਚਟਣੀ ਇਸ ਰੁੱਤ ਵਿਚ ਲਾਭਦਾਇਕ ਹੁੰਦੀ ਹੈ। ਥੋੜ੍ਹੀ ਜਿਹੀ ਜ਼ਿਆਦਾ ਸਾਵਧਾਨੀ ਵਰਤ ਕੇ ਤੁਸੀਂ ਆਪਣੇ-ਆਪ ਨੂੰ ਅਤੇ ਪਰਿਵਾਰ ਨੂੰ ਬਰਸਾਤ ਰੁੱਤ ਤੋਂ ਹੋਣ ਵਾਲੇ ਨੁਕਸਾਨਾਂ ਤੋਂ ਬਚਾ ਸਕਦੇ ਹੋ।

# ਧੌਣ ਦਾ ਦਰਦ ਦਾ ਵਧਦਾ ਰੋਗ



ਧੌਣ ਦਰਦ, ਨੈਕ ਪੇਨ, ਸਰਵਾਈਕਲ ਸਪਾਂਡੇਲੋਟਿਸ ਪਹਿਲਾਂ 40 ਸਾਲ ਤੋਂ ਜ਼ਿਆਦਾ ਉਮਰ ਦੇ ਲੋਕਾਂ ਨੂੰ ਸਤਾਉਂਦਾ ਸੀ ਪਰ ਵਰਤਮਾਨ ਸਮੇਂ ਦੀ ਸਿੱਖਿਆ ਸ਼ੈਲੀ, ਰੋਜ਼ਮਰ੍ਹਾ ਅਤੇ ਆਜੀਵਿਕਾ ਨੇ ਬੱਚੇ-ਬਜ਼ੁਰਗ ਸਾਰਿਆਂ ਨੂੰ ਧੌਣ ਦੇ ਦਰਦ ਦਾ ਮਰੀਜ਼ ਬਣਾ ਦਿੱਤਾ ਹੈ। ਇਹ ਲਗਾਤਾਰ ਇਕੋ ਹੀ ਸਥਿਤੀ ਵਿਚ ਰਹਿਣ, ਪਿੱਠ ਅਤੇ ਮੋਢੇ 'ਤੇ ਭਾਰੀ ਬਸਤੇ ਦਾ ਬੋਝ ਲੱਦਣ, ਟੀ. ਵੀ., ਕੰਪਿਊਟਰ ਨੂੰ ਲਗਾਤਾਰ ਦੇਖਣ, ਕੰਨ ਅਤੇ ਮੋਢੇ ਵਿਚਕਾਰ ਮੋਬਾਈਲ ਨੂੰ ਟਿਕਾ ਕੇ ਜ਼ਿਆਦਾ ਦੇਰ ਗੱਲ ਕਰਨੀ, ਹੈਲਮੇਟ ਨੂੰ ਜ਼ਿਆਦਾ ਦੇਰ ਤੱਕ ਪਹਿਨਣ ਨਾਲ ਹੁੰਦਾ ਹੈ।

ਇਹ ਅਜਿਹੇ ਕਾਰਨਾਂ ਦੀ ਬਹੁਤਾਤ ਦੀ ਹਾਲਤ ਵਿਚ ਧੌਣ ਦੀਆਂ ਹੱਡੀਆਂ ਵਿਚ ਗੈਪ ਆਉਣ, ਘਸਣ, ਉਨ੍ਹਾਂ ਦੇ ਜੋੜਾਂ ਵਿਚ ਸੋਜ ਆਦਿ ਨਾਲ ਦਰਦ ਹੁੰਦੀ ਹੈ ਪਰ ਧੌਣ ਦਰਦ ਦਾ ਲਗਾਤਾਰ ਰਹਿਣਾ ਪੀੜਤ ਵਿਅਕਤੀ ਲਈ ਧੌਣ ਘੁਮਾਉਣੀ ਮੁਸ਼ਕਿਲ ਕਰ ਦਿੰਦਾ ਹੈ ਅਤੇ ਉਸ ਦਾ ਰੋਜ਼ਾਨਾ ਕੰਮਕਾਜ ਵੀ ਦੁੱਭਰ ਹੋ ਜਾਂਦਾ ਹੈ। ਦਰਦਨਾਸ਼ਕ ਦਵਾਈਆਂ ਇਸ ਦਾ ਅਸਥਾਈ ਇਲਾਜ ਕਰਦੀਆਂ ਹਨ। ਹੱਡੀਆਂ ਦੇ ਡਾਕਟਰ ਅਤੇ ਫਿਜਿਓਥੈਰੇਪਿਸਟ ਹੀ ਰੋਗੀ ਦੀ ਜਾਂਚ ਕਰਕੇ ਇਸ ਤੋਂ ਰਾਹਤ ਦਿਵਾ ਸਕਦੇ ਹਨ। ਰੀੜ੍ਹ ਦੀ ਹੱਡੀ ਦਾ ਧੌਣ ਵਾਲਾ ਭਾਗ ਜਿਸ ਨੂੰ 'ਸਰਵਾਈਕਲ ਸਪਾਈਨ' ਕਹਿੰਦੇ ਹਨ, ਇਹ ਸੱਤ ਕਸ਼ੇਰੂਕਾਵਾਂ ਅਤੇ ਉਨ੍ਹਾਂ ਦੀ ਬਾਡੀ ਦੇ ਮੱਧ ਡਿਸਕ ਨਾਲ ਬਣਦਾ ਹੈ। ਧੌਣ ਦੀ ਚਾਲ ਨੂੰ ਸੁਚਾਰੂ ਰੂਪ ਨਾਲ ਚਲਾਉਣ ਲਈ ਧੌਣ ਦੀਆਂ ਹੱਡੀਆਂ ਵਿਚ 32 ਜੋੜ ਹੁੰਦੇ ਹਨ। ਇਸ ਧੌਣ ਦੀ 85 ਫੀਸਦੀ ਚਾਲ ਉੱਪਰਲੀਆਂ ਦੋ ਕਸ਼ੇਰੂਕਾਵਾਂ ਦੇ ਕਾਰਨ ਹੁੰਦੀ ਹੈ। ਧੌਣ ਦੇ ਦਰਦ ਨਾਲ ਹੋਣ ਵਾਲੀ ਪ੍ਰੇਸ਼ਾਨੀ, ਚਾਲ ਵੀ ਘੱਟ ਹੋ ਜਾਣ ਨਾਲ ਰੋਜ਼ਾਨਾ ਕੰਮਾਂ ਵਿਚ ਰੁਕਾਵਟ ਪੈਂਦੀ ਹੈ। ਉਮਰ ਦੇ ਨਾਲ ਹੱਡੀਆਂ ਵਿਚ ਘਿਸਾਈ ਅਤੇ ਬਦਲਾਅ ਆ ਜਾਂਦਾ ਹੈ। ਇਹ ਧੌਣ ਦੀਆਂ ਹੱਡੀਆਂ ਵਿਚ ਵੀ ਹੁੰਦਾ ਹੈ। ਇਸ ਵਿਚ ਘਿਸਾਈ, ਗੈਪ ਹੋ ਜਾਣ ਜਾਂ ਇਨ੍ਹਾਂ ਦੇ ਜੋੜ ਵਾਲੇ ਹਿੱਸੇ ਦੀਆਂ ਮਾਸਪੇਸ਼ੀਆਂ ਵਿਚ ਸੋਜ ਨਾਲ ਇਹ ਧੌਣ ਦਾ ਦਰਦ ਹੁੰਦਾ ਹੈ।

ਇਹ ਸਭ ਧੌਣ ਦੀ ਉਸ ਹੱਡੀ ਵਿਚ ਹੁੰਦਾ ਹੈ ਜਿਸ ਨੂੰ 'ਸਰਵਾਈਕਲ ਸਪਾਈਨ' ਕਹਿੰਦੇ ਹਨ। ਇਹ ਦਰਦ ਗ਼ਲਤ ਢੰਗ ਨਾਲ ਇਕੋ ਸਥਿਤੀ ਵਿਚ ਲੰਬੇ ਸਮੇਂ ਤੱਕ ਬੈਠਣ ਜਾਂ ਰਹਿਣ ਨਾਲ ਹੁੰਦਾ ਹੈ। ਵਿਦਿਆਰਥੀਆਂ ਨੂੰ ਪਿੱਠ 'ਤੇ ਰੱਖੇ ਬਸਤੇ ਦੇ ਭਾਰ ਨਾਲ, ਕੰਪਿਊਟਰ 'ਤੇ ਕੰਮ ਕਰਨ ਵਾਲਿਆਂ, ਦੰਦਾਂ ਦੇ ਡਾਕਟਰਾਂ ਨੂੰ ਆਪਣੇ ਕੰਮ ਦੇ ਕਾਰਨ, ਹੈਲਮੇਟ ਲੈਣ ਵਾਲਿਆਂ ਨੂੰ ਉਸ ਦੀ ਲਗਾਤਾਰ ਵਰਤੋਂ ਨਾਲ, ਵਾਹਨ ਚਾਲਕ ਨੂੰ ਸਿਰ ਅਤੇ ਮੋਢੇ ਦੇ ਵਿਚ ਮੋਬਾਈਲ ਘੁੱਟ ਕੇ ਜ਼ਿਆਦਾ ਗੱਲਾਂ ਕਰਨ ਨਾਲ, ਸੌਣ ਸਮੇਂ ਮੋਟੇ ਸਿਰਹਾਣੇ ਦੀ ਵਰਤੋਂ ਨਾਲ ਜ਼ਿਆਦਾਤਰ ਹੁੰਦਾ ਹੈ। ਅੱਜਕਲ੍ਹ ਦੀ ਹੱਦ ਤੋਂ ਜ਼ਿਆਦਾ ਤਣਾਅ ਭਰੀ ਜ਼ਿੰਦਗੀ ਨੈੱਕ ਪੇਨ ਨੂੰ ਵਧਾ ਰਹੀ ਹੈ। ਇਹ ਬੱਚਿਆਂ, ਅੱਲੜ੍ਹਾਂ ਲਈ ਖਤਰੇ ਦੀ ਘੰਟੀ ਹੈ। ਧੌਣ ਦਰਦ ਤੋਂ ਪੀੜਤ ਕੋਈ ਵੀ ਵਿਅਕਤੀ ਜਦੋਂ ਇਸ 'ਤੇ ਧਿਆਨ ਨਹੀਂ ਦਿੰਦਾ, ਇਲਾਜ ਨਹੀਂ ਕਰਵਾਉਂਦਾ ਤਾਂ ਇਹ ਹੋਰ ਪ੍ਰੇਸ਼ਾਨੀਆਂ ਨੂੰ ਵੀ ਵਧਾ ਸਕਦਾ ਹੈ।

ਲੱਛਣ : ਧੌਣ ਦੀ ਆਕੜ, ਦਰਦ ਅਤੇ ਭਾਰੀਪਨ, ਧੌਣ ਘੁਮਾਉਣ ਵਿਚ ਮੁਸ਼ਕਿਲ, ਸਿਰ ਦੇ ਪਿਛਲੇ ਭਾਗ ਵਿਚ ਦਰਦ, ਚੱਕਰ ਆਉਣੇ, ਧੌਣ ਘੁਮਾਉਣ 'ਤੇ ਚਟ ਦੀ ਆਵਾਜ਼ ਆਉਣਾ ਆਦਿ। ਅੱਗੇ ਇਸ ਦਰਦ ਦੇ ਲੱਛਣਾਂ ਦਾ ਵਿਸਥਾਰ ਹੱਥ ਤੱਕ ਵਧ ਜਾਂਦਾ ਹੈ ਅਤੇ ਮੋਢਿਆਂ ਵਿਚ ਹਲਕਾ ਭਾਰੀਪਨ ਅਤੇ ਦਰਦ, ਇਸ ਦਰਦ ਦਾ ਹੱਥ ਤੱਕ ਵਿਸਥਾਰ, ਹੱਥਾਂ ਦਾ ਸੁੰਨ ਹੋਣਾ, ਜਾਨ ਨਾ ਰਹਿਣਾ, ਨਸਾਂ ਵਿਚ ਖਿਚਾਅ ਨਾਲ ਹੱਥਾਂ ਵਿਚ ਕੰਪੰਨ ਆਦਿ ਲੱਛਣ ਦਿਸਦੇ ਹਨ।

ਬਚਾਅ ਉਪਾਅ : ਜੇਕਰ ਪਹਿਲਾਂ ਦੱਸੇ ਗਏ ਕਾਰਨਾਂ ਵਿਚੋਂ ਕਿਸੇ ਕਾਰਨ ਧੌਣ ਦੀ ਦਰਦ ਹੈ ਤਾਂ ਇਸ ਤੋਂ ਬਚਣ ਦਾ ਉਪਾਅ ਖੁਦ ਕਰੋ। ਧੌਣ ਅਤੇ ਮੋਢਿਆਂ ਦੀ ਕਸਰਤ ਨਿਯਮਤ ਕਰੋ। ਸਹੀ ਸਥਿਤੀ ਵਿਚ ਬੈਠੋ। ਪੈਰ ਜ਼ਮੀਨ 'ਤੇ ਅਤੇ ਪਿੱਠ ਕੁਰਸੀ ਦੇ ਪ੍ਰਿਸ਼ਠ ਭਾਗ 'ਤੇ ਸਿੱਧੀ ਰੱਖੋ। ਝੁਕ ਕੇ ਜਾਂ ਇਕੋ ਸਥਿਤੀ ਵਿਚ ਲਗਾਤਾਰ ਕੰਮ ਨਾ ਕਰੋ। ਵਿਚ-ਵਿਚ ਮੋਢਿਆਂ, ਧੌਣ ਨੂੰ ਘੁਮਾਓ। ਮੋਟੇ ਸਿਰਹਾਣੇ ਦੀ ਵਰਤੋਂ ਘੱਟ ਕਰੋ ਜਾਂ ਬੰਦ ਕਰ ਦਿਓ।

ਹਲਕਾ-ਫੁਲਕਾ ਦਰਦ, ਗੋਲੀ ਜਾਂ ਦਰਦਨਾਸ਼ਕ ਕ੍ਰੀਮ ਨਾਲ ਦੂਰ ਹੋ ਜਾਂਦੀ ਹੈ। ਧੌਣ ਦੇ ਦਰਦ ਵਾਲੇ ਭਾਗ 'ਤੇ ਗਰਮ ਕੱਪੜੇ ਨਾਲ ਸੇਕ ਦੇਣ ਜਾਂ ਬਰਫ ਘਸਾਉਣ ਨਾਲ ਦਰਦ ਠੀਕ ਹੋ ਜਾਂਦੀ ਹੈ। ਫਿਰ ਵੀ ਦਰਦ ਨਾ ਹਟੇ ਤਾਂ ਹੱਡੀ ਰੋਗ ਦੇ ਮਾਹਿਰ ਡਾਕਟਰ ਨੂੰ ਮਿਲੋ ਅਤੇ ਇਲਾਜ ਕਰਾਓ, ਨਹੀਂ ਤਾਂ ਪ੍ਰੇਸ਼ਾਨੀ ਵਧ ਜਾਵੇਗੀ।

# ਆਸ਼ਕੀ ਨਿਗ੍ਹਾ

ਲੇਖਕ : ਬਰਾੜ-ਭਗਤਾ ਭਾਈ ਕਾ
ਸੰਪਰਕ : 1-604-751-1113



ਸੱਥ ਵਿੱਚ ਤਾਸ਼ ਖੇਡੀ ਜਾਂਦਿਆਂ ਕੋਲ ਖੇਸੀ ਦੀ ਬੁੱਕਲ ਮਾਰੀ ਖੜ੍ਹੇ ਟਹਿਲ ਮੈਂਬਰ ਕੇ ਗੱਜੂ ਨੂੰ ਸੱਥ ਕੋਲੋਂ ਲੰਘਿਆ ਜਾਂਦਾ ਸੰਤੋਖੇ ਬੁੜ੍ਹੇ ਕਾ ਕਾਂਚੀ ਕਹਿੰਦਾ, ''ਓਏ ਕਿਮੇਂ ਐਂ ਟੁਣੀਏਂ ਕਿਆ, ਆ ਚੱਲੀਏ ਆਟਾ ਚੱਕ ਕੇ ਲਿਆਈਏ ਮੱਘਰ ਕੀ ਚੱਕੀ ਤੋਂ?''

ਬਾਬਾ ਗੋਪਾਲ ਸਿਉਂ ਕਾਂਚੀ ਵੱਲ ਵੇਖ ਕੇ ਬੋਲਿਆ, ''ਹੈਂਅ! ਇਹ ਕੀਹਨੂੰ ਕੁਸ ਕਹਿ ਗਿਆ ਬਈ?''

ਸੀਤਾ ਮਰਾਸੀ ਬਾਬੇ ਦੇ ਕੰਨ ਦੇ ਨੇੜੇ ਮੂੰਹ ਕਰਕੇ ਮੱਧਮ ਜਿਹੀ ਆਵਾਜ਼ 'ਚ ਕਹਿੰਦਾ, ''ਟਹਿਲ ਬਿੰਬਰ ਦੇ ਪੋਤੇ ਛੋਟੂ ਦੇ ਮੁੰਡੇ ਨੂੰ ਕਿਹਾ ਟੁਣੀਏਂ ਕਿਆ। ਆਹ ਵੇ ਤਾਸ਼ ਆਲਿਆਂ ਕੋਲ ਖੜ੍ਹਾ।''

ਬਾਬੇ ਨੇ ਪੁੱਛਿਆ, ''ਟੁਣੀਆਂ ਕਾਸਨੂੰ ਕਹਿੰਦਾ। ਪਤੰਦਰੋ ਨਿੱਤ ਨਮੇਂ ਈ ਨਾਂਅ ਧਰ ਦੇ ਐਂ ਓਏ।

ਨਾਥਾ ਅਮਲੀ ਬਾਬੇ ਨੂੰ ਗੁੱਤ ਪੱਟਣੇ ਵਾਂਗੂੰ ਚਿੰਬੜ ਕੇ ਪਿਆ, ''ਕੀ ਕਰਦੈਂ ਬਾਬਾ ਤੂੰ। ਪਿੰਡ 'ਚ ਈ ਰਹਿਨੈਂ ਕੁ ਰਾਜਸਥਾਨ 'ਚ ਮਕੰਦਗੜ੍ਹ ਬੈਠੈਂ। ਟਹਿਲ ਬਿੰਬਰ ਨੂੰ ਸਾਰਾ ਪਿੰਡ ਵੀਹਾਂ ਵਰ੍ਹਿਆਂ ਦਾ ਤਾਂ ਟੁਣੀਆਂ ਟੁਣੀਆਂ ਕਹਿੰਦਾ, ਤੈਨੂੰ ਪਤਾ ਨ੍ਹੀ ਕਿਉਂ ਨ੍ਹੀ ਖਬਰ। ਜਾਂ ਤਾਂ ਤੇਰਾ ਟਹਿਲ ਕਿਆਂ ਨਾਲ ਵਾਹ ਨ੍ਹੀ ਪਿਆ ਹੋਣਾ ਜਾਂ ਫਿਰ ਭਾਈ ਕੋਈ ਸਕੀਰੀ ਸਕੂਰੀ ਹੋਣੀ ਐ ਤੇਰੀ ਜੀਹਦੇ ਕਰਕੇ ਤੈਨੂੰ ਓਹਦੇ ਲਹੌਰੀ ਨਾਂ ਦਾ ਨ੍ਹੀ ਪਤਾ।''

ਮਾਹਲੇ ਨੰਬਰਦਾਰ ਨੇ ਅਮਲੀ ਨੂੰ ਹੈਰਾਨੀ ਨਾਲ ਪੁੱਛਿਆ, ''ਆਹ ਲਹੌਰੀ ਨਾਂ ਕਿਹੜਾ ਹੁੰਦਾ ਨਾਥਾ ਸਿਆਂ। ਆਹ ਇੱਕ ਹੋਰ ਨਮਾਂ ਈ ਢੋਲ ਖੜਕਾ 'ਤਾ ਅੱਜ ਤੈਂ?''

ਨਾਥੇ ਅਮਲੀ ਦੀ ਭੋਰਾ ਵੱਧ ਟਾਂਕੀ ਹੋਈ ਕਰਕੇ ਗੱਲ ਹੇਠਾਂ ਨਹੀਂ ਸੀ ਡਿੱਗਣ ਦੇ ਰਿਹਾ। ਨੰਬਰਦਾਰ ਦੀ ਗੱਲ ਸੁਣ ਕੇ ਨੰਬਰਦਾਰ ਨੂੰ ਵੀ ਇਉਂ ਕਤਾੜ ਕੇ ਪੈ ਗਿਆ ਜਿਮੇਂ ਜਮੀਨ ਦੀ ਮਿਣਤੀ ਕਰਦੇ ਮਾਲ ਪਟਵਾਰੀ ਦੇ ਪਜਾਮੇ ਨੂੰ ਲੇਹਾ ਚਿੰਬੜ ਗਿਆ ਹੋਵੇ। ਨੰਬਰਦਾਰ ਨੂੰ ਕਹਿੰਦਾ,

''ਤੂੰ ਨੰਬਰਦਾਰ ਬਾਬੇ ਗਪਾਲ ਸਿਉਂ ਤੋਂ ਵੀ ਗਾਹਾਂ ਟੱਪ ਗਿਐਂ। ਬਾਬੇ ਨੇ ਤਾਂ ਹਜੇ ਮਕੰਦਗੜ੍ਹ ਦੀ ਓ ਈ ਟਿਕਟ ਕਟਾਈ ਐ ਤੂੰ ਪਤੰਦਰਾ ਓੱਦੂੰ ਵੀ ਚਾਲੀ ਕੋਹ ਗਾਂਹ ਨੰਘ ਗਿਐਂ। ਲੈ ਦੱਸ! ਸਾਰੀ ਉਮਰ ਲਹੌਰੀ ਕੇ ਗੁਆੜ ਰਹਿ ਕੇ ਨੰਘਾ 'ਤੀ, ਹੁਣ ਜਲੇਬੀਆਂ ਦੇ ਟੈਮ ਪੁੱਛਦਾ ਲਹੌਰੀ ਨਾਂ ਕਿਹੜਾ ਹੁੰਦਾ। ਜਾਹ ਓ ਨੰਬਰਦਾਰਾ ਗਧੇ ਦਿਆ ਯਾਰਾ। ਤੂੰ ਵੀ ਘਣ ਚੱਕਰ ਈ ਐਂ।''

ਬੁੱਘਰ ਦਖਾਣ ਨੇ ਹੱਸ ਕੇ ਪੁੱਛਿਆ, ''ਜਲੇਬੀਆਂ ਦਾ ਕਿਹੜਾ ਟੈਮ ਹੁੰਦਾ ਅਮਲੀਆ ਓਏ?''

ਅਮਲੀ ਕਹਿੰਦਾ, ''ਜਦੋਂ ਲੱਕੜਾਂ ਦੇ ਨੇੜੇ ਹੋ ਜਾਂਦਾ ਬੰਦਾ ਉਦੋਂ ਪੱਕਦੇ ਐ ਫੇਰ ਲੱਡੂ ਜਲੇਬੀਆਂ।''

ਜਦੋਂ ਬਾਬੇ ਗੋਪਾਲ ਸਿਉਂ ਨੇ ਅਮਲੀ ਨੂੰ ਨੰਬਰਦਾਰ ਬਾਰੇ ਬੋਲਦਾ ਸੁਣਿਆਂ ਤਾਂ ਬਾਬਾ ਅਮਲੀ ਵੱਲ ਝਾਕ ਕੇ ਮੁਸ਼ਕਣੀਆਂ ਹੱਸ ਕੇ ਇੱਕ ਦਮ ਤਰੱਭ ਕੇ ਬੋਲਿਆ, ''ਆਹ! ਅੱਜ ਤਾਂ ਬਈ ਨੰਬਰਦਾਰ ਵੀ ਕਰ 'ਤਾ ਝੱਗੇ ਦੇ ਮੇਚ ਅਮਲੀ ਨੇ। ਓ ਪਤੰਦਰਾ ਕਿਸੇ 'ਤੇ ਤਾਂ ਰਹਿਮ ਕਰ ਲਿਆ ਕਰ, ਸਾਰਿਆਂ ਨੂੰ ਈਂ ਇੱਕੋ ਰੱਸੇ ਬੰਨ੍ਹੀ ਤੁਰਿਆ ਆਉਣੈਂ। ਇਹ ਤਾਂ ਫਿਰ ਵੀ ਨੰਬਰਦਾਰ ਐ ਪਿੰਡ ਦਾ।''

ਸੀਤਾ ਮਰਾਸੀ ਬਾਬੇ ਗੋਪਾਲ ਸਿਉਂ ਨੂੰ ਕਹਿੰਦਾ, ''ਬਾਬਾ ਜੀ ਤੁਸੀਂ ਬਚ ਕੇ ਰਹੋ। ਅੱਜ ਕੁਸ ਓਵਰ ਸ਼ਪੀਟ ਹੋ ਗਿਆ ਲੱਗਦਾ ਅਮਲੀ। ਅੱਜ ਤਾਂ ਹਰੇਕ ਨੂੰ ਈ ਇਉਂ ਚਿੰਬੜਦਾ ਜਿਮੇਂ ਘੁੱਗੀ ਦੇ ਆਲ੍ਹਣੇ 'ਚ ਸੁੰਨੇ ਪਏ ਆਂਡਿਆਂ ਨੂੰ ਕਾਂ ਪੈ ਜਾਂਦਾ ਹੁੰਦਾ। ਪ੍ਰਵਾਹ ਈਂ ਨ੍ਹੀ ਕਰਦਾ ਕਿਸੇ ਵੱਡੇ ਛੋਟੇ ਨੂੰ ਮਨ੍ਹੀ ਵੇਂਹਦਾ ਪਤੰਦਰ। ਹਰੇਕ ਨੂੰ ਸਿਰਗਟ ਆਂਗੂੰ ਮਸਲ ਕੇ ਰੱਖ ਦਿੰਦਾ।''

ਬੁੱਘਰ ਦਖਾਣ ਨੇ ਪੁੱਛਿਆ, ''ਸਿਰਗਟ ਆਂਗੂੰ ਸੀਤਾ ਸਿਆਂ ਕਿਮੇਂ ਮਸਲ ਦਿੰਦਾ?''

ਸੀਤਾ ਮਰਾਸੀ ਕਹਿੰਦਾ, ''ਜਿਮੇਂ ਕਹਿੰਦੇ ਹੁੰਦੇ ਐ ਬਈ ਜਦੋਂ ਤਾਂ ਕਿਸੇ ਨੂੰ ਕਿਸੇ ਤੱਕ ਕੋਈ ਗੌਂਅ ਹੁੰਦਾ, ਉਦੋਂ ਤਾਂ ਅਗਲਾ ਪੈਰਾਂ ਥੱਲੇ ਹੱਥ ਦਿੰਦਾ ਫਿਰੂ। ਜਦੋਂ ਗਰਜ ਸਰ ਜਾਂਦੀ ਐ, ਫੇਰ ਅਗਲਾ ਇਉਂ ਪਾਸਾ ਵੱਟ ਜਾਂਦਾ ਜਿਮੇਂ ਗਾਰੇ 'ਚ ਲਿਬੜੇ ਸੂਰ ਨੂੰ ਵੇਖ ਕੇ ਕਤੂਰਾ ਪਾਥੀਆਂ ਆਲੇ ਗਹੀਰੇ 'ਚ ਵੜ ਜਾਂਦਾ। ਉਹੀ ਗੱਲ ਸਿਰਗਟਾਂ ਪੀਣ ਆਲਿਆਂ ਦੀ ਐ। ਸਿਰਗਟਾਂ ਪੀਣ ਆਲੇ ਡੱਬੀ 'ਚੋਂ ਕੱਢ ਕੇ ਸਿਰਗਟ, ਚੁਸਕੀਆਂ ਲੈ ਲੈ ਸੂਟੇ ਖਿੱਚਣਗੇ। ਜਦੋਂ ਭੋਰਾ ਕੁ ਰਹੀ ਤੋਂ ਨਾਸਾਂ ਨੂੰ ਸੇਕ ਲੱਗਦਾ, ਉਦੋਂ ਥੱਲੇ ਸਿਟ ਕੇ ਪੈਰ ਨਾਲ ਇਉਂ ਮਸਲ ਦੇਣਗੇ ਜਿਮੇਂ ਪੈਰ ਨੂੰ ਬਾਹਮਣੀ ਲੱਗੀ ਤੋਂ ਅਗਲਾ ਪੈਰ ਈ ਘਸਾਈ ਜਾਂਦਾ ਹੁੰਦਾ ਰੇਤੇ 'ਚ।''




ਬਾਬਾ ਗੋਪਾਲ ਸਿਉਂ ਕਹਿੰਦਾ, ''ਫੇਰ ਤਾਂ ਬਈ ਆਪਣੇ ਓਧਰਲੇ ਗੁਆੜ ਆਲਿਆਂ ਆਲੇ ਬਿਸ਼ਨੇ ਕੰਨ ਖੰਜੂਰੇ ਕਿਆ ਤੋਂ ਵੀ ਵਧ ਗਿਆ ਹੈਂਅ।''

ਬਿਸ਼ਨੇ ਮਾਹਲੇ ਕਾ ਕੰਨ ਖੰਜੂਰੇ ਨਾਂ ਸੁਣ ਕੇ ਅੱਗ ਲਾਉਣਿਆਂ ਦਾ ਬਿੱਕਰ ਸਿਰ ਖੁਰਕ ਦਾ ਬੋਲਿਆ, ''ਇਹ ਕੰਨ ਖੰਜੂਰੇ ਨਾਂਅ ਕੀਹਨੇ ਧਰਿਆ ਬਾਬਾ ਬਿਸ਼ਨੇ ਮਾਹਲੇ ਕਾ?''

ਨਾਥੇ ਅਮਲੀ ਨੇ ਬਿੱਕਰ ਨੂੰ ਬੋਲਿਆ ਸੁਣ ਕੇ ਬਿੱਕਰ ਵੱਲ ਵੀ ਘੁੰਮਾਇਆ ਫਿਰ ਸਟੇਰਿੰਗ, ''ਤੂੰ ਪਹਿਲਾਂ ਆਵਦੀਆਂ ਜੂੰਆ ਖੁਰਕ ਲਾ, ਫੇਰ ਦੱਸਦੇ ਐਂ ਤੈਨੂੰ ਕੰਨ ਖੰਜੂਰੇ ਕੀਹਨੇ ਧਰਿਆ ਨਾਂ। ਜੀਹਨੇ ਤੇਰਾ ਨਾਂ ਜੂੰਆਂ ਆਲਾ ਧਰਿਆ ਓਸੇ ਨੇ ਈਂ ਬਿਸ਼ਨੇ ਮਾਹਲੇ ਕਿਆਂ ਦਾ ਨਾਂਅ ਕੰਨ ਖੰਜੂਰੇ ਧਰਿਆ।''

ਜੂੰਆਂ ਵਾਲੀ ਗੱਲ ਸੁਣ ਕੇ ਸਾਰੀ ਸੱਥ ਬਿੱਕਰ ਵੱਲ ਇਉਂ ਝਾਕੀ ਜਿਮੇਂ ਬਿਜਲੀ ਦਾ ਮੀਟਰ ਖੜ੍ਹਾਉਣ ਨੂੰ ਮੀਟਰ 'ਚ ਲੱਗੀ ਤਾਰ 'ਤੇ ਬਿਜਲੀ ਦੇ ਉਡਣ ਦਸਤੇ ਨੇ ਛਾਪਾ ਮਾਰ ਲਿਆ ਹੋਵੇ। ਸਾਰੀ ਸੱਥ ਹੱਸੀ ਵੇਖ ਕੇ ਬਿੱਕਰ ਇਉਂ ਨਿੰਮੋਂ ਝੂਣਾ ਹੋ ਕੇ ਬਹਿ ਗਿਆ ਜਿਮੇਂ ਬਾਂਦਰੀ ਨੀਂਦ ਵਾਲੀਆਂ ਦੇ ਕੇ ਪੱਠਿਆਂ ਵਾਲੇ ਸਿੰਡੀਕੇਟ ਨਾਲ ਬੰਨ੍ਹੀ ਹੁੰਦੀ ਐ। ਬਿੱਕਰ ਨੂੰ ਚੁੱਪ ਕਰੇ ਨੂੰ ਵੇਖ ਕੇ ਬਾਬਾ ਗੋਪਾਲ ਸਿਉਂ ਬਿੱਕਰ ਨੂੰ ਕਹਿੰਦਾ,

''ਬਿੱਕਰ ਸਿਆਂ ਕੀ ਗੱਲ ਚੁੱਪ ਕਰ ਗਿਐਂ। ਤੂੰ ਈਂ ਤਾਂ ਸੱਥ 'ਚ ਬੋਲਣ ਆਲਾ ਸੀ ਤੂੰ ਈਂ ਮੂੰਹ 'ਚ ਮਿੱਠੀਆਂ ਗੋਲੀਆਂ ਪਾ ਕੇ ਬਹਿ ਗਿਐਂ। ਮਾੜਾ ਮੋਟਾ ਤਾਂ ਜਵਾਬ ਦੇਹ ਯਾਰ ਇਨ੍ਹਾਂ ਨੂੰ।''

ਲੱਸੀ ਪੀਣੀਆਂ ਦਾ ਰੱਬੀ ਬਾਬੇ ਗੋਪਾਲ ਸਿਉਂ ਦੀ ਗੱਲ ਸੁਣ ਕੇ ਬਿੱਕਰ ਵੱਲ ਝਾਕ ਕੇ ਉੱਚੀ ਹੱਸ ਕੇ ਕਹਿੰਦਾ, ''ਅਮਲੀ ਨੇ ਬੋਲਣ ਜੋਗਾ ਛੱਡਿਆ ਈ ਨ੍ਹੀ, ਹੁਣ ਕੀ ਬੋਲੂ ਇਹੇ। ਅਮਲੀ ਨੇ ਬਹਾ 'ਤਾ ਬੇਹੇ ਪਾਣੀ 'ਚ।''

ਰੱਬੀ ਦੀ ਗੱਲ ਸੁਣ ਕੇ ਬਿੱਕਰ ਰੱਬੀ ਨੂੰ ਕਚੀਚੀ ਲੈ ਕੇ ਪੈ ਗਿਆ, ''ਬੈਠਾ ਰਹਿ ਓਏ ਵੱਡਿਆ ਆਸ਼ਕਾ। ਸਾਲਾ ਕੇਰਾਂ ਈਂ ਹੁਣ ਤਰਪਾਲੋਂ ਜੈਲਦਾਰ ਬਣਦਾ। ਜਿੱਦੇਂ ਛਿੱਤਰ ਪਏ ਤੇਰੇ ਓਦੇਂ ਪਤਾ ਲੱਗੂ ਨੀਕਰ ਨੂੰ ਕਿੰਨੇ ਮੀਟਰ ਬੀਕਾਨੇਰੀ ਬੋਸ਼ਕੀ ਲੱਗਦੀ ਐ।''

ਬੀਕਾਨੇਰੀ ਬੋਸ਼ਕੀ ਦਾ ਨਾਂ ਸੁਣ ਕੇ ਬਾਬੇ ਗੋਪਾਲ ਸਿਉਂ ਨੇ ਬਿੱਕਰ ਨੂੰ ਪੁੱਛਿਆ, ''ਬੀਕਾਨੇਰੀ ਬੋਸ਼ਕੀ ਕਿਹੜੀ ਹੁੰਦੀ ਐ ਬਿੱਕਰ ਸਿਆਂ?''

ਸੀਤਾ ਮਰਾਸੀ ਬਾਬੇ ਗੋਪਾਲ ਸਿਉਂ ਨੂੰ ਕਹਿੰਦਾ, ''ਬੀਕਾਨੇਰੀ ਬੋਸ਼ਕੀ ਤਾਂ ਬਾਬਾ ਤੈਨੂੰ ਮੈਂ ਦੱਸ ਦੂੰ, ਤੂੰ ਇਹਨੂੰ ਤਰਪਾਲੋਂ ਆਲੇ ਜੈਲਦਾਰ ਆਲੀ ਗੱਲ ਪੁੱਛ।''

ਬਾਬੇ ਨੇ ਮਰਾਸੀ ਦੀ ਸੁਣ ਕੇ ਬਿੱਕਰ ਨੂੰ ਹਲੂਣਿਆਂ ਫਿਰ, ''ਇਹ ਜੈਲਦਾਰ ਆਲਾ ਅਖਾਣ ਕਿਮੇਂ ਐਂ ਬਿੱਕਰ ਸਿਆਂ?''

ਜਦੋਂ ਬਿੱਕਰ ਰੱਬੀ ਦੀ ਕਰਤੂਤ ਦੱਸਣ ਲੱਗਿਆ ਤਾਂ ਰੱਬੀ ਸੱਥ 'ਚੋਂ ਉੱਠ ਕੇ ਇਉਂ ਭੱਜ ਗਿਆ ਜਿਮੇਂ ਹਿਣਕਦੇ ਗਧੇ ਨੂੰ ਸੁਣ ਕੇ ਭੇਡਾਂ 'ਚ ਬੈਠੀ ਬੱਕਰੀ ਵਾੜੇ 'ਚੋਂ ਭੱਜ ਗੀ ਹੋਵੇ। ਭੱਜੇ ਜਾਂਦੇ ਰੱਬੀ ਨੂੰ ਸੀਤਾ ਮਰਾਸੀ ਕਹਿੰਦਾ,

''ਕਿੱਧਰ ਜਾਨੈ ਓਏ, ਤੂੰ ਵੀ ਸੁਣ ਜਾ ਹੁਣ ਸੰਧੂਰੀ ਗਾਉਣ।''

ਮਾਹਲਾ ਨੰਬਰਦਾਰ ਮਰਾਸੀ ਨੂੰ ਚੁੱਪ ਕਰਾ ਕੇ ਬਿੱਕਰ ਵੱਲ ਨੂੰ ਹੋਇਆ, ''ਕੀ ਗੱਲ ਐ ਬਿੱਕਰ ਸਿਆਂ। ਤੇਰੀ ਗੱਲ ਤੋਂ ਕਾਹਤੋਂ ਭੱਜ ਗਿਆ ਰੱਬੀ?''

ਬਿੱਕਰ ਕਹਿੰਦਾ, ''ਦੋ ਕੁ ਮਹੀਨਿਆਂ ਦੀ ਗੱਲ ਐ। ਅਸੀਂ ਐਥੇ ਸੱਥ 'ਚ ਕਈ ਜਣੇ ਬੈਠੇ ਸੀ। ਸੁਰ੍ਹਤੋ ਕਾ ਰੀਠਾ, ਪਾਲੇ ਮਾਹਟਰ ਕਾ ਗੱਗ੍ਹੀ, ਮੈਂ ਤੇ ਇਹ ਰੱਬੀ। ਅਸੀਂ ਹੋਧਰਲੇ ਪਾਸੇ ਸੱਥ 'ਚ ਦੂਜਿਆਂ ਨਾਲੋਂ ਅੱਡ ਜੇ ਬੈਠੇ ਸੀ। ਓਧਰੋਂ ਕਿਤੇ ਬਾਹਰਲੇ ਅੱਡੇ ਵੱਲੋਂ ਦੋ ਤਿੰਨ ਕੁੜੀਆਂ ਬੱਸੋਂ ਉੱਤਰਕੇ ਪਿੰਡ 'ਚ ਨੂੰ ਸੱਥ ਵੱਲ ਤੁਰੀਆਂ ਆਉਣ। ਇਹ ਰੱਬੀ ਕਹਿੰਦਾ 'ਆਹ ਪੁਰਜੇ ਕਿੱਧਰੋਂ ਆਉਂਦੇ ਐ ਬਈ'? ਕੁੜੀਆਂ ਸੱਥ ਕੋਲ ਦੀ ਨੰਘ ਗੀਆਂ। ਪੰਜਾਂ ਕੁ ਮਿੰਟਾਂ ਮਗਰੋਂ ਆਪਣੇ ਪਿੰਡ ਦੀਆਂ ਤਿੰਨ ਚਾਰ ਹੋਰ ਕੁੜੀਆਂ ਮਿੰਨੀ ਬੱਸ ਤੋਂ ਉੱਤਰੇ ਤੁਰੀਆਂ ਆਉਣ। ਉਨ੍ਹਾਂ ਨੂੰ ਵੇਖ ਕੇ ਇਹ ਰੱਬੀ ਫੇਰ ਭੌਂਕਿਆ ਹਲਕੇ ਕੁੱਤੇ ਆਂਗੂੰ। ਕਹਿੰਦਾ 'ਤਿੰਨ ਚਾਰ ਹੀਰਾ ਆਹ ਆਉਂਦੀਆਂ। ਇਹ ਐਨੀਆਂ ਆਉਂਦੀਆਂ ਕਿਧਰੋਂ ਐ'? ਸੁਰਜਨ ਬਿਦਰ ਕਾ ਤੇਜਾ ਕਿਤੇ ਬੈਠਾ ਰੱਬੀ ਦੀਆਂ ਗੱਲਾਂ ਸੁਣੀ ਜਾਂਦਾ ਸੀ। ਉਹ ਵੇਖ ਲਾ ਫਿਰ ਜਦੋਂ ਤੇਜੇ ਨੂੰ ਚੜ੍ਹ ਜਾਣ ਫੇਰ ਤਾਂ ਅਗਲੇ ਨੂੰ ਸੂਈ ਦੇ ਨਖਾਰੇ ਵਿੱਚਦੀ ਨੰਘਾਉਣ ਤੱਕ ਜਾਂਦਾ। ਐਧਰੋਂ ਪਿੰਡ ਵੱਲੋਂ ਕਿਤੇ ਬੱਸ ਅੱਡੇ ਵੱਲ ਨੂੰ ਰੱਬੀ ਦੀ ਭੈਣ ਤੁਰੀ ਜਾਵੇ। ਤੇਜੇ ਨੂੰ ਪਤਾ ਤਾਂ ਲੱਗ ਗਿਆ ਸੀ ਬਈ ਰੱਬੀ ਦੀ ਭੈਣ ਐਂ। ਤੇਜੇ ਤੋਂ ਫਿਰ ਰਿਹਾ ਨਾ ਗਿਆ। ਤੇਜੇ ਨੇ ਰੱਬੀ ਨੂੰ ਉਹਦੀ ਭੈਣ ਵੱਲ ਝਕਾ ਕੇ ਪੁੱਛਿਆ 'ਰੱਬੀ! ਜਿਹੜੀ ਐਧਰੋਂ ਆਹ ਹੀਰ ਸਲੇਟੀ ਆਉਂਦੀ ਐ, ਇਹ ਕਿਹੜੇ ਬੇਲੇ ਨੂੰ ਚੱਲੀ ਐ? ਇਹਦੀ ਵੀ ਕਰੀ ਖਾਂ ਭਵਿੱਖਵਾਣੀ'। ਜਦੋਂ ਰੱਬੀ ਆਵਦੀ ਭੈਣ ਵੱਲ ਝਾਕਿਆ ਤਾਂ ਰੱਬੀ ਤੇਜੇ ਤੋਂ ਡਰਦਾ ਸੱਥ 'ਚੋਂ ਉੱਠ ਕੇ ਇਉਂ ਭੱਜ ਗਿਆ ਜਿਮੇਂ ਕਤੂਰਾ ਤੰਦੂਰ 'ਚ ਫਸਿਆ ਕੱਢ ਕੇ ਛੱਡਿਆ ਹੋਵੇ। ਉਹ ਫਿਰ ਚਊਂ ਚਊਂ ਕਰਦਾ ਨੇੜੇ ਤੇੜੇ ਖੜ੍ਹਦਾ ਈ ਨ੍ਹੀ ਹੁੰਦਾ। ਓਦੂੰ ਮਗਰੋਂ ਵੀਹ ਪੱਚੀ ਦਿਨ ਇਹ ਵੱਡੇ ਵੈਲੀ ਨੇ ਸੱਥ ਵੱਲ ਮੂੰਹ ਮਨ੍ਹੀ ਕੀਤਾ ਸੱਥ 'ਚ ਆਉਣਾ ਤਾਂ ਕੀ ਸੀ। ਗੱਲ ਸਾਲਾ ਹਰੇਕ ਦੀ ਵੱਢਮੀਂ ਕਰੂ।''

ਨਾਥੇ ਅਮਲੀ ਦੇ ਕੋਲ ਬੈਠਾ ਹਰੀ ਕੂਕੇ ਕਾ ਜੰਗੀ ਬਿੱਕਰ ਨੂੰ ਕਹਿੰਦਾ, ''ਮੁੱਢੋਂ ਸਣਾ ਯਾਰ ਦਬਾਰੇ ਸਾਰੀ ਗੱਲ ਚੰਗੀ ਤਰਾਂ। ਵਿੱਚ ਮਿਸ ਜੀ ਮਾਰ ਜਾਨੈਂ।''

ਜੰਗੀ ਦੀ ਗੱਲ ਸੁਣ ਕੇ ਬਿੱਕਰ ਜੰਗੀ ਦੀ ਬਾਂਹ ਝੰਜੋੜ ਕੇ ਕਹਿੰਦਾ, ''ਜਾਹ ਓਏ ਬਿਨਾ ਬੱਤੀ ਆਲਿਆ ਦੀਵਿਆ। ਮੇਰਾ ਤਾਂ ਗੱਲ ਸਣਉਂਦੇ ਦਾ ਮੂੰਹ ਵਿੰਗਾ ਹੋ ਗਿਆ, ਤੈਨੂੰ ਸਮਝ ਈ ਨ੍ਹੀ ਆਈ।''

ਮੂੰਹ ਵਿੰਗੇ ਵਾਲੀ ਗੱਲ ਸੁਣ ਕੇ ਨਾਥਾ ਅਮਲੀ ਬਿੱਕਰ ਨੂੰ ਹਰਖ ਕੇ ਕਹਿੰਦਾ, ''ਮੂੰਹ ਤੇਰਾ ਕਾਹਦੇ ਨਾਲ ਵਿੰਗਾ ਹੋ ਗਿਆ ਓਏ, ਮੂੰਹ ਐਂ ਤੇਰਾ ਕੁ ਗੱਤੇ ਦਾ ਡੱਬਾ ਬਈ ਚਿੱਬਾ ਹੋ ਗਿਆ ਜਿਹੜਾ ਮੁੜ ਕੇ ਕੰਮ ਦਾ ਨ੍ਹੀ ਰਿਹਾ?''

ਅਮਲੀ ਨੂੰ ਹਰਖਿਆ ਵੇਖ ਕੇ ਬਾਬਾ ਗੋਪਾਲ ਸਿਉਂ ਅਮਲੀ ਨੂੰ ਘੂਰਦਾ ਦਾ ਬੋਲਿਆ, ''ਚੁੱਪ ਕਰ ਓਏ ਨਾਥਾ ਸਿਆਂ, ਐਮੇਂ ਲੜ ਪੌਂ ਗੇ। ਲੜੋਂਗੇ ਤੁਸੀਂ ਸਿਰ 'ਚ ਸੁਆਹ ਸਾਡੇ ਪਊ, ਕਹਿਣਗੇ ਸਿਆਣੇ ਬਿਆਣੇ ਬੈਠੇ ਸੀ ਓੱਥੇ, ਹਟਾਏ ਨਾ ਗਏ ਲੜਦੇ ਉਨ੍ਹਾਂ ਤੋਂ। ਚੱਲੋ ਉੱਠੋ ਘਰਾਂ ਨੂੰ ਚੱਲੀਏ।''

ਬਾਬੇ ਦੇ ਕਹਿਣ 'ਤੇ ਸਾਰੇ ਜਣੇ ਰੱਬੀ ਤੇ ਬਿੱਕਰ ਦੀਆਂ ਗੱਲਾਂ ਕਰਦੇ-ਕਰਦੇ ਸੱਥ 'ਚੋਂ ਉੱਠ ਕੇ ਘਰਾਂ ਨੂੰ ਤੁਰ ਪਏ।

JARNAIL SINGH



ART CLASSES
604-825-4659
604-724-6922
604-595-5885
#106- 12882-85 Ave. Surrey

# ਦੇਸੀ ਤੜਕਾ

## ਛੋਲਿਆਂ ਦੀ ਦਾਲ ਦੇ ਨਾਲ ਸੁਆਦੀ ਸਮੋਸੇ ਬਣਾਓ



| ਸਮੱਗਰੀ | ਲੌਂਗ - 2 | ਅਦਰਕ ਲਸਣ ਦਾ ਪੇਸਟ - 15 ਗ੍ਰਾਮ |
|---|---|---|
| ਮੈਦਾ - 270 ਗ੍ਰਾਮ | ਕਾਲੀ ਮਿਰਚ - 4 | ਹਰੀ ਮਿਰਚ - 1 ਚਮਚ |
| ਅਜਵਾਇਣ - 1 ਚਮਚ | ਕਾਲੀ ਇਲਾਇਚੀ - 1 | ਹਲਦੀ - 1/2 ਚੱਮਚ |
| ਨਮਕ ਸਵਾਦ ਅਨੁਸਾਰ | ਹਲਦੀ - 1/2 ਚੱਮਚ | ਲਾਲ ਮਿਰਚ ਪਾਊਡਰ - 1 ਚੱਮਚ |
| ਕਸੂਰੀ ਮੇਥੀ - 1 ਚਮਚ | ਸੁਆਦ ਅਨੁਸਾਰ ਨਮਕ | ਗਰਮ ਮਸਾਲਾ - 1 ਚਮਚ |
| ਘਿਓ - 60 ਮਿਲੀਲੀਟਰ | ਤੇਲ - 1 ਚਮਚ | ਧਨੀਆ ਪਾਊਡਰ - 1 ਚੱਮਚ |
| ਲੋੜ ਅਨੁਸਾਰ ਪਾਣੀ | ਸੁੱਕੀ ਲਾਲ ਮਿਰਚ - 2 | ਜੀਰਾ ਪਾਊਡਰ - 1 ਚੱਮਚ |
| ਚਨਾ ਦਾਲ - 100 ਗ੍ਰਾਮ | ਜੀਰਾ - 1 ਚਮਚ | ਕਸੂਰੀ ਮੇਥੀ - 1 ਚਮਚ |
| ਲੋੜ ਅਨੁਸਾਰ ਪਾਣੀ | ਧਨੀਆ - 1 ਚਮਚ | ਸੁਆਦ ਅਨੁਸਾਰ ਨਮਕ |
| ਸੌਂਫ - 1 | ਪਿਆਜ਼ - 100 ਗ੍ਰਾਮ | ਤਲਣ ਲਈ ਤੇਲ |

### ਸਮੋਸਾ ਬਣਾਉਣ ਦਾ ਤਰੀਕਾ

1. 100 ਗ੍ਰਾਮ ਦਾਲ ਨੂੰ ਲੋੜ ਅਨੁਸਾਰ ਪਾਣੀ ਵਿਚ ਛੇ ਘੰਟੇ ਲਈ ਭਿਓ ਦਿਓ।
2. ਇਕ ਕਟੋਰੀ ਵਿਚ 130 ਗ੍ਰਾਮ ਮੈਦਾ, 70 ਗ੍ਰਾਮ ਕਣਕ ਦਾ ਆਟਾ, 1/2 ਚੱਮਚ ਨਮਕ, 50 ਮਿਲੀਲੀਟਰ ਤੇਲ ਪਾ ਕੇ ਚੰਗੀ ਤਰ੍ਹਾਂ ਮਿਲਾਓ।
3. ਹੁਣ ਇਸ ਵਿਚ 80 ਮਿਲੀਲੀਟਰ ਪਾਣੀ ਪਾਓ ਅਤੇ ਇਸ ਨੂੰ ਚੰਗੀ ਤਰ੍ਹਾਂ ਗੁੰਨ ਲਓ।
4. 1 ਚੱਮਚ ਤੇਲ ਪਾਓ ਅਤੇ ਚੰਗੀ ਤਰ੍ਹਾਂ ਮਿਲਾਓ।
5. ਆਟੇ ਨੂੰ 30 ਮਿੰਟ ਲਈ ਰੱਖ ਦਿਓ।
6. ਇਕ ਕੂਕਰ ਵਿਚ 500 ਮਿਲੀਲੀਟਰ ਪਾਣੀ ਗਰਮ ਕਰੋ। ਇਸ ਵਿਚ ਦਾਲ ਪਾਓ। ਇਸ ਤੋਂ ਇਲਾਵਾ 1/2 ਚੱਮਚ ਨਮਕ, 1/2 ਚੱਮਚ ਹਲਦੀ ਪਾ ਕੇ ਚੰਗੀ ਤਰ੍ਹਾਂ ਮਿਲਾਓ।
7. ਇਸ ਨੂੰ ਢੱਕ ਦਿਓ ਅਤੇ ਦਾਲ ਪਕਾਓ। ਪਹਿਲੀ ਸੀਟੀ ਵੱਜਣ ਤੋਂ ਬਾਅਦ ਗੈਸ ਬੰਦ ਕਰ ਦਿਓ ਅਤੇ ਇਕ ਪਾਸੇ ਰੱਖ ਦਿਓ।
8. ਇਕ ਪੈਨ ਵਿਚ 1 ਚਮਚ ਤੇਲ ਗਰਮ ਕਰੋ। ਇਸ ਵਿਚ 1/4 ਚੱਮਚ ਜੀਰਾ, 1/4 ਛੋਟਾ ਚਮਚ ਹੀਂਗ ਪਾਓ ਅਤੇ ਚੰਗੀ ਤਰ੍ਹਾਂ ਹਿਲਾਓ।
9. ਹੁਣ ਇਸ ਵਿਚ 75 ਗ੍ਰਾਮ ਪਿਆਜ਼ ਪਾਓ ਅਤੇ ਚੰਗੀ ਤਰ੍ਹਾਂ ਭੁੰਨੋ।
10. ਹੁਣ 1 1/2 ਚੱਮਚ ਅਦਰਕ ਅਤੇ ਹਰੀ ਮਿਰਚ ਦਾ ਪੇਸਟ, 1/8 ਚਮਚ ਹਲਦੀ, 1/2 ਚੱਮਚ ਧਨੀਆ ਪਾਊਡਰ, 1/2 ਚੱਮਚ ਨਮਕ ਪਾ ਕੇ ਚੰਗੀ ਤਰ੍ਹਾਂ ਮਿਲਾਓ।
11. ਹੁਣ ਇਸ ਵਿਚ ਉਬਲੀ ਹੋਈ ਦਾਲ ਪਾਓ ਅਤੇ ਇਸ ਨੂੰ ਚੰਗੀ ਤਰ੍ਹਾਂ ਮਿਲਾਓ।
12. ਇਸ ਵਿਚ 1 ਚਮਚ ਚੀਨੀ, 8 ਗ੍ਰਾਮ ਪੁਦੀਨਾ, 15 ਗ੍ਰਾਮ ਧਨੀਆ ਪਾ ਕੇ ਚੰਗੀ ਤਰ੍ਹਾਂ ਮਿਲਾਓ।
13. ਫਿਰ 1 ਚਮਚ ਨਿੰਬੂ ਦਾ ਰਸ ਪਾਉ ਅਤੇ ਇਸ ਨੂੰ ਚੰਗੀ ਤਰ੍ਹਾਂ ਮਿਲਾਓ। ਗੈਸ ਬੰਦ ਕਰੋ ਅਤੇ ਇਸ ਨੂੰ ਪਾਸੇ ਰੱਖ ਦਿਓ।
14. ਆਟੇ ਦੇ ਬਰਾਬਰ ਹਿੱਸੇ ਲੈ ਕੇ ਇਸ ਦੀਆਂ ਗੋਲੀਆਂ ਬਣਾਓ।
15. ਇਸ ਉੱਤੇ ਥੋੜਾ ਸੁੱਕਾ ਆਟਾ ਲਗਾਓ ਅਤੇ ਰੋਟੀ ਬਣਾਓ।
16. ਇਸ 'ਤੇ ਥੋੜ੍ਹਾ ਜਿਹਾ ਤੇਲ ਲਗਾਓ। ਇਸ 'ਤੇ ਇਕ ਹੋਰ ਰੋਟੀ ਰੱਖੋ ਅਤੇ ਇਸ ਨੂੰ ਵੇਲੋ।
17. ਹੁਣ ਇਸ ਰੋਟੀ ਨੂੰ ਦੋਵਾਂ ਪਾਸਿਆਂ ਤੋਂ ਘੱਟ ਗੈਸ 'ਤੇ 1 ਮਿੰਟ ਲਈ ਪਕਾਓ।
18. ਇਕ ਕਟੋਰੇ ਵਿਚ 2 ਚਮਚ ਮੈਦਾ, 50 ਮਿਲੀਲੀਟਰ ਪਾਣੀ ਪਾਓ ਅਤੇ ਇਸ ਨੂੰ ਚੰਗੀ ਤਰ੍ਹਾਂ ਮਿਲਾਓ।
19. ਰੋਟੀ ਨੂੰ 4 ਹਿੱਸਿਆਂ ਵਿਚ ਕੱਟੋ। ਰੋਟੀ ਦਾ ਇਕ ਟੁਕੜਾ ਲਓ ਅਤੇ ਇਸ 'ਤੇ ਮੈਦਾ ਲਗਾਓ।
20. ਕਿਨਾਰਿਆਂ ਨੂੰ ਮੋੜੋ ਅਤੇ ਇਕ ਕੋਨ ਤਿਆਰ ਕਰੋ ਅਤੇ ਇਸ ਨੂੰ ਤਿਆਰ ਕੀਤੀ ਦਾਲ ਦੇ ਮਿਸ਼ਰਣ ਨਾਲ ਭਰੋ।
21. ਹੁਣ ਕਿਨਾਰਿਆਂ ਉੱਤੇ ਮੈਦਾ ਲਗਾ ਕੇ ਇਹਨਾਂ ਨੂੰ ਬੰਦ ਕਰੋ
22. ਇਕ ਭਾਰੀ ਕੜਾਹੀ ਵਿਚ ਤੇਲ ਗਰਮ ਕਰੋ। ਤੇਲ ਵਿਚ ਇਹਨਾਂ ਸਮੋਸਿਆਂ ਨੂੰ ਭੂਰਾ ਅਤੇ ਕਰਿਸਪੀ ਹੋਣ ਤੱਕ ਤਲੋ।
23. ਗਰਮ ਗਰਮ ਦਾਲ ਦੇ ਸਮੋਸੇ ਬਣ ਕੇ ਤਿਆਰ ਹੈ। ਇਸ ਨੂੰ ਪੁਦੀਨੇ ਦੀ ਚਟਨੀ ਨਾਲ ਸਰਵ ਕਰੋ।

# ਤਕਨਾਲੋਜੀ ਟਾਈਮਜ਼

## ਆਈਫੋਨ 16 ਸੀਰੀਜ਼ ਵਿੱਚ ਮਿਲਣਗੇ ਜ਼ਬਰਦਸਤ ਫੀਚਰਜ਼

ਐਪਲ ਦਾ ਨਵਾਂ ਆਈਫੋਨ ਬਾਜ਼ਾਰ 'ਚ ਆਉਣ ਵਾਲਾ ਹੈ। ਅਗਲੇ ਮਹੀਨੇ ਨਵੀਂ ਆਈਫੋਨ 16 ਸੀਰੀਜ਼ ਲਾਂਚ ਕੀਤੀ ਜਾਵੇਗੀ। ਇਸ ਨਵੀਂ ਸੀਰੀਜ਼ ਦੀ ਲਾਂਚਿੰਗ ਦੀ ਤਾਰੀਖ਼ ਲੀਕ ਹੋ ਗਈ ਹੈ। ਆਨਲਾਈਨ ਲੀਕ ਹੋਏ ਪੋਸਟਰ 'ਚ ਦੱਸਿਆ ਗਿਆ ਹੈ ਕਿ ਆਈਫੋਨ 16 ਸੀਰੀਜ਼ 10 ਸਤੰਬਰ ਨੂੰ ਲਾਂਚ ਹੋ ਸਕਦੀ ਹੈ। ਹਾਲਾਂਕਿ, ਐਪਲ ਨੇ ਇਸ ਤਾਰੀਖ਼ ਦੀ ਅਧਿਕਾਰਤ ਪੁਸ਼ਟੀ ਨਹੀਂ ਕੀਤੀ। ਪਿਛਲੇ ਸਾਲ ਐਪਲ ਨੇ 12 ਸਤੰਬਰ 2023 ਨੂੰ ਆਈਫੋਨ 15 ਸੀਰੀਜ਼ ਲਾਂਚ ਕੀਤੀ ਸੀ ਅਤੇ 2022 'ਚ ਆਈਫੋਨ 14 ਸੀਰੀਜ਼ 7 ਸਤੰਬਰ ਨੂੰ ਆਈ ਸੀ।

X XUzr Majin Buu ਨੇ ਆਈਫੋਨ 16 ਸੀਰੀਜ਼ ਦਾ ਲਾਂਚਿੰਗ ਦਾ ਪੋਸਟ ਸ਼ੇਅਰ ਕੀਤਾ ਹੈ। ਪੋਸਟਰ ਦੇ ਅਨੁਸਾਰ, ਨਵੀਂ ਆਈਫੋਨ 16 ਸੀਰੀਜ਼ 10 ਸਤੰਬਰ ਨੂੰ ਲਾਂਚ ਹੋਣੀ ਹੈ ਅਤੇ ਇਸ ਵਿਚ "Ready, Set, Capture" ਟੈਗਲਾਈਨ ਦਾ ਇਸਤੇਮਾਲ ਕੀਤਾ ਗਿਆ ਹੈ। ਹਾਲਾਂਕਿ, ਪੋਸਟਰ ਦੀ ਸਚਾਈ ਨੂੰ ਲੈ ਕੇ ਅਜੇ ਕੋਈ ਅਧਿਕਾਰਤ ਪੁਸ਼ਟੀ ਨਹੀਂ ਹੋਈ। ਪਿਛਲੇ ਦੋ ਸਾਲਾਂ 'ਚ ਐਪਲ ਨੇ ਸਤੰਬਰ ਦੀ ਸ਼ੁਰੂਆਤ 'ਚ ਹੀ ਨਵੀਂ ਆਈਫੋਨ ਸੀਰੀਜ਼ ਲਾਂਚ ਕੀਤੀ ਹੈ, ਇਸ ਲਈ ਇਹ ਸੰਭਾਵਨਾ ਹੈ ਕਿ ਆਈਫੋਨ 16 ਸੀਰੀਜ਼ ਵੀ 10 ਸਤੰਬਰ ਨੂੰ ਆ ਸਕਦੀ ਹੈ।

**iPhone 16 ਸੀਰੀਜ਼ ਦੇ ਫੀਚਰਜ਼**

ਨਵੀਂ iPhone 16 ਸੀਰੀਜ਼ 'ਚ iOS 18 ਆਪਰੇਟਿੰਗ ਸਿਸਟਮ ਮਿਲ ਸਕਦਾ ਹੈ ਅਤੇ Apple Intelligence ਦਾ ਇੰਟੀਗ੍ਰੇਸ਼ਨ ਵੀ ਦੇਖਣ ਨੂੰ ਮਿਲ ਸਕਦਾ ਹੈ। ਇਸ ਸੀਰੀਜ਼ ਦੇ ਡਿਜ਼ਾਈਨ 'ਚ ਵੀ ਵੱਡਾ ਬਦਲਾਅ ਦੇਖਿਆ ਜਾ ਸਕਦਾ ਹੈ। ਆਈਫੋਨ ਅਤੇ ਆਈਫੋਨ 16 ਪਲੱਸ ਦੀ ਲੁੱਕ ਇੱਕੋਂ ਜਿਹੀ ਹੋ ਸਕਦੀ ਹੈ, ਜਦੋਂਕਿ ਆਈਫੋਨ 16 ਪ੍ਰੋ ਅਤੇ ਆਈਫੋਨ 16 ਪ੍ਰੋ ਮੈਕਸ ਦਾ ਡਿਜ਼ਾਈਨ ਪਿਛਲੇ ਸਾਲ ਦੇ ਮਾਡਲ ਵਰਗਾ ਹੋ ਸਕਦਾ ਹੈ।

ਇਸ ਵਾਰ ਸਾਰੇ ਮਾਡਲਾਂ ਦੀ ਡਿਸਪਲੇਅ ਪਿਛਲੇ ਸਾਲ ਦੇ ਆਈਫੋਨ 15 ਤੋਂ ਵੱਡੀ ਹੋ ਸਕਦੀ ਹੈ। ਆਈਫੋਨ 16 ਅਤੇ ਆਈਫੋਨ 16 ਪਲੱਸ 'ਚ 6.1 ਇੰਚ ਅਤੇ 6.7 ਇੰਚ ਦੀ ਡਿਸਪਲੇਅ ਮਿਲ ਸਕਦੀ ਹੈ। ਉਥੇ ਹੀ ਆਈਫੋਨ 16 ਪ੍ਰੋ ਅਤੇ ਆਈਫੋਨ 16 ਪ੍ਰੋ ਮੈਕਸ 'ਚ 6.3 ਇੰਚ ਅਤੇ 6.9 ਇੰਚ ਦੀ ਡਿਸਪਲੇਅ ਮਿਲ ਸਕਦੀ ਹੈ। ਡਾਇਨਾਮਿਕ ਆਈਲੈਂਡ ਫੀਚਰ ਦਾ ਵੀ ਇਸਤੇਮਾਲ ਕੀਤਾ ਜਾ ਸਕਦਾ ਹੈ।



ਸਾਰੇ ਮਾਡਲਾਂ 'ਚ A18 ਸੀਰੀਜ਼ ਦਾ Bionic ਚਿਪਸੈੱਟ ਮਿਲੇਗਾ। ਪ੍ਰੋ ਮਾਡਲਾਂ 'ਚ A18 Pro Bionic ਚਿਪਸੈੱਟ ਹੋਵੇਗਾ, ਜਦੋਂਕਿ ਸਟੈਂਡਰਡ ਮਾਡਲਾਂ 'ਚ ਬੇਸਿਕ ਪ੍ਰੋਸੈਸਰ ਮਿਲੇਗਾ। ਆਈਫੋਨ 16 ਸੀਰੀਜ਼ ਦੇ ਸਾਰੇ ਮਾਡਲ 45W USB Type C ਫਾਸਟ ਚਾਰਜਿੰਗ ਅਤੇ 20 ਵਾਟ ਵਾਇਰਲੈੱਸ ਚਾਰਜਿੰਗ ਨੂੰ ਸਪੋਰਟ ਕਰਨਗੇ।

## ਇਲੋਨ ਮਸਕ ਨੇ ਬ੍ਰਾਜ਼ੀਲ 'ਚ ਬੰਦ ਕੀਤਾ ਟਵਿੱਟਰ (ਐਕਸ)

ਸੋਸ਼ਲ ਮੀਡੀਆ ਪਲੇਟਫਾਰਮ X ਬ੍ਰਾਜ਼ੀਲ ਵਿੱਚ ਬੰਦ ਹੋ ਗਿਆ ਹੈ। ਐਕਸ ਦੇ ਮਾਲਕ ਐਲੋਨ ਮਸਕ ਨੇ ਖੁਦ ਇਸ ਗੱਲ ਦਾ ਐਲਾਨ ਕੀਤਾ ਹੈ। ਬ੍ਰਾਜ਼ੀਲ 'ਚ ਐਕਸ (ਪੁਰਾਣਾ ਨਾਂ ਟਵਿਟਰ) ਨੂੰ ਬੰਦ ਕਰਨ ਦਾ ਐਲਾਨ ਕਰਦੇ ਹੋਏ ਐਲੋਨ ਮਸਕ ਨੇ ਇਸ ਦਾ ਕਾਰਨ ਵੀ ਦੱਸਿਆ ਹੈ।

**ਬ੍ਰਾਜ਼ੀਲ ਵਿੱਚ ਟਵਿੱਟਰ ਨੂੰ ਕਿਉਂ ਕੀਤਾ ਗਿਆ ਬੰਦ?**

ਐਲੋਨ ਮਸਕ ਨੇ ਕਿਹਾ ਕਿ ਬ੍ਰਾਜ਼ੀਲ ਦੇ ਜੱਜ ਅਲੈਗਜ਼ੈਂਡਰ ਡੀ ਮੋਰੇਸ ਦੀਆਂ ਮੰਗਾਂ ਨੂੰ ਪੂਰਾ ਕਰਨ ਲਈ "ਸਾਨੂੰ ਬ੍ਰਾਜ਼ੀਲ, ਅਰਜਨਟੀਨੀ, ਯੂਐਸ ਅਤੇ ਅੰਤਰਰਾਸ਼ਟਰੀ ਕਾਨੂੰਨਾਂ ਨੂੰ (ਗੁਪਤ ਤੌਰ 'ਤੇ) ਤੋੜਨ ਦੀ ਲੋੜ ਹੋਵੇਗੀ।"

ਸੋਸ਼ਲ ਮੀਡੀਆ ਪਲੇਟਫਾਰਮ ਨੇ ਦਾਅਵਾ ਕੀਤਾ ਹੈ ਕਿ ਜੱਜ ਨੇ ਬ੍ਰਾਜ਼ੀਲ ਵਿੱਚ ਆਪਣੇ ਕਾਨੂੰਨ ਪ੍ਰਤੀਨਿਧਾਂ ਵਿੱਚੋਂ ਇੱਕ ਨੂੰ ਗੁਪਤ ਤੌਰ 'ਤੇ ਗ੍ਰਿਫਤਾਰ ਕਰਨ ਦੀ ਧਮਕੀ ਦਿੱਤੀ ਹੈ ਜੇਕਰ ਉਸਨੇ ਇਸਦੇ ਪਲੇਟਫਾਰਮ ਤੋਂ ਕੁਝ ਸਮੱਗਰੀ ਨੂੰ ਹਟਾਉਣ ਦੇ ਕਾਨੂੰਨੀ ਆਦੇਸ਼ਾਂ ਦੀ ਪਾਲਣਾ ਨਹੀਂ ਕੀਤੀ। ਦ ਐਕਸ ਨੇ ਕਿਹਾ, "ਕੱਲ੍ਹ (ਸ਼ੁੱਕਰਵਾਰ) ਰਾਤ, ਅਲੈਗਜ਼ੈਂਡਰ ਡੀ ਮੋਰੇਸ ਨੇ ਬ੍ਰਾਜ਼ੀਲ ਵਿੱਚ ਸਾਡੇ ਕਾਨੂੰਨੀ ਪ੍ਰਤੀਨਿਧੀ ਨੂੰ ਧਮਕੀ ਦਿੱਤੀ ਕਿ ਜੇਕਰ ਅਸੀਂ ਉਨ੍ਹਾਂ ਦੇ ਸੈਂਸਰਸ਼ਿਪ ਆਦੇਸ਼ਾਂ ਦੀ ਪਾਲਣਾ ਨਹੀਂ ਕਰਦੇ, ਤਾਂ ਉਨ੍ਹਾਂ ਨੂੰ




ਗ੍ਰਿਫਤਾਰ ਕਰ ਲਿਆ ਜਾਵੇਗਾ। ਅਸੀਂ ਉਨ੍ਹਾਂ ਦੀਆਂ ਕਾਰਵਾਈਆਂ ਨੂੰ ਉਜਾਗਰ ਕਰਨ ਲਈ ਇਸਨੂੰ ਇੱਥੇ ਸਾਂਝਾ ਕਰ ਰਹੇ ਹਾਂ।"

ਮਸਕ ਦੁਆਰਾ ਚਲਾਏ ਗਏ ਪਲੇਟਫਾਰਮ ਨੇ ਅੱਗੇ ਕਿਹਾ ਕਿ ਸੁਪਰੀਮ ਕੋਰਟ ਨੂੰ ਆਪਣੀਆਂ ਕਈ ਅਪੀਲਾਂ 'ਤੇ ਸੁਣਵਾਈ ਨਾ ਹੋਣ ਦੇ ਬਾਵਜੂਦ, ਬ੍ਰਾਜ਼ੀਲ ਦੀ ਜਨਤਾ ਨੂੰ ਇਨ੍ਹਾਂ ਆਦੇਸ਼ਾਂ ਬਾਰੇ ਜਾਣਕਾਰੀ ਨਹੀਂ ਦਿੱਤੀ ਜਾ ਰਹੀ ਹੈ ਅਤੇ ਸਾਡੇ ਬ੍ਰਾਜ਼ੀਲ ਦੇ ਕਰਮਚਾਰੀਆਂ ਦੀ ਇਸ 'ਤੇ ਕੋਈ ਜ਼ਿੰਮੇਵਾਰੀ ਜਾਂ ਕੰਟਰੋਲ ਨਹੀਂ ਹੈ ਕਿ ਸਮੱਗਰੀ ਨੂੰ ਬਲੌਕ ਕਰਨਾ ਹੈ ਜਾਂ ਨਹੀਂ ਸਾਡੇ ਪਲੇਟਫਾਰਮ, ਮੋਰੇਸ ਨੇ ਇਹ ਰਸਤਾ ਅਪਣਾਇਆ ਹੈ।

# ਕਾਵਿ ਕਿਆਰੀ

## ਹਰ ਸ਼ਬਦ

ਸੱਚ ਕਹਾਂ ਤੂੰ ਸੁਣ ਜ਼ਰਾ ਰੋਗ ਲੱਗੇ ਨੇ ਖਾਣ ਜਾਨ ਮੇਰੀ।
ਰੋਗ ਖਾ ਗਏ ਨੇ ਬਦਨ ਮੌਤ ਕੰਢੇ ਆ ਖੜੀ ਜਾਨ ਮੇਰੀ।

ਦਿਲ ਨੂੰ ਤੇਰੇ ਮਿਲਣ ਦੀ ਤਾਂਘ ਤੇ ਹੈ ਇੰਤਜ਼ਾਰ ਬਾਕੀ।
ਆਸ ਮਿੱਟ ਚੁਕੀ ਬੇਕਰਾਰੀ ਚ ਵਿਲਕਦੀ ਏ ਜਾਨ ਮੇਰੀ।

ਸਾਥੀ ਆਏ ਨਾ ਚੁੱਕਣ ਲਾਸ਼ ਮੇਰੀ ਕਹਿੰਦੇ ਰਹਿਣ ਦਿਓ,
ਇਸ਼ਕ ਦਾ ਡੰਗਿਆ ਏ ਸੁਨ ਤਾਹਨੇ ਸੁੱਕੀ ਜ਼ੁਬਾਨ ਮੇਰੀ।

ਮਰਨ ਵੇਲੇ ਤੇਰੀ ਯਾਦ ਪਈ ਆਵੇ ਮੈਨੂੰ ਖ਼ੂਬ ਤੜਪਾਵੇ,
ਸ਼ਾਇਦ ਮਰ ਕੇ ਢੋਈ ਨ ਮਿਲੇ ਹੋਊਗੀ ਮਿੱਟੀ ਵੀਰਾਨ ਮੇਰੀ।

ਬੁੱਲਾਂ ਤੇ ਚੁੱਪ ਦੇ ਪਹਿਰੇ ਦਿਲ ਵਿਚ ਦੋਜ਼ਖ ਦੀ ਅੱਗ ਸੜੇ,
ਜ਼ੁਲਮ ਵਿਛੋੜੇ ਦੇ ਜ਼ਰੇ ਨ ਜਾਣ ਕੜਿੱਕੀ ਚ ਫਸੀ ਜਾਨ ਮੇਰੀ।

ਰੋਗ ਮੇਰਾ ਡਾਢਾ ਮਾੜਾ ਲੱਭਿਆ ਨਾ ਜਾਇ ਕਿਸੀ ਤੋਂ ਹਾੜਾ,
ਤੂੰ ਜਾਣੇ ਮੈਂ ਜਾਣਾ ਵੈਦ ਨ ਜਾਣੇ ਲੱਗੇ ਨੇ ਖਪਾਣ ਜਾਨ ਮੇਰੀ।

ਰਮਜ਼ਾਂ ਸਮਝਣ ਵਾਲੇ ਸਮਝਣ ਕੁਝ ਸੁਣ ਲੈਂਦੇ ਨੇ ਧੜਕਣ,
ਮੈਂ ਇਸ਼ਕ ਚ ਪਾਗਲ ਨ ਕੁਝ ਜਾਣਾਂ ਰੂਹ ਹੋਈ ਪਰੇਸ਼ਾਨ ਮੇਰੀ,

ਮੇਰੀ ਗ਼ਜ਼ਲ ਦੇ ਹਰ ਸ਼ਿਅਰ ਵਿਚ ਧੜਕਦਾ ਏ ਦਿਲ ਮੇਰਾ,
ਜੇ ਸਮਝ ਸਕੇਂ ਤਾ ਸਮਝ ਹਰ ਸ਼ਬਦ ਕਰੇ ਪੀੜ ਬਿਆਨ ਮੇਰੀ।

**ਲੇਖਕ : ਗੁਰਮੀਤ ਸਿੰਘ**

## ਬਾਬਾ ਕੈਦੀ

ਪੰਗਾ ਲੈਂਦੇ ਕਿਉਂ ਕੱਢ ਪਿੰਜਰੇ 'ਚੋਂ,
ਲਿਓ ਹੋ ਨਾ ਕਰਾ ਕੰਘਾ ਬਾਬਾ।
ਬੈਠਾ ਰਹਿਣ ਦਿਉ ਬੈਠਾ ਜਿੱਥੇ,
ਕਰੂ ਨਿੱਕਲ ਕੇ ਕੋਈ ਦੰਗਾ ਬਾਬਾ।

ਹੱਥੋਂ ਨਿੱਕਲਿਆ ਮੁੜ ਲੱਭ ਨਾ,
ਇਹ ਗਿਰਗਿਟ ਰੰਗ ਬਰੰਗਾ ਬਾਬਾ।
ਸੁੱਬੀ ਮੱਚ ਜੂ ਰਹੂ ਵਲ਼ ਸਾਵਾਂ,
ਖੜ੍ਹਾ ਫੇਰ ਨਾ ਕਰਦੇ ਪੰਗਾ ਬਾਬਾ।

ਗਈਆਂ ਆਦਤਾਂ ਭੈੜੀਆਂ ਪੱਕ ਸੱਭੇ,
ਇਹਨੇ ਕਦੇ ਨਾ ਬਣਨਾ ਬੰਦਾ ਬਾਬਾ।
ਪਹਿਲਾਂ ਵਰਗੀ ਦਿੱਤੀ ਖੁੱਲ੍ਹ ਮਾੜੀ,
ਖੁੱਡੇ ਤੜਿਆ ਹੀ ਇਹ ਚੰਗਾ ਬਾਬਾ।

ਬੇਰੀ ਥੋਹਰ ਕੰਡਿਆਲ਼ੀ, ਭੱਖੜੇ ਦਾ,
ਜਿਵੇਂ ਮਿੱਤ ਨਾ ਹੁੰਦਾ ਕੰਡਾ ਬਾਬਾ।
ਕਾਹਦਾ ਕਰੇਂਗਾ ਕੀ ਯਕੀਨ 'ਭਗਤਾ',
ਇਹ ਤਾਂ ਸਾਵਾਂ ਹੀ ਕੈਦੋਂ ਲੰਗਾ ਬਾਬਾ।

**ਲੇਖਕ : ਬਰਾੜ-ਭਗਤਾ ਭਾਈ ਕਾ, ਸੰਪਰਕ : 001-604-751-1113**

## ਜਦ ਬੰਦੇ ਦੀ ਹਿੰਮਤ ਅੱਗੇ

ਜਦ ਬੰਦੇ ਦੀ ਹਿੰਮਤ ਅੱਗੇ, ਹਰ ਜਾਂਦਾ ਏ ਪਾਣੀ ।
ਰੇਤ ਦੇ ਟਿੱਬਿਆਂ ਨੂੰ ਵੀ ਗੁਲਸ਼ਨ, ਕਰ ਜਾਂਦਾ ਏ ਪਾਣੀ ।

ਇਸ ਤੋਂ ਵੱਧ ਹਸਾਸ ਕੋਈ ਸ਼ੈ, ਦੁਨੀਆਂ ਵਿਚ ਨਹੀਂ ਵੇਖੀ,
ਧੁੱਪੇ ਤਪ ਜਾਂਦਾ ਏ ਛਾਵੇਂ, ਠਰ ਜਾਂਦਾ ਏ ਪਾਣੀ ।

ਐਨਾ ਕੀ, ਸਭ ਕੌਮ ਦੀ ਗ਼ੈਰਤ, ਦਾਅ ਉੱਤੇ ਲਾ ਦੇਵੇ,
ਜਿਸ ਬੇਗ਼ੈਰਤ ਦੀ ਅੱਖ ਵਿਚੋਂ ਮਰ ਜਾਂਦਾ ਏ ਪਾਣੀ ।

ਧਰਤੀ ਦਾ ਦਿਲ ਡੋਲੇ ਖਾਂਦਾ ਅਰਸ਼ ਅਜ਼ੀਮ ਵੀ ਹਿੱਲਦਾ,
ਜਦ ਮਜ਼ਲੂਮਾਂ ਦੀ ਅੱਖ ਅੰਦਰ ਤਰ ਜਾਂਦਾ ਏ ਪਾਣੀ ।

ਆਪਣੀ ਫ਼ਿਤਰਤ ਕਦੇ ਨਾ ਬਦਲੇ ਇਹ ਖ਼ਾਸੀਅਤ ਇਹਦੀ,
ਭਾਵੇਂ ਪੱਥਰ ਕਰ ਲਉ ਓੜਕ ਖਰ ਜਾਂਦਾ ਏ ਪਾਣੀ ।

ਗੁੱਸੇ ਦੇ ਵਿਚ ਆਵੇ ਤੇ ਇਹ ਵਸਦੇ ਸ਼ਹਿਰ ਉਜਾੜੇ,
ਨਹੀਂ ਤੇ ਰੋਜ਼ ਵਸਾ ਕੇ ਲੱਖਾਂ ਘਰ ਜਾਂਦਾ ਏ ਪਾਣੀ ।

ਕਤਰੇ ਕਤਰੇ ਅੰਦਰ 'ਸ਼ੈਦਾ' ਚਾਨਣ ਤੇ ਹਰਿਆਲੀ,
ਜ਼ੱਰੇ-ਜ਼ੱਰੇ ਦੇ ਵਿਚ ਅਮ੍ਰਿਤ ਭਰ ਜਾਂਦਾ ਏ ਪਾਣੀ ।

**ਲੇਖਕ : ਇਕਬਾਲ ਸ਼ੈਦਾ**

## ਵਿਸ਼ਵ ਗੁਰੂ ਬਣ ਚੁੱਕੇ ਦੇਸ਼ ਵਿਚ...

"ਜਿਉਂਦਾ ਹੈ ਏਕਲਵਿਆ ਅੱਜ ਵੀ,
ਸਕੂਲਾਂ ਵਿੱਚ ਸਾਂਝੀ ਟੂਟੀ ਤੋਂ
ਪਾਣੀ ਦੇ ਤੁਪਕੇ ਲਈ ਹਾੜੇ ਕੱਢਦਾ,
ਅੱਧੀ ਛੁੱਟੀ ਹੋਣ ਤੇ, ਖਾਣਾ ਖਾਣ ਲਈ
ਵੱਡੇ ਘਰਾਂ ਦੇ ਸਹਿਪਾਠੀਆਂ ਦੀ
ਕਤਾਰ ਵਿੱਚ ਬੈਠਣ ਲਈ ਘੁੱਲਦਾ,
ਨੀਵੀਂ ਜਾਤ ਵਿੱਚ ਜੰਮਣ ਦਾ ਬੋਝ ਢੋਂਦਾ ,
ਤਾਹਨੇ ਮਿਹਣੇ ਸੁਣਦਾ,
ਪਰ ਉਸਨੂ ਨਹੀ ਪਤਾ ਕਿ
ਚੰਦਰਯਾਨ ਬਨਾਉਣ ਵਾਲੇ,
ਵਿਸ਼ਵ ਗੁਰੂ ਬਣ ਚੁੱਕੇ ਉਸਦੇ ਦੇਸ਼ ਵਿੱਚ
ਮਰਿਆ ਦਰੋਣਾ ਵੀ ਨਹੀਂ
ਜੋ ਅੱਜ ਵੀ ਕਾਹਲਾ ਹੈ ਉਸਦਾ ਅੰਗੂਠਾ ਖੋਣ ਲਈ,
ਕਿਉਕਿ ਉਸਨੂ ਡਰ ਹੈ ਕਿ ਕਿਧਰੇ
ਉਸਦਾ ਇਹ ਸ਼ਗਿਰਦ ਉਸਦੇ ਲਾਡਲਿਆਂ,
ਅਤੇ ਉਸਦੇ ਅੰਨਦਾਤਿਆਂ ਨੂੰ
ਪਿੱਛੇ ਨਾ ਛੱਡ ਜਾਵੇ...."

**ਲੇਖਕ : ਗੁਰਪ੍ਰੀਤ ਸਿੰਘ**

## ਸਿਆਸਤ

ਸਿਆਸਤ ਦੇ ਜ਼ੋਰ ਚ
ਸੁਣਦਾ ਨਾ ਗ਼ਰੀਬਾਂ ਦਾ ਸ਼ੋਰ ਏ
ਇਨਸਾਫ ਦੇ ਬੂਹੇ ਵੀ ਬੰਦ ਨੇ
ਏਥੇ ਅਪਣੇ ਹੀ ਆਪਣੀਆ ਨੂੰ
ਲੁੱਟਣ ਦੇ ਲੱਭ ਦੇ ਨਵੇ ਢੰਗ ਨੇ
ਕੁਰਸੀ ਦੀ ਲੜਾਈ ਚ
ਗ਼ਰੀਬਾਂ ਦੀ ਨਾ ਸੁਣਵਾਈ ਏ
ਜਵਾਨੀ ਸਾਰੀ ਚਿੱਟੇ ਤੇ ਲਾ ਤੀ
ਹਾਲੇ ਕੱਲ ਇਕ ਮਾਂ ਪੁੱਤ ਨੂੰ
ਸਿਵਿਆਂ ਚ ਬਾਲ ਕੇ ਆਈ ਏ
ਚਿੱਟੇ ਕੱਪੜਿਆਂ ਪਿੱਛੇ
ਤਨ ਮਨ ਕਾਲੇ ਨੇ
ਇਹਨਾਂ ਨੇ ਗ਼ਰੀਬੀ ਭੁੱਖਮਰੀ
ਤੋ ਕਿ ਜਾਣੂ ਹੋਣਾ,
ਕਿਉਂਕਿ ਇਹ ਖੁਦ ਬੜੇ ਖੁਸ਼ਹਾਲੇ ਨੇ
ਸ਼ਿਆਸਤ ਦੇ ਨਸ਼ੇ ਨੇ
ਐਸੀ ਮੱਤ ਮਾਰਤੀ
ਜਵਾਨੀ ਨਸ਼ੇ ਤੇ ਲਾਤੀ
ਕਿਸਾਨੀ ਕਰਜ਼ੇ ਦੀ ਸੂਲੀ ਚਾੜ੍ਹੀ

**ਗੁਰਸਿਮਰਨ ਮਲੂਕਾ**

## .ਗ਼ਜ਼ਲ

ਲੱਗਦੈ ਸ਼ਹਾਦਤਾਂ ਨੂੰ ਸੰਨ੍ਹ ਕੋਈ ਲਗਾ ਰਿਹੈ
ਹੀਰੇ ਕੋਹਿਨੂਰ ਦੇ ਖਜ਼ਾਨੇ ਨੂੰ ਚੁਰਾ ਰਿਹੈ

ਅਹਿਸਾਨ ਫਰਾਮੋਸ਼ ਜਿਹੜਾ ਸਕੀ ਮਾਂ ਦਾ ਨ੍ਹੀਂ ਬਣਿਆ
ਸੋਹਲੇ ਨਾ- ਸ਼ੁਕਰਾ ਵਿਦੇਸ਼ੀਆਂ ਦੇ ਗਾ ਰਿਹੈ

ਇੱਕ ਲੈਂਦਾ ਬਦਲਾ ਹੈ ਜਾ ਕੇ ਇੱਕੀ ਸਾਲ ਪਿੱਛੋਂ
ਇੱਕ ਜੋ ਸਰੋਪੇ ਗਲ਼ ਕਾਤਲਾਂ ਦੇ ਪਾ ਰਿਹੈ

ਲੱਖ ਰਾਹੂ ਕੇਤੂ ਰਲ਼ ਘੇਰ ਲੈਣ ਸੂਰਜਾਂ ਨੂੰ
ਚੀਰ ਬ੍ਰਹਿਮੰਡ ਸੇਕ ਧਰਤੀ ਤਪਾ ਰਿਹੈ

ਗੰਗਾ ਤਾਈਂ ਉਲਟੀ ਪਹੋਏ ਨੂੰ ਵਹਾਉਂਦੈ ਕੋਈ
ਦਾੜ੍ਹੀਆਂ 'ਚ ਫੁੱਲ ਉਹ ਬਡਾਰੂਆਂ ਦੇ ਪਾ ਰਿਹੈ

ਖ਼ੂਨ ਨਾਲ ਸਿੰਜਿਆ ਆਜ਼ਾਦੀ ਵਾਲੇ ਬੂਟੇ ਨੂੰ
ਉਨ੍ਹਾਂ ਹੀ ਸ਼ਹੀਦਾਂ ਦੇ ਕੋਈ ਖ਼ੂਨ 'ਚ ਨਹਾ ਰਿਹੈ

ਧਰਤੀ ਦਾ ਜ਼ੱਰਾ ਜ਼ੱਰਾ ਰਿਣੀ ਕੁਰਬਾਨੀਆਂ ਦਾ
ਬੇਸ਼ੱਕ ਗੀਤ ਕੋਈ ਹਨੇਰਿਆਂ ਦੇ ਗਾ ਰਿਹੈ

ਪੜ੍ਹਿਆ ਨ੍ਹੀਂ ਜਾਣਿਆ ਨ੍ਹੀਂ ਉੱਚੇ ਵਿਚਾਰਾਂ ਨੂੰ
ਮਾਰ ਤੀਰ ਕੱਦੂ 'ਚ ਭੁਲੇਖੇ ਕੋਈ ਪਾ ਰਿਹੈ

ਪੰਨੇ ਇਤਿਹਾਸ ਦੇ ਸੁਨਹਿਰੀ ਲਿਖੇ ਖ਼ੂਨ ਨਾਲ
ਅਫ਼ਸੋਸ! ਉਸੇ ਖ਼ੂਨ ਨੂੰ ਕੋਈ ਪਾਣੀ ਦਰਸਾਅ ਰਿਹੈ

ਦਸਤਾਰ, ਰਫ਼ਤਾਰ, ਗੁਫ਼ਤਾਰ ਤੋਂ ਪਛਾਣ ਹੁੰਦੈ
ਬੰਦਾ ਪਿੱਛੋਂ ਕਿਹੜੇ ਖਾਨਦਾਨ ਵਿੱਚੋਂ ਆ ਰਿਹੈ

ਹੁੰਦੇ ਨੇ ਸ਼ਹੀਦ ਸਰਮਾਇਆ ਦੇਸ਼ ਕੌਮ ਦਾ
ਜਾਣ ਕੇ ਸ਼ਹੀਦਾਂ ਵਿੱਚ ਵੰਡੀਆਂ ਕੋਈ ਪਾ ਰਿਹੈ

ਲੱਗਦੈ ਹੈ ਬੰਦਾ ਜਦੋਂ ਸੁੱਧ ਬੁੱਧ ਖੋ ਬੈਠੇ
ਆਪ ਨਹੀਂ ਉਹ ਬੋਲਦਾ ਕੋਈ ਪਿੱਛਿਓਂ ਬੁਲਾ ਰਿਹੈ

ਸੱਚ ਤਾਈਂ ਜਾਣਦੈ ਤੇ ਸੱਚ ਨੂੰ ਪਛਾਣਦੈ
ਸਾਰਾ ਹੀ ਅਵਾਮ ਕੁਰਬਾਨੀਆਂ ਨੂੰ ਗਾ ਰਿਹੈ

ਜੌਹਰੀ ਪੁੱਤ ਕਰਦਾ ਵਣਜ ਸਦਾ ਹੀਰਿਆਂ ਦਾ
'ਸੇਖੋਂ' ਅਣਜਾਣ ਹੱਥ ਕੌਡੀਆਂ ਨੂੰ ਪਾ ਰਿਹੈ

**ਲੇਖਕ : ਜਗਜੀਤ ਸੇਖੋਂ**
**ਸੰਪਰਕ: +61431157590**

## ਰੱਬ ਟੱਕਰ ਜੇ

ਜੇ ਕਿਧਰੇ ਮੈਨੂੰ ਰੱਬ ਟੱਕਰ ਜੇ
ਉਹਨੂੰ ਪੁੱਛਾਂ ਇਕ ਸਵਾਲ
ਪੱਥਰਾਂ ਦੇ ਵਿਚ ਵੱਸਦਿਆਂ ਨੂੰ
ਕਿੰਝ ਦਾਣਾ ਦਿੰਦਾ ਖ਼ੁਆਲ

ਜੇ ਕਿਧਰੇ ਮੈਨੂੰ ਰੱਬ ਟੱਕਰ ਜੇ
ਉਹਨੂੰ ਪਾਵਾਂ ਕੁਝ ਕੁ ਬਾਤਾਂ
ਦੱਸ ਮੈਨੂੰ ਉਹ ਜਾਣ ਕਿਧਰ ਨੂੰ
ਨਾ ਹੁੰਦੀਆਂ ਜਿਨ੍ਹਾਂ ਦੀਆਂ ਪ੍ਰਭਾਤਾਂ

ਜੇ ਕਿਧਰੇ ਮੈਨੂੰ ਰੱਬ ਟੱਕਰ ਜੇ
ਦੇਖਾਂ ਅੱਖੋਂ ਪਾਣੀ ਕਿਉਂ ਨਹੀਂ ਚੋਂਦਾਂ
ਉਹਦੇ ਬਾਰੇ ਪੁੱਛਾਂ ਗੌਰ ਨਾਲ
ਜਿਹੜਾ ਭੁੱਖਾ ਸੜਕ ਤੇ ਸੌਂਦਾ

ਜੇ ਕਿਧਰੇ ਮੈਨੂੰ ਰੱਬ ਟੱਕਰ ਜੇ
ਦੇਖਾਂ ਕਿਉਂ ਪੱਥਰ ਹੋਇਆ ਜੇਰਾ
ਧਰਮਾਂ ਨਾਂ ਤੇ ਪੈ ਗਈਆਂ ਵੰਡੀਆਂ
ਭੇਜਦੇ ਫੇਰ ਨਾਨਕ ਜੀ ਨੂੰ ਮਾਰਨ

ਜੇ ਕਿਧਰੇ ਮੈਨੂੰ ਰੱਬ ਟੱਕਰ ਜੇ
ਪੁੱਛਾਂ ਇਹ ਕਿੰਝ ਦੇ ਤੇਰੇ ਬੰਦੇ
ਧਰਮ ਦੇ ਨਾਂ ਤੇ ਹੋਣ ਵਾਲੇ
ਕਦੋਂ ਬੰਦ ਹੋਣਗੇ ਦੰਗੇ

ਜੇ ਕਿਧਰੇ ਮੈਨੂੰ ਰੱਬ ਟੱਕਰ ਜੇ
ਉਹਨੂੰ ਦੱਸਾਂ ਧਰਤ ਦਾ ਹਾਲ
ਧਰਮ ਦੇ ਠੇਕੇਦਾਰ ਵੱਖਰਾ
ਰੱਬ ਲਿਆ ਏ ਪਾਲ

**ਲੇਖਕ : ਹਰਿੰਦਰ ਬੱਲ**

## ਗ਼ਮਾਂ ਦੀ ਰਾਤ

ਅਸੀਂ ਹਸਕੇ ਲੰਘਾ ਦੇਣੀ ਗ਼ਮਾਂ ਦੀ ਰਾਤ ਉੱਪਰ ਦੀ।
ਚੜ੍ਹੀ ਆਉਂਦੀ ਹਨੇਰੇ ਚੀਰਦੀ ਪ੍ਰਭਾਤ ਉੱਪਰ ਦੀ।
ਮੈਂ ਆਖਰ ਜਿੱਤਣਾ ਹੈ ਮਿਲ਼ਣ ਹਾਰਾਂ ਸੈਂਕੜੇ ਵਾਰੀ,
ਯਕੀਨ ਐਨਾ ਕਿ ਹੋ ਸਕਦੀ ਨ ਮੈਥੋਂ ਮਾਤ ਉੱਪਰ ਦੀ।

ਤਿਰੇ ਹਿਜਰਾਂ ਚ ਲਾਈਆਂ ਮੇਰੀਆਂ ਅੱਖੀਆਂ ਨੇ ਉਹ ਝੜੀਆਂ,
ਇਨ੍ਹਾਂ ਝੜੀਆਂ ਤੋਂ ਹੋ ਸਕਦੀ ਨਹੀਂ ਬਰਸਾਤ ਉੱਪਰ ਦੀ।
ਅਨੇਕਾਂ ਮੁਸ਼ਕਲਾਂ ਮੈਂ ਆਪਣੇ ਹੱਥੀਂ ਹੰਢਾਈਆਂ ਨੇ,
ਨ ਮਾਰੀ ਮੁਸ਼ਕਲਾਂ ਤੇ ਓਪਰੀ ਮੈਂ ਝਾਤ ਉੱਪਰ ਦੀ।

ਸ਼ਰੀਫਾਂ ਨੂੰ ਭਲਾ ਹੁਣ ਕੌਣ ਪੁੱਛਦਾ ਹੈ ਤਿਰੀ ਨਗਰੀ,
ਸ਼ਰੀਫਾਂ ਚੋਂ ਤਾਂ ਹਰ ਖੇਤਰ ਚ ਨੇ ਕਮਜ਼ਾਤ ਉੱਪਰ ਦੀ।
ਅਜੇ ਕਿੰਨੀਆਂ ਨਿਵਾਣਾਂ ਵੱਲ ਜਾਣਾ ਹੋਰ ਹੈ ਇਸਨੇ,
ਕਹਾਉਂਦੀ ਸਾਰੀਆਂ ਜ਼ਾਤਾਂ ਚੋਂ ਆਦਮ ਜ਼ਾਤ ਉੱਪਰ ਦੀ।

ਰਹੇ ਹਾਲਾਤ ਵਿਚ ਤੇ ਜਜ਼ਬਿਆਂ ਵਿਚ ਘੋਲ਼ ਤਾਂ ਚਲਦਾ,
ਕਦੇ ਹਾਲਾਤ ਉੱਪਰ ਦੀ, ਕਦੇ ਜਜ਼ਬਾਤ ਉੱਪਰ ਦੀ।
ਕਿਸੇ ਨਿਰਵਾਣ ਦੀ, ਮੁਕਤੀ ਦੀ, ਮੈਨੂੰ ਲੋੜ ਨਾ ਕੋਈ,
ਮਿਲ਼ੀ ਮੁਕਤੀ ਦੇ ਨਾਲ਼ੋਂ ਜ਼ਿੰਦਗੀ ਦੀ ਦਾਤ ਉੱਪਰ ਦੀ।

ਕਹਾਉਨੈਂ ਸੰਤ, ਮਾਇਆ ਨਾਗਣੀ ਨੂੰ ਮਾਰਦੈਂ ਜੱਫ਼ੇ,
ਤਿਰਾ ਕਿਰਦਾਰ ਨੀਵਾਂ 'ਕ੍ਰਿਸ਼ਨ' ਕਰਦੈਂ ਬਾਤ ਉੱਪਰ ਦੀ।

**ਲੇਖਕ : ਕ੍ਰਿਸ਼ਨ ਭਨੋਟ**

## ਛੱਲਾ

ਛੱਲਾ ਮੁੜਕੇ ਨਹੀਂ ਆਇਆ
ਜਦੋਂ ਦਾ ਪੈਰ ਪ੍ਰਦੇਸ 'ਚ ਪਾਇਆ
ਸੱਤ ਸਮੁੰਦਰ ਪਾਰ ਦੂਰੀਆਂ ਨੇ
ਕੀ ਕਰੀਏ ਪਈਆਂ ਮਜਬੂਰੀਆਂ ਨੇ।
ਕੁਝ ਹਾਲਾਤ ਮਾੜੇ ਕਰੇ ਸਰਕਾਰਾਂ ਨੇ
ਦੇਸ਼ ਮੇਰੇ ਦੇ ਵੱਡੇ ਪਹਿਰੇਦਾਰਾਂ ਨੇ
ਇੱਕ ਦੂਜੇ ਨੂੰ ਵੱਟਦੇ ਘੂਰੀਆਂ ਨੇ
ਕੀ ਕਰੀਏ ਪਈਆਂ ਮਜਬੂਰੀਆਂ ਨੇ।
ਕੁਝ ਆਪੇ ਆਪਾਂ ਖਰਚ ਵਧਾਏ ਨੇ
ਮੋਬਾਈਲ ਜਦੋਂ ਦੇ ਹੋਂਦ ਵਿੱਚ ਆਏ ਨੇ
ਪੈਂਦੀਆਂ ਦੇਸ਼ ਰਹਿ ਕੇ ਨਾ ਪੂਰੀਆਂ ਨੇ
ਕੀ ਕਰੀਏ ਪਈਆਂ ਮਜਬੂਰੀਆਂ ਨੇ।
ਚਿਹਰਿਆਂ ਤੋਂ ਉੱਡਗੀ ਲਾਲੀ ਏ
ਏਥੇ ਔਖੀ ਕਮਾਈ ਬਾਹਲੀ ਏ
ਸੁਖਚੈਨ, ਘਰੇ ਜਾਣ ਨੂੰ ਉੱਠਦੀਆਂ ਲੂਰੀਆਂ ਨੇ
ਕੀ ਕਰੀਏ ਪਈਆਂ ਮਜਬੂਰੀਆਂ ਨੇ।

**ਲੇਖਕ : ਸੁਖਚੈਨ ਸਿੰਘ ਠੱਠੀ ਭਾਈ**
**ਸੰਪਰਕ: 0097152763924**

## ਖਪਦਾ ਕਿਉਂ ਏਂ

ਗੱਲ ਗੱਲ ਤੇ ਸੱਜਣਾ ਖਪਦਾ ਕਿਉਂ ਏਂ
ਕੋਲ ਰਹਿ ਕੇ ਹਮੇਸ਼ਾ ਤਪਦਾ ਕਿਉਂ ਏਂ

ਜੋ ਆਪਣੇ ਬਣਕੇ ਵੀ ਕਦੇ ਨਾ ਨਾਲ ਖੜ੍ਹੇ
ਮੁੜ ਮੁੜ ਨਾਮ ਉਨ੍ਹਾਂ ਦਾ ਜਪਦਾ ਕਿਉਂ ਏਂ

ਸੱਚ ਪਰਖਣ ਦੀ ਅਜੇ ਨਾ ਜਾਂਚ ਆਈ
ਐਵੇਂ ਥਾਂ ਥਾਂ ਨਵੇਂ ਰਿਸ਼ਤੇ ਲੱਭਦਾ ਕਿਉਂ ਏਂ

ਸਹਿਣ ਕਰਨ ਦੀ ਸ਼ਕਤੀ ਜੇ ਹੈ ਨਹੀਂ
ਭਾਰ ਬੇਗਾਨਾ ਮੋਢਿਆਂ ਤੇ ਚੱਕਦਾ ਕਿਉਂ ਏਂ

ਸੁਲਝੇ ਹੀ ਦੱਸ ਸਕਦੇ ਗੱਲ ਅਕਲਾਂ ਵਾਲੀ
ਹਰ ਵੇਲੇ ਉਨ੍ਹਾਂ ਤੋਂ ਪਾਸਾ ਵੱਟਦਾ ਕਿਉਂ ਏਂ

ਬੀਤ ਚੁੱਕਿਆ ਵੇਲਾ ਨਾ ਪਰਤੇ ਨਾ ਪਰਤੇਗਾ
ਯਾਦ ਕਰ ਕਰ ਅਤੀਤ ਨੂੰ ਕਲਪਦਾ ਕਿਉਂ ਏਂ

ਕੱਲੇ ਤੁਰਦਿਆਂ ਹੀ ਆਪਣੀ ਮੰਜ਼ਿਲ ਆਪ ਲੱਭੀਂ
'ਸੋਹੀ' ਵਰਗਿਆਂ ਦਾ ਵੀ ਸਾਥ ਲੱਭਦਾ ਕਿਉਂ ਏਂ

**ਲੇਖਕ : ਗੁਰਮੀਤ ਸਿੰਘ ਸੋਹੀ, 9217981404**

# ਨਾਰੀ ਸੰਸਾਰ



## ਘਰੇਲੂ ਔਰਤ ਹੋਣਾ ਵੀ ਹੈ ਮਾਣ ਦੀ ਗੱਲ

*ਅੱਜ ਇਸ ਮਹਿੰਗਾਈ ਦੇ ਯੁੱਗ ਵਿਚ ਇਕ ਆਦਮੀ ਉੱਪਰ ਜੇਕਰ ਪੂਰੇ ਘਰ ਦਾ ਬੋਝ ਹੋਵੇ ਤਾਂ ਸਾਰਿਆਂ ਦੀਆਂ ਜ਼ਰੂਰਤਾਂ ਪੂਰੀਆਂ ਕਰਨੀਆਂ ਅਸੰਭਵ ਹਨ। ਇਸ ਲੱਕ-ਤੋੜ ਮਹਿੰਗਾਈ ਦੇ ਜ਼ਮਾਨੇ ਵਿਚ ਘਰ ਦੇ ਸਾਰੇ ਜੀਅ ਕੁਝ ਨਾ ਕੁਝ ਕਮਾਈ ਕਰਨ ਤਾਂ ਸੁੱਖ-ਸ਼ਾਂਤੀ ਨਾਲ ਰਿਹਾ ਜਾ ਸਕਦਾ ਹੈ। ਇਸ ਲਈ ਜ਼ਰੂਰੀ ਨਹੀਂ ਕਿ ਔਰਤਾਂ ਘਰ ਦੇ ਬਾਹਰ ਜਾ ਕੇ ਕਿਸੇ ਦਫ਼ਤਰ ਵਿਚ ਨੌਕਰੀ ਕਰਕੇ ਹੀ ਪੈਸਾ ਕਮਾ ਸਕਦੀਆਂ ਹਨ। ਕੁਝ ਕੰਮ ਇਸ ਤਰ੍ਹਾਂ ਦੇ ਵੀ ਹੁੰਦੇ ਹਨ ਜੋ ਘਰ ਬੈਠਿਆਂ ਹੀ ਕੀਤੇ ਜਾ ਸਕਦੇ ਹਨ, ਜਿਨ੍ਹਾਂ ਨਾਲ ਸਮਾਂ ਵੀ ਵਧੀਆ ਬੀਤਦਾ ਹੈ ਤੇ ਆਮਦਨ ਵੀ ਹੋ ਜਾਂਦੀ ਹੈ।*

* ਜੇਕਰ ਕੋਈ ਘਰੇਲੂ ਔਰਤ (ਹਾਊਸ ਵਾਈਫ਼) ਬੁਣਾਈ ਵਿਚ ਨਿਪੁੰਨ ਹੋਵੇ ਤਾਂ ਬੁਣਾਈ-ਕਢਾਈ ਵਾਲੀ ਮਸ਼ੀਨ ਖਰੀਦ ਕੇ ਆਪਣਾ ਕਿੱਤਾ ਸ਼ੁਰੂ ਕਰ ਸਕਦੀ ਹੈ। ਇਸ ਵਾਸਤੇ ਵਧੀਆ, ਵੱਡੇ ਦੁਕਾਨਦਾਰਾਂ ਨਾਲ ਸੰਪਰਕ ਕਰਕੇ ਸਮਾਨ ਬਣਾ ਕੇ ਉਨ੍ਹਾਂ ਨੂੰ ਸਪਲਾਈ ਕੀਤਾ ਜਾ ਸਕਦਾ ਹੈ। ਜੇਕਰ ਹੱਥ ਨਾਲ ਬੁਣਾਈ ਕਰ ਸਕਦੇ ਹੋ ਤਾਂ ਹੋਰ ਵੀ ਬਿਹਤਰ ਰਹੇਗਾ।
* ਜੇਕਰ ਕਿਸੇ ਔਰਤ ਨੂੰ ਨਵੇਂ-ਨਵੇਂ ਪਕਵਾਨ ਬਣਾਉਣ ਦਾ ਸ਼ੌਕ ਹੈ ਤਾਂ ਛੋਟੀਆਂ-ਛੋਟੀਆਂ ਪਾਰਟੀਆਂ ਲਈ ਖਾਣਾ ਤਿਆਰ ਕਰਨ ਦਾ ਕੰਮ ਕੀਤਾ ਜਾ ਸਕਦਾ ਹੈ। ਇਸ ਵਾਸਤੇ ਸਥਾਨਕ ਅਖ਼ਬਾਰਾਂ ਨਾਲ ਸੰਪਰਕ ਕਰਕੇ ਇਸ਼ਤਿਹਾਰ ਦਿੱਤੇ ਜਾ ਸਕਦੇ ਹਨ ਤੇ ਘਰ ਬੈਠਿਆਂ ਹੀ ਆਰਡਰ ਲੈ ਕੇ ਆਮਦਨ ਹੋ ਸਕਦੀ ਹੈ।
* ਜੇਕਰ ਕੋਈ ਔਰਤ ਅਚਾਰ, ਮੁਰੱਬਾ, ਜੈਲੀ, ਜੈਮ, ਸ਼ਰਬਤ ਆਦਿ ਬਣਾਉਣਾ ਜਾਣਦੀ ਹੈ ਤਾਂ ਇਹ ਵੀ ਇਕ ਵਧੀਆ ਕੰਮ ਹੈ। ਬਾਜ਼ਾਰ ਨਾਲੋਂ ਥੋੜ੍ਹੇ ਮੁੱਲ 'ਤੇ ਅਚਾਰ-ਮੁਰੱਬੇ ਵੇਚੇ ਜਾਣ ਤਾਂ ਲੋਕ ਘਰੇਲੂ ਉਤਪਾਦਨ ਲੈਣਾ ਜ਼ਿਆਦਾ ਪਸੰਦ ਕਰਦੇ ਹਨ।
* ਸਾੜ੍ਹੀਆਂ ਦੀ ਫਾਲ ਲਗਾ ਕੇ ਪੈਸੇ ਕਮਾਏ ਜਾ ਸਕਦੇ ਹਨ। ਇਸ ਵਾਸਤੇ ਸਿਰਫ ਆਪਣੀ ਮਿਹਨਤ ਹੀ ਲਗਦੀ ਹੈ, ਕੋਈ ਚੀਜ਼ ਖਰੀਦਣ ਦੀ ਲੋੜ ਨਹੀਂ।
* ਕਢਾਈ ਦਾ ਕੰਮ ਕੀਤਾ ਜਾ ਸਕਦਾ ਹੈ। ਅਕਸਰ ਦੇਖਿਆ ਗਿਆ ਹੈ ਕਿ ਪੇਂਡੂ ਖੇਤਰਾਂ ਦੀਆਂ ਔਰਤਾਂ ਛਪਾਈ ਵਾਲੇ ਸ਼ਾਲਾਂ ਉੱਪਰ ਕਢਾਈ ਕਰਕੇ ਪੈਸੇ ਕਮਾ ਲੈਂਦੀਆਂ ਹਨ। ਅਜਿਹਾ ਕਿੱਤਾ ਕੁਝ ਔਰਤਾਂ ਮਿਲ ਕੇ ਵੀ ਕਰ ਸਕਦੀਆਂ ਹਨ। ਸਮਾਂ ਵੀ ਵਧੀਆ ਬੀਤ ਜਾਂਦਾ ਹੈ ਤੇ ਕਮਾਈ ਵੀ ਹੋ ਸਕਦੀ ਹੈ।
* ਅੱਜਕਲ੍ਹ ਨੌਕਰੀਪੇਸ਼ਾ ਔਰਤਾਂ ਦੀ ਇਕ ਵੱਡੀ ਸਮੱਸਿਆ ਹੁੰਦੀ ਹੈ ਬੱਚਿਆਂ ਦੀ ਦੇਖ-ਰੇਖ ਲਈ ਸਮੇਂ ਦੀ ਘਾਟ। ਇਕਹਿਰੇ ਪਰਿਵਾਰਾਂ ਦੀ ਪ੍ਰਥਾ ਕਾਰਨ ਨੌਕਰੀਪੇਸ਼ਾ ਔਰਤਾਂ ਦੇ ਬੱਚੇ ਪ੍ਰੇਸ਼ਾਨ ਹੁੰਦੇ ਹਨ। ਜੇਕਰ ਕਿਸੇ ਘਰੇਲੂ ਔਰਤ ਕੋਲ ਥੋੜ੍ਹੀ ਜਗ੍ਹਾ ਹੋਵੇ ਜਾਂ ਕਿਧਰੇ ਕੋਈ ਇਮਾਰਤ ਕਿਰਾਏ ਉੱਪਰ ਲੈ ਕੇ ਬੱਚਿਆਂ ਲਈ ਕਰੈਚ (ਬਾਲ ਭਵਨ) ਖੋਲ੍ਹਿਆ ਜਾ ਸਕਦਾ ਹੈ। ਬੱਚਿਆਂ ਲਈ ਖਿਡੌਣੇ, ਖਾਣ-ਪੀਣ ਦਾ ਸਾਮਾਨ ਅਤੇ ਆਰਾਮ ਲਈ ਗੱਦੇ ਵਗੈਰਾ ਰੱਖ ਕੇ ਸਹੂਲਤਾਂ ਦੇ ਕੇ ਪੈਸੇ ਕਮਾਏ ਜਾ ਸਕਦੇ ਹਨ, ਕਿਉਂਕਿ ਜਿਥੇ ਬੱਚਿਆਂ ਨੂੰ ਸੁਖ ਸਹੂਲਤਾਂ ਮਿਲਣ ਤਾਂ ਨੌਕਰੀਪੇਸ਼ਾ ਔਰਤਾਂ ਆਪਣੇ ਬੱਚਿਆਂ ਨੂੰ ਅਜਿਹੀ ਜਗ੍ਹਾ ਛੱਡਣ ਤੋਂ ਝਿਜਕਦੀਆਂ ਨਹੀਂ।
* ਜੇਕਰ ਕਿਸੇ ਔਰਤ ਨੂੰ ਬਾਗਬਾਨੀ ਦਾ ਸ਼ੌਕ ਹੈ ਤਾਂ ਇਸ ਦੇ ਰਾਹੀਂ ਵੀ ਕਮਾਈ ਕੀਤੀ ਜਾ ਸਕਦੀ ਹੈ। ਮੌਸਮ ਦੇ ਅਨੁਸਾਰ ਫੁੱਲਾਂ ਦੇ ਬੀਜ ਰੱਖ ਕੇ ਸਮੇਂ ਮੁਤਾਬਿਕ ਬੀਜ ਕੇ ਪਾਲੀਥੀਨ ਦੇ ਛੋਟੇ ਲਿਫ਼ਾਫ਼ਿਆਂ ਵਿਚ ਮਿੱਟੀ ਭਰ ਕੇ ਉਸ ਵਿਚ ਪੌਦੇ ਲਗਾ ਕੇ ਵੇਚੇ ਜਾ ਸਕਦੇ ਹਨ। ਸਬਜ਼ੀਆਂ ਦੇ ਬੀਜ ਲਗਾ ਕੇ, ਵਧੀਆ ਨਰਸਰੀ ਬਣਾ ਕੇ ਇਹ ਵਪਾਰ ਵੀ ਕੀਤਾ ਜਾ ਸਕਦਾ ਹੈ।
* ਕੁਝ ਘਰੇਲੂ ਔਰਤਾਂ ਪੜ੍ਹੀਆਂ-ਲਿਖੀਆਂ ਹੁੰਦੀਆਂ ਹਨ। ਇਹ ਘਰੇਲੂ ਕੰਮ ਕਰਨ ਵਿਚ ਬਹੁਤੀ ਰੁਚੀ ਨਹੀਂ ਰੱਖਦੀਆਂ ਤਾਂ ਉਹ ਆਪਣੇ ਘਰ ਟਿਊਸ਼ਨ ਸੈਂਟਰ ਖੋਲ੍ਹ ਕੇ ਆਪਣੇ ਪਸੰਦੀਦਾ ਵਿਸ਼ਿਆਂ ਦੀ ਟਿਊਸ਼ਨ ਪੜ੍ਹਾ ਸਕਦੀਆਂ ਹਨ। ਇਸ ਨਾਲ ਆਮਦਨ ਵੀ ਹੁੰਦੀ ਹੈ ਤੇ ਰੁਝੇਵਾਂ ਵੀ ਮਿਲ ਜਾਂਦਾ ਹੈ।
* ਜੇਕਰ ਦੂਜਿਆਂ ਨੂੰ ਸੰਵਾਰਨ-ਸ਼ਿੰਗਾਰਨ ਦਾ ਸ਼ੌਕ ਹੈ ਤਾਂ ਥੋੜ੍ਹੀ-ਬਹੁਤ ਟ੍ਰੇਨਿੰਗ ਲੈ ਕੇ ਇਕ ਸਾਫ਼-ਸੁਥਰਾ ਪਾਰਲਰ ਘਰ ਵਿਚ ਹੀ ਖੋਲ੍ਹਿਆ ਜਾ ਸਕਦਾ ਹੈ। ਅੱਜਕਲ੍ਹ ਬਹੁਤ ਸਾਰੇ ਵੂਮਨ ਕਾਲਜਾਂ ਵਿਚ ਅਜਿਹੇ ਥੋੜ੍ਹੇ ਸਮੇਂ ਦੇ ਕੋਰਸ ਸ਼ੁਰੂ ਕੀਤੇ ਗਏ ਹਨ, ਜਿਨ੍ਹਾਂ ਵਿਚ ਜ਼ਿਆਦਾ ਸਮਾਂ ਅਤੇ ਖਰਚਾ ਨਹੀਂ ਲਗਦਾ। ਅਜਿਹੇ ਕਾਲਜਾਂ ਤੋਂ ਟ੍ਰੇਨਿੰਗ ਲੈ ਕੇ ਪਾਰਲਰ ਖੋਲ੍ਹਿਆ ਜਾ ਸਕਦਾ ਹੈ।
* ਜੇਕਰ ਕਿਸੇ ਔਰਤ ਨੂੰ ਸੰਗੀਤ ਦੀ ਜਾਣਕਾਰੀ ਹੈ ਤੇ ਉਸ ਨੇ ਇਸ ਨਾਲ ਸਬੰਧਤ ਡਿਪਲੋਮਾ ਆਦਿ ਕੀਤਾ ਹੈ ਤਾਂ ਉਹ ਆਪਣੇ ਵਿਹਲੇ ਸਮੇਂ ਨੂੰ ਰਚਨਾਤਮਕ ਬਣਾ ਸਕਦੀ ਹੈ। ਨਾਚ/ਨ੍ਰਿਤ ਜਾਂ ਸੰਗੀਤ ਦੀ ਕੋਚਿੰਗ ਵੀ ਦਿੱਤੀ ਜਾ ਸਕਦੀ ਹੈ।
* ਕੁਝ ਘਰੇਲੂ ਔਰਤਾਂ ਅਜਿਹੀਆਂ ਹੁੰਦੀਆਂ ਹਨ, ਜਿਨ੍ਹਾਂ ਕੋਲ ਪੈਸੇ ਦੀ ਕਮੀ ਨਹੀਂ ਹੁੰਦੀ ਪਰ ਉਹ ਵਿਹਲਾ ਰਹਿਣਾ ਪਸੰਦ ਨਹੀਂ ਕਰਦੀਆਂ। ਉਹ ਪੈਸਾ ਲਗਾ ਕੇ ਔਰਤਾਂ ਵਾਸਤੇ ਫਿਟਨੈੱਸ ਸੈਂਟਰ ਖੋਲ੍ਹ ਸਕਦੀਆਂ ਹਨ, ਜਿਸ ਵਾਸਤੇ ਕੋਈ ਟਰੇਨਰ ਵੀ ਰੱਖਿਆ ਜਾ ਸਕਦਾ ਹੈ।
* ਅੱਜਕਲ੍ਹ ਵੱਡੇ ਸ਼ਹਿਰਾਂ ਵਿਚ ਬੱਚੇ ਪੜ੍ਹਨ ਲਈ ਜਾਂਦੇ ਹਨ। ਉਨ੍ਹਾਂ ਨੂੰ ਹੋਸਟਲ ਵਿਚ ਰਹਿਣਾ ਪਸੰਦ ਨਹੀਂ ਹੁੰਦਾ। ਉਹ ਘਰ ਵਰਗਾ ਮਾਹੌਲ ਚਾਹੁੰਦੇ ਹਨ। ਇਹ ਵੀ ਇਕ ਆਮਦਨ ਵਾਲਾ ਕੰਮ ਹੈ। ਜੇਕਰ ਘਰ ਵਿਚ ਕਮਰੇ ਵਧੇਰੇ ਹੋਣ ਤਾਂ ਇੱਛਾ ਮੁਤਾਬਿਕ ਲੜਕਿਆਂ ਜਾਂ ਲੜਕੀਆਂ ਲਈ ਪੀ.ਜੀ. ਖੋਲ੍ਹਿਆ ਜਾ ਸਕਦਾ ਹੈ। ਘਰੇਲੂ ਔਰਤਾਂ ਆਪਣੇ ਸਮੇਂ ਦਾ ਸਦਉਪਯੋਗ ਕਰਕੇ ਆਪਣੇ ਵਿਹਲੇ ਸਮੇਂ ਦੀ ਰਚਨਾਤਮਕ ਵਰਤੋਂ ਕਰਕੇ ਪੈਸਾ ਵੀ ਕਮਾ ਸਕਦੀਆਂ ਹਨ ਤੇ ਵਿਹਲ ਨੂੰ ਰੁਝੇਵੇਂ ਵਿਚ ਬਦਲ ਸਕਦੀਆਂ ਹਨ। ਹੁਣ ਪੇਂਡੂ ਜੀਵਨ ਵਿਚ ਵੀ ਚੇਤਨਾ ਆ ਰਹੀ ਹੈ। ਪਿੰਡਾਂ ਵਿਚ ਵੀ ਅਜਿਹੀਆਂ ਸਹੂਲਤਾਂ ਦਿੱਤੀਆਂ ਜਾ ਸਕਦੀਆਂ ਹਨ।

ਮੁੱਕਦੀ ਗੱਲ ਇਹ ਹੈ ਕਿ ਕੋਈ ਵੀ ਕੰਮ ਸ਼ੁਰੂ ਕਰਨ ਤੋਂ ਪਹਿਲਾਂ ਮਾਨਸਿਕ ਰੂਪ ਵਿਚ ਤਿਆਰ ਹੋਣਾ ਬਹੁਤ ਹੀ ਜ਼ਰੂਰੀ ਹੈ। ਆਪਣੀ ਰੁਚੀ ਅਨੁਸਾਰ ਕੰਮ ਕਰਕੇ ਲਾਭ ਲਿਆ ਜਾ ਸਕਦਾ ਹੈ। ਕਿਸੇ ਵੀ ਕੰਮ ਨੂੰ ਵੱਡਾ ਜਾਂ ਛੋਟਾ ਨਾ ਸਮਝਿਆ ਜਾਵੇ। ਇਹ ਹੋ ਸਕਦਾ ਹੈ ਕਿ ਸ਼ੁਰੂ-ਸ਼ੁਰੂ ਵਿਚ ਆਮਦਨ ਘੱਟ ਹੋਵੇ ਪਰ ਧੀਰਜ ਨਾ ਛੱਡੋ, ਲਗਨ ਨਾਲ ਕੀਤਾ ਕੰਮ ਹੌਲੀ-ਹੌਲੀ ਸਫਲਤਾ ਵੱਲ ਲੈ ਜਾਂਦਾ ਹੈ। ਆਪਣੇ ਵਿਹਾਰ ਵਿਚ ਮਧੁਰਤਾ ਅਤੇ ਸ਼ਿਸ਼ਟਾਚਾਰ ਰੱਖੋ, ਸਫਲਤਾ ਜ਼ਰੂਰ ਮਿਲੇਗੀ।

# ਆਪਣੇ ਘਰ ਨੂੰ ਇੰਜ ਰੱਖੋ ਸੁਰੱਖਿਅਤ



**ਲੇਖਕ : ਅਨੂਪ ਮਿਸ਼ਰਾ**

ਆਓ ਜਾਣਦੇ ਹਾਂ ਉਨ੍ਹਾਂ ਮਹੱਤਵਪੂਰਨ ਨੁਸਖਿਆਂ ਨੂੰ, ਜਿਨ੍ਹਾਂ ਦੀ ਬਦੌਲਤ ਅਸੀਂ ਆਪਣੇ ਬੇਸ਼ਕੀਮਤੀ ਘਰ ਨੂੰ ਸਖ਼ਤ ਸੁਰੱਖਿਆ ਪ੍ਰਦਾਨ ਕਰਦੇ ਹੋਏ ਸੁਰੱਖਿਅਤ ਬਣਾ ਕੇ ਬਾਹਰ ਘੁੰਮਣ ਜਾ ਸਕਦੇ ਹਾਂ-

### ਗੁਆਂਢੀਆਂ ਨੂੰ ਦੱਸੋ

ਜਦੋਂ ਵੀ ਤੁਸੀਂ ਬਾਹਰ ਘੁੰਮਣ ਜਾਓ ਤਾਂ ਘਰ ਬੰਦ ਕਰਨ ਤੋਂ ਪਹਿਲਾਂ ਆਪਣੇ ਗੁਆਂਢੀਆਂ ਨੂੰ ਇਸ ਬਾਰੇ ਜ਼ਰੂਰ ਸੂਚਿਤ ਕਰੋ, ਕਿਉਂਕਿ ਤੁਹਾਡੀ ਗ਼ੈਰ-ਮੌਜੂਦਗੀ ਵਿਚ ਤੁਹਾਡੇ ਗੁਆਂਢੀ ਹੀ ਕਿਸੇ ਵੀ ਹਿਲਜੁਲ ਨੂੰ ਤੁਰੰਤ ਸਭ ਤੋਂ ਪਹਿਲਾਂ ਪਛਾਣ ਸਕਦੇ ਹਨ। ਇਸ ਲਈ ਉਨ੍ਹਾਂ ਨੂੰ ਇਹ ਜ਼ਰੂਰ ਦੱਸੋ ਕਿ ਤੁਸੀਂ ਕਿਸ ਦਿਨ ਤੋਂ ਕਦੋਂ ਤੱਕ ਬਾਹਰ ਰਹੋਗੇ ਅਤੇ ਕਿਸ ਦਿਨ ਵਾਪਸ ਮੁੜ ਕੇ ਆਓਗੇ। ਇਸ ਤਰ੍ਹਾਂ ਤੁਹਾਡੇ ਗੁਆਂਢੀ ਨਾ ਸਿਰਫ ਤੁਹਾਡੇ ਘਰ ਦੀ ਪੂਰੀ ਨਿਗਰਾਨੀ ਰੱਖਣਗੇ, ਸਗੋਂ ਤੁਹਾਡੀ ਗ਼ੈਰ-ਮੌਜੂਦਗੀ ਵਿਚ ਮਹੱਤਵਪੂਰਨ ਡਾਕ ਵੀ ਸੰਭਾਲ ਲੈਣਗੇ।

### ਆਟੋਮੈਟਿਕ ਲਾਈਟਾਂ ਨੂੰ ਚਾਲੂ ਕਰ ਦਿਓ

ਆਪਣੇ ਘਰ ਦੀ ਸੁਰੱਖਿਆ ਨੂੰ ਮੱਦੇਨਜ਼ਰ ਰੱਖਦੇ ਹੋਏ ਤੁਸੀਂ ਚਾਹੋ ਤਾਂ ਘਰ ਵਿਚ ਆਟੋਮੈਟਿਕ ਲਾਈਟਾਂ ਨੂੰ ਵੀ ਜਗਾ ਸਕਦੇ ਹੋ। ਇਸ ਦੀ ਖਾਸ ਗੱਲ ਇਹ ਹੈ ਕਿ ਇਸ ਨੂੰ ਜਿਨ੍ਹਾਂ ਲਾਈਟਾਂ ਨਾਲ ਜੋੜਿਆ ਜਾਂਦਾ ਹੈ, ਉਹ ਖੁਦ ਹੀ ਨਿਰਧਾਰਤ ਸਮੇਂ 'ਤੇ ਜਗਣ ਅਤੇ ਬੁਝਣ ਲਗਦੀਆਂ ਹਨ। ਇਸ ਤਰ੍ਹਾਂ ਦੂਜੇ ਘਰਾਂ ਵਾਂਗ ਤੁਹਾਡੇ ਘਰ ਦੀਆਂ ਲਾਈਟਾਂ ਵੀ ਸ਼ਾਮ ਹੁੰਦੇ ਹੀ ਆਪਣੇ-ਆਪ ਜਗਣ ਲੱਗਣਗੀਆਂ ਅਤੇ ਸਵੇਰ ਹੋਣ 'ਤੇ ਆਪਣੇ-ਆਪ ਬੰਦ ਹੋ ਜਾਣਗੀਆਂ।

### ਸਾਰੇ ਥਾਵਾਂ 'ਤੇ ਤਾਲੇ ਲਗਾਓ

ਅਕਸਰ ਦੇਖਣ ਵਿਚ ਆਉਂਦਾ ਹੈ ਕਿ ਬਹੁਤੇ ਲੋਕ ਘਰੋਂ ਬਾਹਰ ਪਾਰਟੀ, ਸ਼ਾਦੀ, ਜਨਮ ਦਿਨ ਵਗੈਰਾ 'ਤੇ ਜਾਂਦੇ ਸਮੇਂ ਸਿਰਫ ਮੁੱਖ ਦਰਵਾਜ਼ੇ 'ਤੇ ਹੀ ਤਾਲਾ ਲਗਾਉਂਦੇ ਹਨ ਪਰ ਇਹ ਸਰਾਸਰ ਗ਼ਲਤ ਹੁੰਦਾ ਹੈ, ਕਿਉਂਕਿ ਜੇ ਚੋਰੀ-ਲੁੱਟ ਦੇ ਇਰਾਦੇ ਨਾਲ ਚੋਰ ਕਿਸੇ ਕਾਰਨ ਗੁਆਂਢੀਆਂ ਦੀਆਂ ਨਜ਼ਰਾਂ ਵਿਚ ਘੱਟਾ ਪਾਉਣ 'ਚ ਸਫਲ ਹੋ ਗਿਆ ਤਾਂ ਉਹ ਜ਼ਰੂਰ ਚੋਰੀ ਕਰਨ ਵਿਚ ਕਾਮਯਾਬ ਹੋ ਜਾਵੇਗਾ। ਇਸ ਲਈ ਕੋਸ਼ਿਸ਼ ਕਰੋ ਕਿ ਮੁੱਖ ਗੇਟ ਦਾ ਤਾਲਾ ਲਗਾਉਣ ਦੇ ਨਾਲ-ਨਾਲ ਘਰ ਦੇ ਸਾਰੇ ਜ਼ਰੂਰੀ ਕਮਰਿਆਂ ਨੂੰ ਵੀ ਤਾਲਾ ਲਗਾਓ ਤਾਂ ਤੁਹਾਡਾ ਘਰ ਜ਼ਿਆਦਾ ਸੁਰੱਖਿਅਤ ਰਹੇਗਾ ਅਤੇ ਜ਼ਰੂਰੀ ਨਹੀਂ ਕਿ ਚੋਰ ਵੀ ਸਾਰੇ ਤਾਲਿਆਂ ਨੂੰ ਖੋਲ੍ਹਣ ਵਿਚ ਸਫਲ ਹੋ ਜਾਵੇਗਾ। ਸੋ, ਇਹ ਕਦੇ ਨਾ ਸੋਚੋ ਕਿ ਜਦੋਂ ਮੁੱਖ ਗੇਟ 'ਤੇ ਤਾਲਾ ਲਗਾ ਦਿੱਤਾ ਹੈ ਤਾਂ ਅੰਦਰ ਕਿਉਂ ਲਗਾਈਏ?

ਆਪਣਾ ਘਰ ਬੰਦ ਕਰਕੇ ਜਾਣ ਤੋਂ ਪਹਿਲਾਂ ਕੋਸ਼ਿਸ਼ ਕਰੋ ਕਿ ਸਾਰੇ ਗਹਿਣੇ ਅਤੇ ਨਕਦੀ ਬੈਂਕ ਲਾਕਰ ਵਿਚ ਸੁਰੱਖਿਅਤ ਰੱਖ ਦਿਓ। ਇਸ ਨਾਲ ਤੁਹਾਡੀ ਸਮੱਸਿਆ ਅੱਧੀ ਹੋ ਜਾਵੇਗੀ ਅਤੇ ਚੋਰੀ-ਡਕੈਤੀ ਦਾ ਡਰ ਵੀ ਦੂਰ ਹੋ ਜਾਵੇਗਾ। ਗਹਿਣੇ ਅਤੇ ਨਕਦੀ ਚੋਰਾਂ ਦੇ ਨਿਸ਼ਾਨੇ 'ਤੇ ਸਭ ਤੋਂ ਪਹਿਲਾਂ ਆਉਂਦੇ ਹਨ, ਇਸ ਲਈ ਇਸ ਦੀ ਸੁਰੱਖਿਆ ਭਾਵੇਂ ਹੀ ਤੁਹਾਨੂੰ ਛੋਟੀ ਲਗਦੀ ਹੋਵੇ ਪਰ ਬੜੇ ਕੰਮ ਦੀ ਹੁੰਦੀ ਹੈ।

### ਸੀ.ਸੀ.ਟੀ.ਵੀ. ਕੈਮਰਿਆਂ ਨੂੰ ਖੁੱਲ੍ਹਾ ਰੱਖੋ

ਜਦੋਂ ਵੀ ਪਾਰਟੀ ਵਗੈਰਾ ਵਿਚ ਬਾਹਰ ਜਾਣ ਦਾ ਮਨ ਬਣਾਓ ਤਾਂ ਘਰ ਦੇ ਸੀ.ਸੀ.ਟੀ.ਵੀ. ਕੈਮਰਿਆਂ ਨੂੰ ਪਹਿਲਾਂ ਵਾਂਗ ਚੱਲਣ ਦਿਓ। ਜੇ ਕੋਈ ਅਣਹੋਣੀ ਘਟਨਾ ਵਾਪਰ ਜਾਂਦੀ ਹੈ ਤਾਂ ਇਹ ਤੁਹਾਡੀ ਮਦਦ ਜ਼ਰੂਰ ਕਰਨਗੇ। ਸੋ, ਇਨ੍ਹਾਂ ਨੂੰ ਚਲਦੇ ਹੀ ਰੱਖੋ ਤਾਂ ਚੰਗਾ ਹੋਵੇਗਾ। ਇਸ ਤਰ੍ਹਾਂ ਤੁਸੀਂ ਆਪਣੇ ਘਰ ਦੀਆਂ ਸਾਰੀਆਂ ਗਤੀਵਿਧੀਆਂ 'ਤੇ ਵੀ ਨਜ਼ਰ ਰੱਖਣ ਵਿਚ ਸਫ਼ਲ ਹੋ ਜਾਓਗੇ ਅਤੇ ਘਰ ਲਈ ਚੌਕੀਦਾਰ ਜਾਂ ਨੌਕਰ ਰੱਖਣ ਦੀ ਲੋੜ ਵੀ ਨਹੀਂ ਪਵੇਗੀ।



# CLASSIFIEDS & MATRIMONIALS



## CHANGE OF NAME

I, Satinder Kaur W/o Nirmal Singh Sidhu, VPO Mamdot Distt Ferozpur Punjab and presently residing at 12246 75A Ave Surrey V3W 0K7, Canada, do hereby change my name from Satinder Kaur to Satinder Kaur Sidhu, with immediate effect.

## CHANGE OF NAME

I, Sehajpreet Kaur D/o Nirmal Singh Sidhu, VPO Mamdot Distt Ferozpur Punjab and presently residing at 12246 75A Ave Surrey V3W 0K7, Canada, do hereby change my name from Sehajpreet Kaur to Sehajpreet Kaur Sidhu, with immediate effect.

## GROOM WANTED

ਕੈਨੇਡੀਅਨ ਸਿਟੀਜਨ ਜੱਟ ਸਿੱਖ ਗਿੱਲ ਲੜਕੀ ਉਮਰ 27 ਸਾਲ ਕੱਦ 5 ਫੁੱਟ 5 ਇੰਚ, ਕੈਸ਼ੀਅਰ ਦੀ ਜੌਬ, ਵੈਸ਼ਨੂੰ ਪੜ੍ਹੀ ਲਿਖੀ ਲੜਕੀ ਲਈ ਪੜ੍ਹੇ ਲਿਖੇ ਵੈਸ਼ਨੂੰ ਲੜਕੇ ਦੀ ਲੋੜ ਹੈ। ਵਰਕ ਪਰਮਿਟ ਉੱਪਰ ਕੈਨੇਡਾ ਰਹਿ ਰਹੇ ਲੜਕੇ 'ਤੇ ਵੀ ਵਿਚਾਰ ਕੀਤਾ ਜਾ ਸਕਦਾ ਹੈ। ਹੋਣ ਜਾਣਕਾਰੀ ਲਈ ਸੰਪਰਕ ਕਰ ਸਕਦੇ ਹੋ : 778-861-3162 ਅਤੇ 604-593-7978 RS 26-07

..........................................

Jat Sikh Groom wanted for beautiful, 31 year old 5ft 3" Girl Canadian Citizen, Bachleor of Law (India) Master in HR Management (Vancouver), Working as a Conveyancer. Ideal candidate must be Jat Sikh, either a Permanent Resident or a Citizen, well educated. For more information, please call Harmit Virk at 604-537-5806 BH 12-05

..........................................

Family Oriented Canadian Born Jatt Sikh Girl, living in Greater Vancouver, age 31 years, height 5 feet 2 inches, holding 2 university degrees, looking for a hard working, educated, Canadian Born or raised in Canada boy. Contact : 604-657-6533

..........................................

Jat Sikh Gill family seeks a suitable match for their daughter, Canadian born, 34 yrs. old, 5'6" tall, Degree in Law, working with law firm, beautiful, family oriented. The boy should be born or raised in Canada, professionally educated and employed, well settled and form Jat Sikh family. Call : 1-604-832-7232 or 1-604-615-8088


**NOW HIRING**

**Painter, Construction Job**

**Position:**
- 2-year term employment
- Wage: $28/hour
- Surrey, BC Job Locations

**Job Responsibilities (But not limited to):**
- Prep surfaces: clean, scrape, sand, and fill holes.
- Apply paint with brushes, rollers, or sprayers for a quality finish.
- Inspect work to meet quality standards.

**Requirements:**
- 1-year painting experience,
- No minimum education required
- Must speak English

» Apply Now! « Email Resume to setforfuture@gmail.com

**Join Natt Star Homes Ltd.**
**9328 127 Street, Surrey, BC**


## BRIDE WANTED

ਇੰਗਲੈਂਡ ਵਿੱਚ ਜੰਮਿਆ ਅਤੇ ਵੱਡਾ ਹੋਇਆ ਲੜਕਾ ਜੋ ਹੁਣ ਕੈਨੇਡਾ, ਬੀ.ਸੀ. ਵਿੱਚ ਰਹਿ ਰਿਹਾ ਪੀ.ਆਰ. ਲੜਕਾ, ਉਮਰ 28 ਸਾਲਾ, ਕੱਦ 6 ਫੁੱਟ, ਆਪਣਾ ਪਰਿਵਾਰਕ ਬਿਜ਼ਨਸ, ਮਾਸਟਰ ਇਨ ਫਾਰਮੇਸੀ ਦੀ ਡਿਗਰੀ, ਨਸ਼ਿਆਂ ਤੋਂ ਰਹਿਤ ਲੜਕੇ (Short Time Divorce) ਲਈ ਕੈਨੇਡਾ ਵਿੱਚ ਯੋਗ ਲੜਕੀ ਦੀ ਭਾਲ ਹੈ। ਲੜਕੇ ਦਾ ਵੱਡਾ ਭਰਾ ਬ੍ਰਿਟੇਨ ਵਿੱਚ ਰਹਿ ਰਿਹਾ ਹੈ। ਤਲਾਕਸ਼ੁਦਾ 'ਤੇ ਵੀ ਵਿਚਾਰ ਕੀਤਾ ਜਾ ਸਕਦਾ ਹੈ। ਸੰਪਰਕ : +1 (236) 332-6769

AP 12-03

..........................................

ਕੈਨੇਡਾ ਦਾ ਜੰਮਪਲ, ਜੱਟ ਸਿੱਖ ਲੜਕਾ, ਉਮਰ 33 ਸਾਲ,ਕੱਦ 6 ਫੁੱਟ 3 ਇੰਚ, ਵਕੀਲ, ਬਹੁਤ ਸੋਹਣੇ-ਸੁਨੱਖੇ ਲੜਕੇ ਲਈ ਇੱਕ ਸੋਹਣੀ ਪੜੀ-ਲਿਖੀ, ਕਨੇਡੀਅਨ ਜੰਮਪਲ ਲੜਕੀ ਦੀ ਲੋੜ ਹੈ। ਹੋਰ ਜਾਣਕਾਰੀ ਲਈ ਸਪੰਰਕ ਕਰੋ 604-936-3063 AP 01-08

..........................................

ਸਿੱਖ ਟਾਂਕ-ਕਸ਼ਤਰੀ ਲੜਕਾ, ਉਮਰ 36 ਸਾਲ, ਕੱਦ 5 ਫੁੱਟ 7 ਇੰਚ, ਆਪਣਾ ਚੰਗਾ ਕਾਰੋਬਾਰ, ਮੰਗਲੀਕ ਰਹਿਤ ਲਈ ਚੰਗੀ ਪੜ੍ਹੀ ਲਿਖੀ ਲੜਕੀ ਦੀ ਭਾਲ ਹੈ ਸੰਪਰਕ ਕਰੋ : 98553-02896

..........................................

ਸਰੀ ਕੈਨੇਡਾ ਵਿੱਚ ਵਰਕ ਪਰਮਿਟ 'ਤੇ ਰਹਿ ਰਹੇ ਪੜ੍ਹੇ ਲਿਖੇ ਹਿੰਦੂ ਪਰਿਵਾਰ ਦੇ ਲੜਕੇ ਲਈ ਕੈਨੇਡਾ ਵਿੱਚ ਟੈਂਪਰੇਰੀ ਵੀਜ਼ਾ ਜਾਂ ਵਰਕ ਪਰਮਿਟ ਹੋਲਡਰ ਜਾਂ ਇਮੀਗਰਾਂਟ, ਯੋਗ ਲੜਕੀ ਦੀ ਭਾਲ ਹੈ। ਲੜਕਾ ਆਪਣੇ ਪਰਿਵਾਰ ਨਾਲ ਰਹਿ ਰਿਹਾ ਹੈ। ਤਲਾਕਸ਼ੁਦਾ ਜਾਂ ਵਿਧਵਾ 'ਤੇ ਵੀ ਵਿਚਾਰ ਕੀਤਾ ਜਾ ਸਕਦਾ ਹੈ। ਜਾਤ-ਪਾਤ ਦਾ ਕੋਈ ਵੀ ਬੰਧਨ ਨਹੀਂ। ਸੰਪਰਕ ਕਰੋ : 778-321-0986 RS 01-08

..........................................

ਕੇਸਾਧਾਰੀ ਕੈਨੇਡੀਅਨ ਜੰਮਪਲ, ਉਮਰ 37 ਸਾਲ ਅਣ ਵਿਆਹਿਆ, ਕੱਦ 5 ਫੁੱਟ 10 ਇੰਚ, ਮਾਈਕਰੋਸਾਫ਼ਟ ਵਿੱਚ ਚੰਗੀ ਨੌਕਰੀ 'ਤੇ ਕੰਮ ਕਰ ਰਹੇ ਲੜਕੇ ਲਈ ਲੜਕੀ ਦੀ ਲੋੜ ਹੈ, ਸੰਪਰਕ ਕਰੋ : 604-368-3600 AP 29-12

..........................................

Professionally Qualified, 29 years, Handsome, 5 ft 11" Rajput Canadian PR Boy settled in BC belonging to upper middle class family seeks suitable match preferably from British Columbia. Upper caste no bar. Contact +1 (236) 500-0059

## BRIDE WANTED

Jat Sikh Gill family seeks a suitable match for their son, 29 yrs. old, 5'11" tall, Canadian born, well settled, Architect and doing Real estate business, handsome, family oriented. The girl should be Canadian citizen/PR, professionally educated. Call – 1-604-832-7232 or 1-604-615-8088 AP 16-08

..........................................

Sikh Ramgarhia well settled family in canada looking for a suitable match for their 32 year old son, doing business in ontario and winnipeg. Canadian citizen,5-10, Active in real estate and financing business. Call at 204-510-7658 or 437-881-7282. AP 22-08


**CLASSIFIED & MATRIMONIAL**

ਜੇਕਰ ਤੁਸੀਂ ਆਪਣਾ ਵਪਾਰ ਅਤੇ ਕਾਰੋਬਾਰ ਨੂੰ ਹੋਰ ਵਧਾਉਣਾ ਚਾਹੁੰਦੇ ਹੋ ਤਾਂ ਪੰਜਾਬੀ ਭਾਈਚਾਰੇ ਦੇ ਹਰਮਨ ਪਿਆਰੇ ਅਖ਼ਬਾਰ ਕੈਨੇਡੀਅਨ ਪੰਜਾਬ ਟਾਈਮਜ਼ 'ਚ ਇਸ਼ਤਿਹਾਰ ਦੇ ਕੇ ਆਪਣੇ ਵਪਾਰ ਅਤੇ ਕਰੋਬਾਰ ਨੂੰ ਹੋਰ ਵਧਾਓ।

JUST $20 ONLY

ਕੈਨੇਡੀਅਨ ਪੰਜਾਬ ਟਾਈਮਜ਼ ਹੁਣ ਤੁਸੀਂ ਆਪਣੇ ਕਾਰੋਬਾਰ ਸਬੰਧੀ ਇਸ਼ਤਿਹਾਰ ਜਾਂ ਮੈਟਰੀਮੋਨੀਅਲ ਸਬੰਧੀ ਇਸ਼ਤਿਹਾਰ ਸਿਰਫ਼ 20 ਡਾਲਰ ਵਿੱਚ ਛਪਵਾਉਣ ਲਈ ਸੰਪਰਕ ਕਰ ਸਕਦੇ ਹੋ 604-338-7310

# ਪਾਠਕਾਂ ਦੇ ਖ਼ਤ

ਫੇਸਬੁੱਕ ਕਾਲਮ ਤੋਂ

## ਭਾਰਤੀ ਸਮਾਜ ਵਿਚ ਔਰਤਾਂ ਖ਼ਿਲਾਫ਼ ਹਿੰਸਾ ਦੀ ਇੰਤਹਾ

ਵਲੋਂ : ਨਵਕਿਰਨ ਸਿੰਘ ਪੱਤੀ
ਈਮੇਲ : n4navkiran@gmail.com

ਮੱਧ ਅਗਸਤ ਵਿਚ ਇਕ ਪਾਸੇ ਪੂਰਾ ਦੇਸ਼ ਆਜ਼ਾਦੀ ਦਿਵਸ ਦੇ ਜਸ਼ਨ ਮਨਾ ਰਿਹਾ ਹੈ, ਦੂਜੇ ਪਾਸੇ ਦੇਸ਼ ਭਰ ਦੇ ਡਾਕਟਰ ਤੇ ਮੈਡੀਕਲ ਸਟਾਫ ਕੋਲਕਾਤਾ ਬਲਾਤਕਾਰ/ਕਤਲ ਮਾਮਲੇ ਵਿਚ ਇਨਸਾਫ ਅਤੇ ਔਰਤ ਮੈਡੀਕਲ ਸਟਾਫ ਦੀ ਸੁਰੱਖਿਆ ਖਾਤਰ ਸੜਕਾਂ ਉਪਰ ਰੋਸ ਪ੍ਰਦਰਸ਼ਨ ਕਰ ਰਹੇ ਹਨ। 15 ਅਗਸਤ ਵਾਲੇ ਦਿਨ 78ਵੇਂ ਆਜ਼ਾਦੀ ਦਿਵਸ ਮੌਕੇ ਲਾਲ ਕਿਲੇ ਦੀ ਫਸੀਲ ਤੋਂ 97 ਮਿੰਟ ਲੰਮਾ ਭਾਸ਼ਣ ਦਿੰਦਿਆਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਟਾਹਰਾਂ ਮਾਰਦਿਆਂ ਵੱਡੇ-ਵੱਡੇ ਦਾਅਵੇ ਕੀਤੇ ਪਰ ਅਗਲੇ ਹੀ ਦਿਨ ਦੇਸ਼ ਭਰ ਦੇ ਡਾਕਟਰਾਂ ਅਤੇ ਮੈਡੀਕਲ ਸਟਾਫ ਦੀ ਹੜਤਾਲ ਸਰਕਾਰ ਅੱਗੇ ਸਵਾਲ ਖੜ੍ਹੇ ਕਰ ਰਹੀ ਸੀ ਕਿ ਆਜ਼ਾਦੀ ਦੇ 78 ਸਾਲ ਬਾਅਦ ਵੀ ਇਸ ਦੇਸ਼ ਵਿਚ ਔਰਤਾਂ ਸੁਰੱਖਿਅਤ ਕਿਉਂ ਨਹੀਂ ਹਨ। 8 ਅਗਸਤ ਨੂੰ ਪੱਛਮੀ ਬੰਗਾਲ ਦੇ ਸ਼ਹਿਰ ਕੋਲਕਾਤਾ (ਕਲਕੱਤਾ) ਵਿਚਲੇ ਆਰ.ਜੀ. ਕਾਰ ਮੈਡੀਕਲ ਕਾਲਜ ਵਿਚ ਡਿਊਟੀ ਦੌਰਾਨ ਐਮ.ਡੀ. ਦੇ ਦੂਜੇ ਸਾਲ ਦੀ 31 ਸਾਲਾ ਡਾਕਟਰ ਨਾਲ ਬਲਾਤਕਾਰ ਕਰਨ ਬਾਅਦ ਕਤਲ ਕਰ ਦਿੱਤਾ ਗਿਆ। ਬਾਕੀ ਜੂਨੀਅਰ ਡਾਕਟਰਾਂ ਵਾਂਗ ਉਕਤ ਡਾਕਟਰ ਵੀ ਲੰਮੀ ਡਿਊਟੀ ਤੋਂ ਥੱਕੀ ਹੋਈ ਸੈਮੀਨਾਰ ਹਾਲ ਵਿਚ ਆਰਾਮ ਕਰਨ ਲਈ ਗਈ ਸੀ ਕਿ ਉਥੇ ਸਵੇਰੇ ਖੂਨ ਨਾਲ ਲੱਥਪੱਥ ਅੱਧ-ਨੰਗੀ ਲਾਸ਼ ਮਿਲੀ। ਸ਼ੁਰੂਆਤ ਵਿਚ ਹਸਪਤਾਲ ਪ੍ਰਸ਼ਾਸਨ ਨੇ ਮਾਮਲਾ ਦਬਾਉਣ ਦੀ ਕੋਸ਼ਿਸ਼ ਕੀਤੀ ਜਿਸ ਦੇ ਵਿਰੋਧ ਵਿਚ ਹਸਪਤਾਲ ਦੇ ਡਾਕਟਰ, ਸਿਖਿਆਰਥੀ ਸੜਕਾਂ ਉਪਰ ਆ ਗਏ। ਦੇਖਦਿਆਂ ਹੀ ਇਹ ਰੋਹ ਲੋਕ ਲਹਿਰ ਦਾ ਰੂਪ ਧਾਰ ਗਿਆ। ਜਨਤਕ ਦਬਾਅ ਹੇਠ ਲਾਸ਼ ਦਾ ਪੋਸਟਮਾਰਟਮ ਕਰ ਕੇ ਇਕ ਮੁਲਜ਼ਮ ਨੂੰ ਪੁਲਿਸ ਨੇ ਗ੍ਰਿਫਤਾਰ ਕਰ ਲਿਆ, ਪ੍ਰਿੰਸੀਪਲ ਸਮੇਤ ਕੁਝ ਅਮਲਾ ਮੁਅੱਤਲ ਕਰ ਦਿੱਤਾ। ਇਨ੍ਹਾਂ ਹੀ ਦਿਨਾਂ ਵਿਚ ਉਤਰਾਖੰਡ ਦੇ ਇਕ ਨਿੱਜੀ ਹਸਪਤਾਲ ਦੀ ਸਟਾਫ ਨਰਸ ਨਾਲ ਬਲਾਤਕਾਰ ਕਰਨ ਤੋਂ ਬਾਅਦ ਉਸ ਦੇ ਮੂੰਹ 'ਤੇ ਪੱਥਰ ਮਾਰ ਕੇ ਉਸ ਦਾ ਕਤਲ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਇਨ੍ਹਾਂ ਘਿਨਾਉਣੀਆਂ ਵਾਰਦਾਤਾਂ ਖਿਲਾਫ ਪੂਰੇ ਦੇਸ਼ ਵਿਚ ਲੋਕ ਰੋਹ ਫੈਲ ਚੁੱਕਾ ਹੈ ਤੇ 24 ਘੰਟੇ ਲੋਕਾਂ ਲਈ ਸੇਵਾਵਾਂ ਦੇਣ ਵਾਲੇ ਮੈਡੀਕਲ ਸਟਾਫ ਦੀ ਸੁਰੱਖਿਆ ਯਕੀਨੀ ਬਨਾਉਣ ਦੀ ਮੰਗ ਜ਼ੋਰ ਫੜ ਰਹੀ ਹੈ। ਇੰਡੀਅਨ ਮੈਡੀਕਲ ਐਸੋਸੀਏਸ਼ਨ ਦੀ ਅਗਵਾਈ ਹੇਠ ਮੈਡੀਕਲ ਸਟਾਫ ਹੜਤਾਲ ਕਰ ਕੇ ਰੋਸ ਪ੍ਰਦਰਸ਼ਨ ਕਰ ਰਿਹਾ ਹੈ। ਦੁਨੀਆ ਦੀ ਸਭ ਤੋਂ ਵੱਧ ਆਬਾਦੀ ਵਾਲਾ ਸਾਡਾ ਮੁਲਕ ਤਾਂ ਪਹਿਲਾਂ ਹੀ ਡਾਕਟਰਾਂ ਸਮੇਤ ਸਿਹਤ ਕਰਮਚਾਰੀਆਂ ਦੀ ਘਾਟ ਨਾਲ ਜੂਝ ਰਿਹਾ ਹੈ। ਹੜਤਾਲ ਕਾਰਨ ਪਿਛਲੇ ਦਿਨਾਂ ਤੋਂ ਓ.ਪੀ.ਡੀ. ਸੇਵਾਵਾਂ ਬੰਦ ਰਹਿਣ ਦੌਰਾਨ ਮਰੀਜ਼ਾਂ ਖਾਸਕਰ ਗਰੀਬ ਮਰੀਜ਼ਾਂ ਨੂੰ ਖੱਜਲ-ਖੁਆਰੀ ਦਾ ਸਾਹਮਣਾ ਕਰਨਾ ਪਿਆ ਹੈ। ਇਸ ਵਿਚ ਕੋਈ ਦੋ ਰਾਵਾਂ ਨਹੀਂ ਕਿ ਮਰੀਜ਼ਾਂ ਦੀ ਖੱਜਲ-ਖੁਆਰੀ ਲਈ ਸਰਕਾਰ ਜ਼ਿੰਮੇਵਾਰ ਹੈ ਕਿਉਂਕਿ ਸਰਕਾਰ ਦੀ ਇਹ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਡਾਕਟਰਾਂ ਦੀਆਂ ਮੰਗਾਂ ਮੰਨਣ ਦਾ ਐਲਾਨ ਕਰ ਕੇ ਉਸਾਰੂ ਮਾਹੌਲ ਬਣਾਉਣ ਲਈ ਪਹਿਲਕਦਮੀ ਕਰਦੀ। ਹੈਰਾਨੀਜਨਕ ਹੈ ਕਿ ਮੈਡੀਕਲ ਸਟਾਫ ਦੇ ਇਸ ਸੰਘਰਸ਼ ਦੀ ਹਮਾਇਤ ਵਿਚ ਭਾਜਪਾ, ਕਾਂਗਰਸ, ਤ੍ਰਿਣਮੂਲ ਕਾਂਗਰਸ ਸਮੇਤ ਸਾਰੀਆਂ ਹਾਕਮ ਜਮਾਤ ਧਿਰਾਂ ਕੁੱਦ ਚੁੱਕੀਆਂ ਹਨ ਜਦਕਿ ਤੱਥ ਇਹ ਹੈ ਕਿ ਭਾਜਪਾ, ਕਾਂਗਰਸ ਵਰਗੀਆਂ ਸਿਆਸੀ ਪਾਰਟੀਆਂ ਬਲਾਤਕਾਰੀਆਂ ਦੀ ਪੁਸ਼ਤਪੁਨਾਹੀ ਕਰਦੀਆਂ ਰਹੀਆਂ ਹਨ। ਭਾਰਤ ਵਿਚ ਘੱਟ ਗਿਣਤੀ ਭਾਈਚਾਰਿਆਂ ਖਿਲਾਫ ਬਲਾਤਕਾਰ ਨੂੰ ਘਟੀਆ ਹਥਿਆਰ ਵਜੋਂ ਵਰਤਿਆ ਜਾਂਦਾ ਰਿਹਾ ਹੈ; 1984 ਦੀ ਸਿੱਖ ਨਸਲਕੁਸ਼ੀ, 2002 ਵਿਚ ਗੁਜਰਾਤ ਅੰਦਰ ਮੁਸਲਮਾਨਾਂ ਦਾ ਕਤਲੇਆਮ ਅਤੇ ਕਸ਼ਮੀਰ, ਉਤਰ ਪੂਰਬੀ ਸੂਬੇ ਇਸ ਦੀਆਂ ਪ੍ਰਤੱਖ ਉਦਾਹਰਨਾਂ ਹਨ। ਦੇਸ਼ ਦੀ ਇਕ ਖਾਸ ਧਾਰਾ ਵੱਲੋਂ ਕਠੂਆ, ਉਨਾਓ ਵਿਚ ਵਾਪਰੀਆਂ ਦਰਿੰਦਗੀ ਦੀਆਂ ਘਟਨਾਵਾਂ ਦੇ ਦੋਸ਼ੀਆਂ ਨੂੰ ਬਚਾਉਣ ਦੀਆਂ ਕੋਸ਼ਿਸ਼ਾਂ ਕਿਸੇ ਤੋਂ ਭੁੱਲੀਆਂ ਨਹੀਂ। ਮਨੀਪੁਰ ਵਿਚ ਪਿਛਲੇ ਮਹੀਨਿਆਂ ਦੌਰਾਨ ਔਰਤਾਂ ਖਿਲਾਫ ਹੋਈਆਂ ਹਿੰਸਕ ਘਟਨਾਵਾਂ ਅਤੇ 'ਭੀੜ' ਵੱਲੋਂ ਔਰਤਾਂ ਦੀ ਨਗਨ ਪਰੇਡ ਕਿਸੇ ਤੋਂ ਭੁੱਲੀ ਨਹੀਂ ਹੈ। ਸਾਡੇ ਲਈ ਉਹ ਕਾਰਨ ਚਿੰਨ੍ਹਤ ਕਰਨੇ ਜ਼ਰੂਰੀ ਹਨ ਜਿਨ੍ਹਾਂ ਕਰ ਕੇ ਔਰਤ ਡਾਕਟਰਾਂ ਉਪਰ ਲਗਾਤਾਰ ਹਮਲੇ ਹੋ ਰਹੇ ਹਨ। ਸਮਾਜ ਵਿਚ ਸਭ ਤੋਂ ਵੱਧ ਇੱਜ਼ਤ ਡਾਕਟਰਾਂ ਦੀ ਕੀਤੀ ਜਾਂਦੀ ਹੈ, ਸਮਾਜ ਦਾ ਇਕ ਹਿੱਸਾ ਡਾਕਟਰ ਨੂੰ 'ਰੱਬ ਦਾ ਰੂਪ' ਮੰਨਦਾ ਹੈ ਪਰ ਅਜਿਹੇ ਕਾਰਨ ਚਿੰਨ੍ਹਤ ਕਰਨੇ ਜ਼ਰੂਰੀ ਹਨ ਜਿਨ੍ਹਾਂ ਕਰ ਕੇ ਲੋਕਾਂ ਦੀਆਂ ਜਾਨਾਂ ਬਚਾਉਣ ਵਾਲੇ ਮੈਡੀਕਲ ਸਟਾਫ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਅਸਲ ਵਿਚ ਭਾਰਤ ਦਾ ਅਰਧ ਜਗੀਰੂ ਸਾਮਰਾਜੀ ਸਭਿਆਚਾਰ ਔਰਤ ਨੂੰ ਭੋਗ-ਵਿਲਾਸ ਦੀ ਵਸਤੂ ਵਜੋਂ ਚਿਤਵਦਾ ਹੈ। ਦੇਸ਼ ਦੀ 'ਸੱਤਾ' ਉਪਰ ਕਾਬਜ਼ ਰਹੀਆਂ ਧਿਰਾਂ ਨੇ ਕਦੇ ਵੀ ਅਜਿਹਾ ਸਭਿਆਚਾਰ ਸਿਰਜਣ ਦਾ ਯਤਨ ਨਹੀਂ ਕੀਤਾ ਜੋ ਔਰਤਾਂ ਨੂੰ ਬਰਾਬਰੀ ਦੇਣ ਵਾਲਾ ਹੋਵੇ ਬਲਕਿ ਹੁਕਮਰਾਨ ਪਾਰਟੀਆਂ ਦੀਆਂ ਨੀਤੀਆਂ ਨੇ ਔਰਤਾਂ ਖ਼ਿਲਾਫ ਹਿੰਸਾ ਵਿਚ ਵਾਧਾ ਕੀਤਾ ਹੈ। ਇੱਥੇ ਫੈਲੀ ਅਤਿ ਦੀ ਬੇਰੁਜ਼ਗਾਰੀ, ਨਸ਼ੇ, ਨੌਜਵਾਨਾਂ ਦਾ ਅਨਿਸ਼ਚਤ ਭਵਿੱਖ ਅਤੇ ਰਾਜਨੀਤਕ ਪਾਰਟੀਆਂ ਵੱਲੋਂ ਨਿੱਜੀ ਹਿੱਤਾਂ ਦੀ ਪੂਰਤੀ ਲਈ ਗੁੰਡਿਆਂ ਦੀ ਪੁਸ਼ਤਪਨਾਹੀ ਸਮਾਜ ਵਿਚ ਜੁਰਮ ਨੂੰ ਵਧਾਉਂਦੇ ਹਨ। ਦੁਨੀਆ ਭਰ ਦਾ ਇਤਿਹਾਸ ਗਵਾਹ ਹੈ ਜਦੋਂ ਫਿਰਕੂ ਤਾਕਤਾਂ ਨੇ ਵਿਰੋਧੀਆਂ ਨੂੰ ਦਬਾਉਣ ਲਈ ਬਲਾਤਕਾਰ ਨੂੰ ਹਥਿਆਰ ਵਜੋਂ ਇਸਤੇਮਾਲ ਕੀਤਾ। ਨੈਸ਼ਨਲ ਕ੍ਰਾਈਮ ਰਿਕਾਰਡ ਬਿਊਰੋ (ਐੱਨ.ਸੀ.ਆਰ.ਬੀ.) ਦੇ ਅੰਕੜਿਆਂ ਅਨੁਸਾਰ ਭਾਰਤ ਵਿਚ ਔਰਤਾਂ ਖਿਲਾਫ ਹਿੰਸਾ ਦੇ ਮਾਮਲੇ ਲਗਾਤਾਰ ਵਧ ਰਹੇ ਹਨ। 2012 ਦੇ ਆਸ-ਪਾਸ ਭਾਰਤ ਵਿਚ ਪੁਲਿਸ ਨੇ ਇੱਕ ਸਾਲ ਵਿਚ ਬਲਾਤਕਾਰ ਦੇ 25000 ਕੇਸ ਦਰਜ ਕੀਤੇ। 2016 ਵਿਚ ਇਹ ਗਿਣਤੀ 39000 ਤੱਕ ਪਹੁੰਚ ਗਈ। 2021 ਵਿਚ ਬਲਾਤਕਾਰ ਦੇ 31677 ਕੇਸ ਦਰਜ ਕੀਤੇ ਗਏ ਸਨ ਜੋ ਰੋਜ਼ਾਨਾ ਦੇ 86 ਮਾਮਲੇ ਬਣਦੇ ਹਨ। ਇੱਕ ਰਿਪੋਰਟ ਅਨੁਸਾਰ 2018 ਵਿਚ ਦੇਸ਼ ਭਰ ਵਿਚ ਹਰ 15 ਮਿੰਟ ਵਿਚ ਬਲਾਤਕਾਰ ਦੀ ਰਿਪੋਰਟ ਦਰਜ ਕੀਤੀ ਗਈ। ਜਿਸ ਤਰ੍ਹਾਂ ਦਾ ਮਾਮਲਾ ਹੁਣ ਕੋਲਕਾਤਾ ਵਿਚ ਸਾਹਮਣੇ ਆਇਆ ਹੈ, ਇਸੇ ਤਰ੍ਹਾਂ ਦੀ ਘਟਨਾ ਦੇਸ਼ ਦੀ ਰਾਜਧਾਨੀ ਦਿੱਲੀ ਵਿਚ ਵਾਪਰੀ ਸੀ ਜਿਸ ਨੇ ਸਮੁੱਚੇ ਦੇਸ਼ ਨੂੰ ਝੰਜੋੜ ਕੇ ਰੱਖ ਦਿੱਤਾ ਸੀ। ਕੋਵਿਡ-19 ਮਹਾਮਾਰੀ ਦੌਰਾਨ ਅਣਗਿਣਤ ਡਾਕਟਰਾਂ ਅਤੇ ਮੈਡੀਕਲ ਕਰਮੀਆਂ ਨੇ ਆਪਣੀ ਜਾਨ ਖ਼ਤਰੇ ਵਿਚ ਪਾ ਕੇ ਮਰੀਜ਼ਾਂ ਦੀਆਂ ਜਾਨਾਂ ਬਚਾਈਆਂ ਸਨ, ਕਰੀਬ 1600 ਮੈਡੀਕਲ ਕਰਮੀਆਂ ਨੂੰ ਆਪਣੀ ਜਾਨ ਗੁਆਉਣੀ ਪਈ ਸੀ। ਇਹ ਸਭ ਦੇ ਬਾਵਜੂਦ ਸਰਕਾਰਾਂ ਵੱਲੋਂ ਮੈਡੀਕਲ ਸਟਾਫ ਨੂੰ ਬਣਦਾ ਆਦਰ-ਸਤਿਕਾਰ ਦੇਣਾ ਤਾਂ ਦੂਰ ਬਲਕਿ ਕੱਚੇ ਸਿਹਤ ਮੁਲਾਜ਼ਮਾਂ ਨੂੰ ਪੱਕਾ ਤੱਕ ਨਹੀਂ ਕੀਤਾ ਗਿਆ ਹੈ। ਮੈਡੀਕਲ ਸਟਾਫ ਦੀ ਸੁਰੱਖਿਆ ਕਦੇ ਵੀ ਸਰਕਾਰ ਦੇ ਏਜੰਡੇ ਉਪਰ ਨਹੀਂ ਰਹੀ ਹੈ ਜਿਸ ਕਾਰਨ ਮੈਡੀਕਲ ਸਟਾਫ ਅਸੁਰੱਖਿਆ ਦੀ ਭਾਵਨਾ ਹੈ। ਮਈ 2023 ਵਿਚ ਕੋਟਾਰਕਾਰਾ (ਕੇਰਲ) ਵਿਚ ਇਕ ਹਸਪਤਾਲ ਵਿਚ ਇਕ ਨਸ਼ੇੜੀ ਨੇ 22 ਸਾਲਾ ਔਰਤ ਡਾਕਟਰ ਵੰਦਨਾ ਦਾਸ ਦੀ ਚਾਕੂ ਮਾਰ ਕੇ ਹੱਤਿਆ ਕਰ ਦਿੱਤੀ ਸੀ। ਇਸ ਨਸ਼ੇੜੀ ਨੂੰ ਪੁਲਿਸ ਮੁਲਾਜ਼ਮ ਹੀ ਇਲਾਜ ਲਈ ਹਸਪਤਾਲ ਲੈ ਕੇ ਆਏ ਸਨ। ਉਸ ਘਟਨਾ ਤੋਂ ਬਾਅਦ ਵੀ ਸਰਕਾਰਾਂ ਦੀ ਨੀਂਦ ਨਹੀਂ ਖੁੱਲ੍ਹੀ। ਕੋਲਕਾਤਾ ਦੀ ਘਟਨਾ ਨੇ 1973 ਵਿਚ ਮੁੰਬਈ ਦੇ ਇੱਕ ਹਸਪਤਾਲ 'ਚ ਸਟਾਫ ਨਰਸ ਅਰੁਣਾ ਸ਼ਾਨਬਾਗ ਦਾ ਮਾਮਲਾ ਮੁੜ ਚਰਚਾ ਵਿਚ ਲੈ ਆਂਦਾ ਹੈ। 1973 ਵਿਚ ਮੁੰਬਈ ਦੇ ਕਿੰਗ ਐਡਵਰਡ ਮੈਮੋਰੀਅਲ ਹਸਪਤਾਲ ਦੀ ਨਰਸ ਅਰੁਣਾ ਸ਼ਾਨਬਾਗ ਨਾਲ ਹਸਪਤਾਲ ਦੀ ਬੇਸਮੈਂਟ ਵਿਚ ਬਲਾਤਕਾਰ ਕਰਨ ਤੋਂ ਬਾਅਦ ਅੱਧਮਰੀ ਹਾਲਤ ਵਿਚ ਮਰੀ ਹੋਈ ਸਮਝ ਕੇ ਛੱਡ ਦਿੱਤਾ ਗਿਆ ਸੀ ਪਰ ਖੂਨ ਨਾਲ ਲੱਥਪਥ ਉਹ ਨਰਸ 11 ਘੰਟੇ ਉਸੇ ਸਥਿਤੀ ਵਿਚ ਪਈ ਰਹੀ। ਬਹੁਤ ਜ਼ਿਆਦਾ ਖੂਨ ਨਿਕਲਣ ਅਤੇ ਦਿਮਾਗ ਨੂੰ ਲੋੜੀਂਦੀ ਆਕਸੀਜਨ ਨਾ ਪਹੁੰਚਣ ਕਾਰਨ ਉਹ ਕੋਮਾ ਵਿਚ ਚਲੀ ਗਈ ਸੀ। 42 ਸਾਲ ਹਸਪਤਾਲ ਵਿਚ ਕੋਮਾ ਦੀ ਹਾਲਤ ਵਿਚ ਪਈ, ਉਸ ਨਰਸ ਦੀ 18 ਮਈ 2015 ਨੂੰ ਮੌਤ ਹੋ ਗਈ ਸੀ। ਅਸੀਂ ਅਜਿਹੀਆਂ ਸਰਕਾਰਾਂ ਤੋਂ ਔਰਤਾਂ ਦੀ ਭਲਾਈ ਦੀ ਆਸ ਕਿਵੇਂ ਕਰ ਸਕਦੇ ਹਾਂ ਜੋ ਬਿਲਕੀਸ ਬਾਨੋ ਸਮੂਹਿਕ ਬਲਾਤਕਾਰ ਦੇ ਦੋਸ਼ੀਆਂ ਦੀ ਸਜ਼ਾ ਮੁਆਫ ਕਰ ਕੇ ਸਮੇਂ ਤੋਂ ਪਹਿਲਾਂ ਜੇਲ੍ਹ ਵਿਚੋਂ ਰਿਹਾਅ ਕਰਨ ਦਾ ਹੁਕਮ ਦੇ ਸਕਦੀਆਂ ਹਨ। ਬਲਾਤਕਾਰ ਦੇ ਦੋਸ਼ਾਂ ਹੇਠ ਉਮਰ ਕੈਦ ਦੀ ਸਜ਼ਾ ਕੱਟ ਰਹੇ ਡੇਰਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ ਨੂੰ ਵਾਰ-ਵਾਰ ਦਿੱਤੀ ਜਾ ਰਹੀ ਫਰਲੋ ਔਰਤਾਂ ਨੂੰ ਕੀ ਸੰਕੇਤ ਦੇ ਰਹੀ ਹੈ? ਦੇਸ਼ ਦੀਆਂ ਚੋਟੀ ਔਰਤ ਪਹਿਲਵਾਨਾਂ ਵੱਲੋਂ ਭਾਜਪਾ ਸੰਸਦ ਮੈਂਬਰ ਬ੍ਰਿਜ ਭੂਸ਼ਨ ਸ਼ਰਨ ਸਿੰਘ ਖਿਲਾਫ ਗੰਭੀਰ ਕਿਸਮ ਦੇ ਦੋਸ਼ ਲਗਾਏ ਗਏ ਤਾਂ ਪੂਰੀ 'ਸੱਤਾ' ਬ੍ਰਿਜ ਭੂਸ਼ਨ ਸ਼ਰਨ ਸਿੰਘ ਦੇ ਪੱਖ ਵਿਚ ਖੜ੍ਹੀ ਦਿਖਾਈ ਦਿੱਤੀ ਸੀ ਤਾਂ ਅਸੀਂ ਅਜਿਹੀਆਂ ਸਰਕਾਰਾਂ ਤੋਂ ਔਰਤਾਂ ਦੀ ਸੁਰੱਖਿਆ ਖਾਤਰ ਕਾਨੂੰਨ ਬਣਾਉਣ ਦੀ ਉਮੀਦ ਕਿਵੇਂ ਰੱਖ ਸਕਦੇ ਹਾਂ। ਕੋਲਕਾਤਾ ਵਿਚ ਡਾਕਟਰ ਦੇ ਬਲਾਤਕਾਰ/ ਕਤਲ ਮਾਮਲੇ ਨੂੰ ਦੇਸ਼ ਭਰ ਵਿਚ ਔਰਤਾਂ ਖ਼ਿਲਾਫ ਹੋ ਰਹੇ ਅਪਰਾਧਾਂ ਦੇ ਮਾਮਲੇ ਨਾਲ ਜੋੜ ਕੇ ਸਮਝਣ ਤੇ ਔਰਤਾਂ ਦੀ ਮੁਕਤੀ ਦੇ ਵਡੇਰੇ ਸਵਾਲ ਨਾਲ ਜੋੜ ਕੇ ਦੇਖਣ ਦੀ ਲੋੜ ਹੈ। ਸਾਡੇ ਦੇਸ਼ ਦਾ ਢਾਂਚਾ 'ਮਰਦ ਪ੍ਰਧਾਨ' ਸਮਾਜ ਦੀ ਪੁਸ਼ਤਪੁਨਾਹੀ ਕਰਦਾ ਹੈ ਤੇ ਇਹ ਢਾਂਚਾ ਔਰਤ ਵਿਰੋਧੀ ਹੈ। ਇਸ ਢਾਂਚੇ ਵਿਚ ਔਰਤ ਦੀ ਸਥਿਤੀ ਦੋਇਮ ਦਰਜੇ ਦੀ ਹੈ ਤੇ ਇਹ ਔਰਤ ਨੂੰ ਸਿਰਫ ਭੋਗ-ਵਿਲਾਸ ਦੀ ਵਸਤੂ ਵਜੋਂ ਹੀ ਚਿਤਵਦਾ ਹੈ। ਮੈਡੀਕਲ ਸਟਾਫ ਖਿਲਾਫ ਹੋ ਰਹੀਆਂ ਹਿੰਸਕ ਘਟਨਾਵਾਂ ਦਾ ਹੱਲ ਦੋਸ਼ੀਆਂ ਸਖਤ ਕਾਰਵਾਈ ਦੇ ਨਾਲ-ਨਾਲ ਲੋਕ ਪੱਖੀ ਸਮਾਜ ਦੀ ਸਿਰਜਣਾ ਰਾਹੀਂ ਹੀ ਸੰਭਵ ਹੋ ਸਕਦਾ ਹੈ। ਇਸ ਲਈ ਇਕ ਲੋਕ ਪੱਖੀ ਸੱਭਿਆਚਾਰ ਦੀ ਉਸਾਰੀ ਤੇ ਬਰਾਬਰੀ ਦੇ ਸਮਾਜ ਦੀ ਸਿਰਜਣਾ ਹੀ ਔਰਤਾਂ ਦੇ ਮਸਲਿਆਂ ਦਾ ਹੱਲ ਹੈ।

## Important Contacts

### EMERGENCY

Fire | Police | Ambulance
**911**

Occupational First Aid
(Vancouver Campus)
**604-822-4444**

UBC Hospital Urgent Care
(8:00 a.m. – 10:00 p.m.)
**604-822-7662**

Poison Control Centre
**604-682-5050**

Campus Security
**604-822-2222**

### NON-EMERGENCY

Access & Diversity
**604-822-5844**

Ambulance (E-Comm)
**604-872-5151**

AMS Sexual Assault Support Centre
**604-827-5180**

Building Operations Call Centre
**604-822-2173**

Employee & Family Assistance Plan
**1-800-387-4765**

Counselling Services (Students)
**604-822-3811**

Equity & Inclusion Office
**604-822-6353**

Fire Department (Fire Prevention)
**311**

Office of the Ombudsperson for Students
**604-822-6149**

RCMP – University Detachment
**604-224-1322**

Safety & Risk Services
**604-822-2029**

Student Health Services
**604-822-7011**

### SIKH GURDWARAS

**Khalsa Diwan Society, New Westminster, BC**
604-759-2691

**Khalsa Diwan Society, Vancouver**
(604) 568-9500, (604) 324-2010

**Sri Guru Singh Sabha Gurdwara**
604-590-3232

**Gurdwara Sahib Brookside**
604-502-0602

**Gurdwara Kalgidhar Darbar**
604-504-5530

**BC Khalsa Darbar Society**
604-325-2290

**Guru Nanak Sikh Gurdwara**
604-598-1300

**Akali Singh Sikh Society**
604-254-3572

# PINE LIGHTING

## WE CARRY ALL MAJOR BRANDS

## YOU WILL SAVE MONEY

**Gurpreet Dhillon**
gurpreet@pinelighing.ca
P: 604-591-8895 | F: 604-591-8114
6898 King George Blvd.
Surrey, B.C. V3W-4Z9
PINE LIGHTING
www.pinelighing.ca

**Christine Dear**
christine@pinelighing.ca
P: 604-591-8895 | F: 604-591-8114
6898 King George Blvd.
Surrey, B.C. V3W-4Z9
PINE LIGHTING
www.pinelighing.ca

**Michelle McGuigan**
plmicelle@shaw.ca
P: 604-591-8895 | F: 604-591-8114
6898 King George Blvd.
Surrey, B.C. V3W-4Z9
PINE LIGHTING
www.pinelighing.ca

**Rachel Buchan**
plrwalters@shaw.ca
P: 604-591-8895 | F: 604-591-8114
6898 King George Blvd.
Surrey, B.C. V3W-4Z9
PINE LIGHTING
www.pinelighing.ca

**Erin McNab**
erin@pinelighing.ca
P: 604-591-8895 | F: 604-591-8114
6898 King George Blvd.
Surrey, B.C. V3W-4Z9
PINE LIGHTING
www.pinelighing.ca

## 604-591-8895

ਸਾਡਾ ਸਟੋਰ ਹੁਣ ਨਾਲ ਵਾਲੇ ਯੂਨਿਟ 6878 ਵਿੱਚ ਚਲਾ ਗਿਆ ਹੈ।

6878 King George Blvd Same Building, Different Unit.

## 6878 King George Blvd, Surrey

# ਕੈਨੇਡਾ ਦੀ ਮਾਲ ਗੱਡੀ ਪ੍ਰਣਾਲੀ ਠੱਪ ਹੋਣ ਕੰਢੇ ਕਿਵੇਂ ਪਹੁੰਚੀ?




ਕੈਨੇਡੀਅਨ ਨੈਸ਼ਨਲ ਰੇਲਵੇ, ਜੋ ਕਿ ਕੈਨੇਡਾ ਦੀਆਂ ਦੋ ਮੁੱਖ ਰੇਲ ਕੰਪਨੀਆਂ ਵਿੱਚੋਂ ਇੱਕ ਹੈ, ਨੇ ਐਤਵਾਰ ਨੂੰ ਟੀਮਸਟਰਜ਼ ਯੂਨੀਅਨ ਨੂੰ ਰਸਮੀ ਤੌਰ 'ਤੇ ਸੂਚਿਤ ਕੀਤਾ ਹੈ ਕਿ ਉਹ ਵੀਰਵਾਰ ਤੋਂ ਯੂਨੀਅਨ ਵਰਕਰਾਂ ਲਈ ਤਾਲਾਬੰਦੀ ਸ਼ੁਰੂ ਕਰ ਦਵੇਗੀ।

ਇੱਕ ਬਿਆਨ ਵਿਚ ਰੇਲਵੇ ਕੰਪਨੀ ਨੇ ਕਿਹਾ, ਜਦੋਂ ਤੱਕ ਲੇਬਰ ਸੰਘਰਸ਼ ਦਾ ਕੋਈ ਫੌਰੀ ਅਤੇ ਨਿਸ਼ਚਿਤ ਹੱਲ ਨਹੀਂ ਹੁੰਦਾ, ਸੀਐਨ ਕੋਲ ਆਪਣੇ ਨੈਟਵਰਕ ਨੂੰ ਪੜਾਅਵਾਰ ਤਰੀਕੇ ਨਾਲ ਬੰਦ ਕਰਨ ਤੋਂ ਇਲਾਵਾ ਕੋਈ ਚਾਰਾ ਨਹੀਂ ਹੋਵੇਗਾ, ਜੋ ਕਿ ਤਾਲਾਬੰਦੀ ਦੀ ਸ਼ਕਲ ਇਖ਼ਤਿਆਰ ਕਰ ਲਵੇਗਾ।

ਕੰਪਨੀ ਨੇ ਕਿਹਾ ਕਿ ਵੀਕੈਂਡ ਦੌਰਾਨ ਹੋਈ ਗੱਲਬਾਤ ਦੇ ਬਾਵਜੂਦ ਕੋਈ ਅਰਥਪੂਰਨ ਪ੍ਰਗਤੀ ਨਹੀਂ ਹੋਈ ਅਤੇ ਦੋਵੇਂ ਧਿਰਾਂ ਵਿਚ ਮਤਭੇਦ ਹਨ।

ਕੈਨੇਡਾ ਦਾ ਦੂਸਰਾ ਵੱਡਾ ਰੇਲ ਆਪਰੇਟਰ, ਕੈਨੇਡੀਅਨ ਪੈਸਿਫਿਕ ਕੈਨਸਸ ਸਿਟੀ (CPKC), ਪਹਿਲਾਂ ਹੀ ਟੀਮਸਟਰਜ਼ ਯੂਨੀਅਨ ਨੂੰ ਸੂਚਿਤ ਕਰ ਚੁੱਕਾ ਹੈ ਕਿ ਵੀਰਵਾਰ ਤੋਂ ਉਹ ਮੈਂਬਰਾਂ ਲਈ ਤਾਲਾਬੰਦੀ ਸ਼ੁਰੂ ਕਰ ਦਵੇਗਾ। ਇਸ ਦਾ ਅਰਥ ਹੈ ਕਿ ਕੈਨੇਡਾ ਵਿਚ ਮਾਲ ਦੀ ਬਹੁਤਾਤ ਆਵਾਜਾਈ ਵੀਰਵਾਰ ਤੋਂ ਠੱਪ ਹੋਣ ਦੇ ਕੰਢੇ ਪਹੁੰਚ ਗਈ ਹੈ।

ਦੂਸਰੇ ਪਾਸੇ ਟੀਮਸਟਰਜ਼ ਨੇ ਵੀ CPKC ਨੂੰ 72 ਘੰਟਿਆਂ ਦਾ ਹੜਤਾਲ ਨੋਟਿਸ ਦੇ ਦਿੱਤਾ ਹੈ।

ਕੰਪਨੀਆਂ ਅਤੇ ਯੂਨੀਅਨ ਗੱਲਬਾਤ ਵਿੱਚ ਇੱਕ ਦੂਜੇ 'ਤੇ ਮਾੜੀ ਨੀਅਤ ਦੇ ਦੋਸ਼ ਲਗਾਉਂਦੇ ਹਨ। ਟੀਮਸਟਰਜ਼ ਯੂਨੀਅਨ ਦਾ ਕਹਿਣਾ ਹੈ ਕਿ ਸੀਐਨ ਰੇਲ ਅਤੇ ਸੀਪੀਕੇਸੀ ਅਜਿਹੀਆਂ ਰਿਆਇਤਾਂ ਦੀ ਮੰਗ ਕਰ ਰਹੇ ਹਨ ਜੋ ਕਾਮਿਆਂ ਦੀ ਸੁਰੱਖਿਆ ਨੂੰ ਖਤਰੇ ਵਿੱਚ ਪਾ ਸਕਦੀਆਂ ਹਨ, ਹਾਲਾਂਕਿ ਦੋਹਾਂ ਰੇਲ ਕੰਪਨੀਆਂ ਇਹਨਾਂ ਦੋਸ਼ਾਂ ਤੋਂ ਇਨਕਾਰੀ ਹਨ।

ਦੋਵੇਂ ਰੇਲ ਆਪਰੇਟਰਾਂ ਕੋਲ ਕਰੀਬ 9,300 ਵਰਕਰ ਹਨ ਅਤੇ ਕੰਮ ਠੱਪ ਹੋਣ ਦੀ ਸੰਭਾਵਨਾ ਦੇ ਮੱਦੇਨਜ਼ਰ ਆਪਣੀ ਤਿਆਰੀ ਵਜੋਂ ਰੇਲ ਕੰਪਨੀਆਂ ਨੇ ਸ਼ਿਪਮੈਂਟਸ ਨੂੰ ਰੋਕਣਾ ਸ਼ੁਰੂ ਕਰ ਦਿੱਤਾ ਹੈ।

**ਦੋਵੇਂ ਕੰਪਨੀਆਂ ਰੁਕਣ ਲਈ ਆਮਾਦਾ ਕਿਉਂ?**

ਟੀਮਸਟਰਜ਼ ਯੂਨੀਅਨ ਅਤੇ ਕੰਪਨੀਆਂ ਵਿਚਕਾਰ ਇਕਰਾਰਨਾਮੇ ਦੀ ਗੱਲਬਾਤ ਆਮ ਤੌਰ 'ਤੇ ਇਕ ਸਾਲ ਦੇ ਅੰਤਰਾਲ 'ਤੇ ਹੁੰਦੀ ਹੈ, ਪਰ 2022 ਵਿਚ, ਫੈਡਰਲ ਸਰਕਾਰ ਦੁਆਰਾ ਥਕਾਵਟ 'ਤੇ ਨਵੇਂ ਨਿਯਮ ਲਾਗੂ ਕੀਤੇ ਜਾਣ ਤੋਂ ਬਾਅਦ, ਸੀਐਨ ਨੇ ਨਵੇਂ ਸੌਦੇ ਲਈ ਗੱਲਬਾਤ ਕਰਨ ਦੀ ਬਜਾਏ ਆਪਣੇ ਮੌਜੂਦਾ ਸੌਦੇ ਨੂੰ ਇਕ ਸਾਲ ਲਈ ਵਧਾਉਣ ਦੀ ਬੇਨਤੀ ਕੀਤੀ ਸੀ।

ਇਸਦਾ ਅਰਥ ਹੈ ਕਿ ਦੋਵਾਂ ਕੰਪਨੀਆਂ ਦੇ ਲੇਬਰ ਸਮਝੌਤੇ 2023 ਦੇ ਅੰਤ ਵਿੱਚ ਖਤਮ ਹੋ ਗਏ ਸਨ ਅਤੇ ਉਦੋਂ ਤੋਂ ਗੱਲਬਾਤ ਜਾਰੀ ਹੈ। ਨਤੀਜੇ ਵਜੋਂ ਇਸ ਸੌਦੇਬਾਜ਼ੀ ਦੀ ਅਸਫਲਤਾ ਕੈਨੇਡੀਅਨ ਮਾਲ ਗੱਡੀ ਪ੍ਰਣਾਲੀ ਦਾ ਬਹੁਤਾ ਹਿੱਸਾ ਠੱਪ ਕਰ ਦਵੇਗੀ।

**ਦੋਵੇਂ ਧਿਰਾਂ ਦਰਮਿਆਨ ਵਿਵਾਦ ਕੀ ਹੈ?**

ਯੂਨੀਅਨ ਦਾ ਕਹਿਣਾ ਹੈ ਕਿ CPKC ਸੁਰੱਖਿਆ ਲਈ ਜ਼ਰੂਰੀ ਥਕਾਵਟ ਸਬੰਧੀ ਸਾਰੇ ਪ੍ਰਬੰਧਾਂ ਦੇ ਸਮੂਹਿਕ ਸਮਝੌਤੇ ਨੂੰ ਖ਼ਤਮ ਕਰਨਾ ਚਾਹੁੰਦੀ ਹੈ, ਮਤਲਬ ਕਿ ਚਾਲਕ ਦਲ ਦੁਰਘਟਨਾਵਾਂ ਦੇ ਵਧੇ ਜੋਖਮਾਂ ਸਣੇ ਲੰਬੇ ਸਮੇਂ ਤੱਕ ਜਾਗਦੇ ਰਹਿਣ ਲਈ ਮਜਬੂਰ ਹੋਇਆ ਕਰਨਗੇ।

CPKC ਦਾ ਕਹਿਣਾ ਹੈ ਕਿ ਇਸਦੀ ਪੇਸ਼ਕਸ਼ ਸਾਰੇ ਕੰਮ ਦੇ ਨਿਯਮਾਂ ਨੂੰ ਬਰਕਰਾਰ ਰੱਖਦੀ ਹੈ ਅਤੇ ਅਰਾਮ ਲਈ ਨਵੀਆਂ ਰੈਗੂਲੇਟਰੀ ਲੋੜਾਂ ਦੀ ਪੂਰੀ ਤਰ੍ਹਾਂ ਪਾਲਣਾ ਕਰਦੀ ਹੈ ਅਤੇ ਸੁਰੱਖਿਆ ਨਾਲ ਕਿਸੇ ਵੀ ਤਰ੍ਹਾਂ ਸਮਝੌਤਾ ਨਹੀਂ ਕਰਦੀ।

ਟੀਮਸਟਰਜ਼ ਦਾ ਕਹਿਣਾ ਹੈ ਕਿ ਸੀਐਨ ਇੱਕ ਰੀਲੋਕੇਸ਼ਨ ਦੀ ਵਿਵਸਥਾ ਨੂੰ ਲਾਗੂ ਕਰਨਾ ਚਾਹੁੰਦਾ ਹੈ, ਜਿਸ ਨਾਲ ਕਾਮਿਆਂ ਦੀ ਘਾਟ ਨੂੰ ਪੂਰਾ ਕਰਨ ਲਈ ਕਈ ਮਹੀਨਿਆਂ ਲਈ ਕਿਸੇ ਕਾਮੇ ਨੂੰ ਕੈਨੇਡਾ ਵਿੱਚ ਕਿਸੇ ਹੋਰ ਹਿੱਸੇ ਵਿਚ ਜਾ ਕੇ ਕੰਮ ਕਰਨ ਦਾ ਆਦੇਸ਼ ਦਿੱਤਾ ਜਾ ਸਕਦਾ ਹੈ।

CN ਦਾ ਕਹਿਣਾ ਹੈ ਕਿ ਉਸਨੇ ਡਿਊਟੀ ਅਤੇ ਆਰਾਮ ਦੀ ਮਿਆਦ ਦੀ ਨਿਗਰਾਨੀ ਕਰਨ ਵਾਲੇ ਸਰਕਾਰ ਦੁਆਰਾ ਨਿਰਧਾਰਤ ਨਿਯਮਾਂ ਦੀ ਪੂਰੀ ਤਰ੍ਹਾਂ ਪਾਲਣਾ ਕਰਦੇ ਹੋਏ ਇਸ ਸਾਲ ਤਨਖ਼ਾਹ, ਆਰਾਮ ਅਤੇ ਲੇਬਰ ਦੀ ਉਪਲਬਧਤਾ 'ਤੇ ਚਾਰ ਪੇਸ਼ਕਸ਼ਾਂ ਕੀਤੀਆਂ ਹਨ।

**ਫ਼ੈਡਰਲ ਸਰਕਾਰ ਕੀ ਕਰ ਸਕਦੀ ਹੈ?**

ਫ਼ੈਡਰਲ ਲੇਬਰ ਕੋਡ ਦੇ ਆਰਟੀਕਲ 107 ਦੇ ਤਹਿਤ, ਲੇਬਰ ਮੰਤਰੀ ਸਟੀਵਨ ਮੈਕਕਿਨਨ ਕੋਲ ਵਿਆਪਕ ਸ਼ਕਤੀਆਂ ਹਨ ਅਤੇ ਉਹ ਦੋਵੇਂ ਧਿਰਾਂ ਪੱਖਾਂ ਨੂੰ ਬਾਈਡਿੰਗ ਆਰਬਿਟਰੇਸ਼ਨ ਦਾ ਆਦੇਸ਼ ਦੇ ਸਕਦੇ ਹਨ।

ਬਾਇੰਡਿੰਗ ਆਰਬਿਟ੍ਰੇਸ਼ਨ ਵਿਚ ਕਿਸੇ ਆਰਬਿਟ੍ਰੇਟਰ ਯਾਨੀ ਫ਼ੈਸਲਾ ਕਰਵਾਉਣ ਵਾਲੇ ਵਿਚੋਲੇ ਨੂੰ ਸ਼ਾਮਲ ਕੀਤਾ ਜਾਂਦਾ ਹੈ ਜਿਸ ਵਿਚ ਦੋ ਪ੍ਰਸਤਾਵਾਂ ਵਿਚੋਂ ਇੱਕ ਸਮਝੌਤਾ ਤਿਆਰ ਕੀਤਾ ਜਾਂਦਾ ਹੈ।

2023 ਵਿੱਚ ਸਾਬਕਾ ਲੇਬਰ ਮੰਤਰੀ ਸੀਮਸ ਓ'ਰੀਗਨ ਨੇ ਬ੍ਰਿਟਿਸ਼ ਕੋਲੰਬੀਆ ਵਿੱਚ ਡੌਕਵਰਕਰਾਂ ਦੀ ਹੜਤਾਲ ਨੂੰ ਖਤਮ ਕਰਨ ਲਈ ਅਜਿਹਾ ਆਦੇਸ਼ ਜਾਰੀ ਕੀਤਾ ਸੀ। ਉਸ ਸਥਿਤੀ ਵਿੱਚ, ਮੌਜੂਦਾ ਰੇਲ ਵਿਵਾਦ ਦੇ ਉਲਟ, ਧਿਰਾਂ ਇੱਕ ਸੌਦੇ ਦੀ ਰੂਪਰੇਖਾ 'ਤੇ ਵੱਡੇ ਪੱਧਰ 'ਤੇ ਸਹਿਮਤ ਹੋ ਗਈਆਂ ਸਨ।

ਮੈਕਕਿਨਨ ਨੇ ਪਿਛਲੇ ਹਫ਼ਤੇ CN ਦੁਆਰਾ ਬਾਇੰਡਿੰਗ ਆਰਬਿਟ੍ਰੇਸ਼ਨ ਲਈ ਕੀਤੀ ਬੇਨਤੀ ਨੂੰ ਰੱਦ ਕਰ ਦਿੱਤਾ ਸੀ ਤੇ ਦੋਵੇਂ ਧਿਰਾਂ ਨੂੰ ਗੱਲਬਾਤ ਦੀ ਮੇਜ਼ 'ਤੇ ਹੋਰ ਕੋਸ਼ਿਸ਼ ਕਰਨ ਦੀ ਤਾਕੀਦ ਕੀਤੀ ਸੀ। ਸੋਮਵਾਰ ਨੂੰ ਵੀ ਇੱਕ ਬਿਆਨ ਵਿਚ ਲੇਬਰ ਮੰਤਰੀ ਨੇ ਦੋਵੇਂ ਧਿਰਾਂ ਨੂੰ ਆਪਸੀ ਗੱਲਬਾਤ ਅਤੇ ਸੌਦੇਬਾਜ਼ੀ ਰਾਹੀਂ ਇਸ ਮਸਲੇ ਦਾ ਹੱਲ ਲੱਭਣ ਲਈ ਆਖਿਆ ਹੈ।

ਮੌਜੂਦਾ ਲਿਬਰਲ ਸਰਕਾਰ ਨੇ ਪਿਛਲੇ ਕੁਝ ਵਿਵਾਦਾਂ ਦੌਰਾਨ ਬਾਇੰਡਿੰਗ ਆਰਬਿਟ੍ਰੇਸ਼ਨ ਵਰਗੇ ਕਦਮ ਚੁੱਕਣ ਵਿੱਚ ਘੱਟ ਦਿਲਚਸਪੀ ਦਿਖਾਈ ਹੈ ਅਤੇ ਧਿਰਾਂ ਵੱਲੋਂ ਆਪਸੀ ਗੱਲਬਾਤ ਰਾਹੀਂ ਮਸਲਾ ਹੱਲ ਕਰਨ 'ਤੇ ਧਿਆਨ ਦੇਣ ਨੂੰ ਤਰਜੀਹ ਦਿੱਤੀ ਹੈ। ਇੱਕ ਗੁੰਝਲਦਾਰ ਕਾਰਨ ਇਹ ਹੈ ਕਿ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਸਰਕਾਰ ਐਨਡੀਪੀ ਦੇ ਸਮਰਥਨ ਕਰਕੇ ਸੱਤਾ ਵਿਚ ਟਿਕੀ ਹੋਈ ਹੈ ਅਤੇ ਐਨਡੀਪੀ ਨੂੰ ਰਵਾਇਤੀ ਤੌਰ 'ਤੇ ਯੂਨੀਅਨਾਂ ਦਾ ਮਜ਼ਬੂਤ ਸਮਰਥਨ ਪ੍ਰਾਪਤ ਹੈ। ਸੋਮਵਾਰ ਨੂੰ ਇੱਕ ਕਾਨਫ਼ਰੰਸ ਦੌਰਾਨ ਐਨਡੀਪੀ ਲੀਡਰ ਜਗਮੀਤ ਸਿੰਘ ਨੇ ਲਿਬਰਲ ਸਰਕਾਰ ਨੂੰ ਇਸ ਵਿਵਾਦ ਤੋਂ ਪਾਸੇ ਰਹਿਣ ਲਈ ਆਖਿਆ ਹੈ।

- ਧੰਨਵਾਦ ਸਹਿਤ ਰੇਡੀਓ ਕੈਨੇਡਾ ਇੰਟਰਨੈਸ਼ਨਲ

## ਪਰਵਾਸੀ ਪੰਜਾਬੀ ਖ਼ਿਲਾਫ਼ ਵਿਧਾਇਕ ਦੀ ਪਤਨੀ ਦੀ ਸ਼ਿਕਾਇਤ 'ਤੇ ਛੇੜਛਾੜ ਦੇ ਦੋਸ਼ ਹੇਠ ਕੇਸ ਦਰਜ

ਪੰਜਾਬ ਵਿਧਾਨ ਸਭਾ ਵਿੱਚ ਹਾਕਮ ਧਿਰ ਆਮ ਆਦਮੀ ਪਾਰਟੀ ਦੇ ਸਨੌਰ ਹਲਕੇ ਤੋਂ ਵਿਧਾਇਕ ਹਰਮੀਤ ਸਿੰਘ ਪਠਾਨਮਾਜਰਾ ਦੀ ਪਤਨੀ ਗੁਰਪ੍ਰੀਤ ਕੌਰ ਨੇ ਕੈਨੇਡਾ ਵਾਸੀ ਬਜ਼ੁਰਗ ਨਛੱਤਰ ਸਿੰਘ ਵਾਸੀ ਪਿੰਡ ਘੁਮਾਣ ਜ਼ਿਲ੍ਹਾ ਲੁਧਿਆਣਾ ਖ਼ਿਲਾਫ਼ ਛੇੜਛਾੜ ਦੇ ਦੋਸ਼ ਹੇਠ ਕੇਸ ਦਰਜ ਕਰਵਾਇਆ ਹੈ।

ਪੰਜਾਬ ਵਿਧਾਨ ਸਭਾ ਵਿੱਚ ਹਾਕਮ ਧਿਰ ਆਮ ਆਦਮੀ ਪਾਰਟੀ ਦੇ ਸਨੌਰ ਹਲਕੇ ਤੋਂ ਵਿਧਾਇਕ ਹਰਮੀਤ ਸਿੰਘ ਪਠਾਨਮਾਜਰਾ ਦੀ ਪਤਨੀ ਗੁਰਪ੍ਰੀਤ ਕੌਰ ਨੇ ਕੈਨੇਡਾ ਵਾਸੀ ਬਜ਼ੁਰਗ ਨਛੱਤਰ ਸਿੰਘ ਵਾਸੀ ਪਿੰਡ ਘੁਮਾਣ ਜ਼ਿਲ੍ਹਾ ਲੁਧਿਆਣਾ ਖ਼ਿਲਾਫ਼ ਛੇੜਛਾੜ ਦੇ ਦੋਸ਼ ਹੇਠ ਕੇਸ ਦਰਜ ਕਰਵਾਇਆ ਹੈ।

ਥਾਣਾ ਸੁਧਾਰ ਦੀ ਪੁਲੀਸ ਨੇ ਐੱਨਆਰਆਈ ਨਛੱਤਰ ਸਿੰਘ ਖ਼ਿਲਾਫ਼ ਨਵੇਂ ਭਾਰਤੀ ਨਿਆਂ ਕਾਨੂੰਨ ਦੀ ਧਾਰਾ 75 ਤਹਿਤ ਕੇਸ ਦਰਜ ਕਰਕੇ ਕਾਨੂੰਨੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਮੁਕੱਦਮੇ ਦੀ ਜਾਂਚ ਥਾਣੇਦਾਰ ਕੁਲਦੀਪ ਸਿੰਘ ਨੂੰ ਸੌਂਪੀ ਗਈ ਹੈ। ਜਾਂਚ ਅਫ਼ਸਰ ਕੁਲਦੀਪ ਸਿੰਘ ਅਨੁਸਾਰ ਕੈਨੇਡਾ ਦੇ ਮਿਸੀਸਾਗਾ ਵਿੱਚ ਰਹਿਣ ਵਾਲੇ ਨਛੱਤਰ ਸਿੰਘ ਨੂੰ ਭਾਰਤ ਵਾਪਸ ਲਿਆਉਣ ਲਈ ਕਾਰਵਾਈ ਆਰੰਭ ਕੀਤੀ ਜਾ ਰਹੀ ਹੈ।

ਪਿੰਡ ਸਹੋਲੀ ਵਾਸੀ ਗੁਰਪ੍ਰੀਤ ਕੌਰ ਨੇ ਪੁਲੀਸ ਕੋਲ ਦਰਜ ਕਰਵਾਈ ਸ਼ਿਕਾਇਤ ਵਿੱਚ ਕਿਹਾ ਕਿ ਸੁਧਾਰ ਦੇ ਘੁਮਾਣ ਚੌਕ ਵਿੱਚ ਸਥਿਤ ਨਛੱਤਰ ਸਿੰਘ ਦੀ ਕੋਠੀ ਵਿੱਚ ਰਹਿ ਕੇ ਸਾਂਭ ਸੰਭਾਲ ਕਰਦੀ ਹੈ। ਉਸ ਨੇ ਦਾਅਵਾ ਕੀਤਾ ਕਿ ਨਛੱਤਰ ਸਿੰਘ ਨੇ ਖ਼ੁਦ ਹੀ ਉਸ ਨੂੰ ਸਾਂਭ ਸੰਭਾਲ ਦੀ ਜ਼ਿੰਮੇਵਾਰੀ ਸੌਂਪੀ ਸੀ ਪਰ ਬਾਅਦ ਵਿੱਚ ਉਹ ਬੁਰੀ ਨਜ਼ਰ ਰੱਖਣ ਲੱਗ ਪਿਆ ਸੀ।

ਗੁਰਪ੍ਰੀਤ ਕੌਰ ਨੇ ਦੋਸ਼ ਲਾਇਆ ਕਿ ਉਸ ਨੇ ਨਛੱਤਰ ਸਿੰਘ ਦੇ ਪੁੱਤਰ ਸੰਦੀਪ ਸਿੰਘ ਨੂੰ ਇਸ ਬਾਰੇ ਸਭ ਕੁਝ ਦੱਸ ਦਿੱਤਾ ਸੀ। ਗੁਰਪ੍ਰੀਤ ਕੌਰ ਅਨੁਸਾਰ 13 ਮਈ ਨੂੰ ਨਛੱਤਰ ਸਿੰਘ ਨੇ ਸ਼ਾਮ ਕਰੀਬ ਪੰਜ ਵਜੇ ਕੋਠੀ ਵਿੱਚ ਆ ਕੇ ਉਸ 'ਤੇ ਸਰੀਰਕ ਸਬੰਧ ਬਣਾਉਣ ਲਈ ਦਬਾਅ ਪਾਇਆ ਸੀ।

ਉਸ ਨੇ ਇਹ ਵੀ ਦਾਅਵਾ ਕੀਤਾ ਕਿ ਉਸ ਕੋਲ ਫੋਟੋ ਅਤੇ ਵੀਡੀਓ ਮੌਜੂਦ ਹਨ ਜੋ ਉਹ ਲੋੜ ਪੈਣ 'ਤੇ ਪੇਸ਼ ਕਰੇਗੀ। ਗੁਰਪ੍ਰੀਤ ਕੌਰ ਅਨੁਸਾਰ ਨਛੱਤਰ ਸਿੰਘ ਦਾ ਆਪਣੇ ਭਤੀਜੇ ਨਾਲ ਇਸ ਕੋਠੀ ਬਾਰੇ ਅਦਾਲਤ ਵਿੱਚ ਕੇਸ ਚੱਲ ਰਿਹਾ ਹੈ, ਇਸ ਕੇਸ ਦੀ ਪੈਰਵੀ ਲਈ ਨਛੱਤਰ ਸਿੰਘ ਵੱਲੋਂ ਦਿੱਤਾ ਗਿਆ ਮੁਖ਼ਤਿਆਰਨਾਮਾ ਹੋਣ ਦਾ ਵੀ ਦਾਅਵਾ ਕੀਤਾ ਹੈ।

## ਕਿਊਬੈਕ ਵੱਲੋਂ ਵਰਕ ਪਰਮਿਟ ਵਾਲਿਆਂ ਦੀ ਐਂਟਰੀ ਬੰਦ



ਟਰੀਅਲ : ਕੈਨੇਡਾ ਦੇ ਸੂਬੇ ਕਿਊਬੈਕ ਵੱਲੋਂ ਵਰਕ ਪਰਮਿਟ ਵਾਲਿਆਂ ਦਾ ਦਾਖ਼ਲਾ 3 ਸਤੰਬਰ ਤੋਂ ਬੰਦ ਕੀਤਾ ਜਾ ਰਿਹਾ ਹੈ। ਜਾਣਕਾਰੀ ਲਈ ਦੱਸ ਦਈਏ ਇੱਥੇ ਲੇਬਰ ਮਾਰਕਿਟ ਇੰਪੈਕਟ ਅਸੈਸਮੈਂਟ ਵਾਲੀਆਂ ਅਰਜ਼ੀਆਂ ਬੰਦ ਕੀਤੀਆਂ ਜਾ ਰਹੀਆਂ ਹਨ ਤੇ ਰੋਕ 6 ਮਹੀਨੇ ਤੱਕ ਜਾਰੀ ਰਹੇਗੀ। ਰਿਪੋਰਟਾਂ ਮੁਤਾਬਕ 27.47 ਪ੍ਰਤੀ ਘੰਟਾ ਤੋਂ ਘੱਟ ਉਜਰਤ ਵਾਲੀਆਂ ਅਰਜ਼ੀਆਂ ਪ੍ਰਵਾਨ ਨਹੀਂ ਕੀਤੀਆਂ ਜਾਣਗੀਆਂ। ਕਿਊਬੈਕ ਵਿਚ ਦਰਮਿਆਨੀ ਉਜਰਤ ਦਰ 27 ਡਾਲਰ ਚੱਲ ਰਹੀ ਹੈ ਅਤੇ ਸੂਬਾ ਸਰਕਾਰ ਘੱਟ ਤੋਂ ਘੱਟ ਟੈਂਪਰੇਰੀ ਰੈਜ਼ੀਡੈਂਟਸ ਨੂੰ ਸੱਦਣ ਦੀ ਇੱਛਕ ਹੈ। ਕਿਊਬੈਕ ਦੇ ਪ੍ਰੀਮੀਅਰ ਫਰਾਂਸਵਾ ਲੈਗੋ ਕਈ ਮਹੀਨੇ ਤੋਂ ਕੈਨੇਡਾ ਸਰਕਾਰ ਨੂੰ ਅਜਿਹੀਆਂ ਪਾਬੰਦੀਆਂ ਲਾਗੂ ਕਰਨ ਦਾ ਸੱਦਾ ਦੇ ਰਹੇ ਸਨ ਜਿਨ੍ਹਾਂ ਰਾਹੀਂ ਆਰਜ਼ੀ ਪ੍ਰਵਾਸ ਨੂੰ ਠੱਲ੍ਹ ਪਾਈ ਜਾ ਸਕੇ।

ਕੈਨੇਡਾ ਸਰਕਾਰ ਵੱਲੋਂ ਇੱਕ ਹੋਰ ਸਖ਼ਤ ਇੰਮੀਗ੍ਰੇਸ਼ਨ ਨੀਤੀ ਅਜਿਹੇ ਸਮੇਂ ਲਿਆਂਦੀ ਜਾ ਰਹੀ ਹੈ ਜਦੋਂ ਸੰਯੁਕਤ ਰਾਸ਼ਟਰ ਦੀ ਇਕ ਰਿਪੋਰਟ ਵਿਚ ਆਰਜ਼ੀ ਵਿਦੇਸ਼ੀ ਕਾਮਿਆਂ ਨੂੰ ਗੁਲਾਮ ਬਣਾਏ ਜਾਣ ਦੇ ਦੋਸ਼ ਲਾਏ ਗਏ। ਰਿਪੋਰਟ ਕਹਿੰਦੀ ਹੈ ਕਿ ਆਰਜ਼ੀ ਵਿਦੇਸ਼ੀ ਕਾਮਿਆਂ ਨੂੰ ਨਾ ਸਿਰਫ਼ ਸਰੀਰਕ ਅਤੇ ਮਾਨਸਿਕ ਤਸੀਹੇ ਝੱਲਣੇ ਪੈ ਰਹੇ ਹਨ ਸਗੋਂ ਇੰਪਲੌਇਰ ਤਨਖਾਹਾਂ ਦੇਣ ਤੋਂ ਵੀ ਸਾਫ ਮੁੱਕਰ ਜਾਂਦੇ ਹਨ। ਵਿਦੇਸ਼ੀ ਕਾਮਿਆਂ ਨਾਲ ਬੇਹੱਦ ਮੰਦੀ ਭਾਸ਼ਾ ਦੀ ਵਰਤੋਂ ਕੀਤੀ ਜਾਂਦੀ ਹੈ ਅਤੇ ਸੈਕਸੁਅਲ ਹੈਰਾਸਮੈਂਟ ਦੀਆਂ ਸ਼ਿਕਾਇਤਾਂ ਵੀ ਸਾਹਮਣੇ ਆ ਰਹੀਆਂ ਹਨ।

ਰਿਪੋਰਟ ਵਿਚ ਕੈਨੇਡਾ ਸਰਕਾਰ ਨੂੰ ਆਰਜ਼ੀ ਵਿਦੇਸ਼ੀ ਕਾਮਿਆਂ ਨਾਲ ਸਬੰਧਤ ਨਿਯਮਾਂ ਵਿਚ ਵੱਡੀ ਤਬਦੀਲੀ ਕਰਨ ਦਾ ਸੱਦਾ ਦਿਤਾ ਗਿਆ ਹੈ ਤਾਂਕਿ ਕਿਰਤੀਆਂ ਦੀ ਰਿਹਾਇਸ਼, ਹੈਲਥ ਕੇਅਰ ਅਤੇ ਇੰਮੀਗ੍ਰੇਸ਼ਨ ਸਟੇਟਸ ਦਾ ਮਸਲਾ ਰੁਜ਼ਗਾਰਦਾਤਾਵਾਂ ਦੇ ਕੰਟਰੋਲ ਤੋਂ ਬਾਹਰ ਹੋ ਸਕੇ।

## ਭਿਆਨਕ ਸੜਕ ਹਾਦਸੇ ਦੌਰਾਨ ਪੰਜਾਬੀ ਵਿਦਿਆਰਥਣ ਦੀ ਮੌਤ



ਬਰੈਂਪਟਨ : ਕੈਨੇਡਾ ਦੇ ਪੈਰੀ ਸਾਊਂਡ ਇਲਾਕੇ ਵਿਚ ਹਾਈਵੇਅ 400 'ਤੇ ਵਾਪਰੇ ਦਰਦਨਾਕ ਸੜਕ ਹਾਦਸੇ ਦੌਰਾਨ ਭਾਰਤੀ ਵਿਦਿਆਰਥਣ ਦੀ ਮੌਤ ਹੋ ਗਈ। ਸਟੱਡੀ ਵੀਜ਼ਾ 'ਤੇ ਕੈਨੇਡਾ ਆਈ ਮੁਸਕਾਨ ਬੱਤਰਾ ਆਪਣੇ ਦੋਸਤਾਂ ਨਾਲ ਰੱਖੜੀ ਦਾ ਤਿਉਹਾਰ ਮਨਾਉਣ ਬਰੈਂਪਟਨ ਆ ਰਹੀ ਸੀ ਜਦੋਂ ਹਾਦਸਾ ਵਾਪਰ ਗਿਆ। ਓਂਟਾਰੀਓ ਪ੍ਰੋਵਿਨਸ਼ੀਅਲ ਪੁਲਸ ਨੇ ਦੱਸਿਆ ਕਿ ਹਾਦਸੇ ਦੌਰਾਨ ਇਕ ਹੋਰ ਸ਼ਖ਼ਸ ਗੰਭੀਰ ਜ਼ਖ਼ਮੀ ਹੋ ਗਿਆ, ਜਿਸ ਨੂੰ ਹਸਪਤਾਲ ਦਾਖ਼ਲ ਕਰਵਾਇਆ ਗਿਆ ਹੈ। ਪ੍ਰਾਪਤ ਜਾਣਕਾਰੀ ਮੁਤਾਬਕ ਮੁਸਕਾਨ ਬੱਤਰਾ ਦੀ ਗੱਡੀ ਬੇਕਾਬੂ ਹੋ ਕੇ ਪਲਟ ਗਈ।ਫਿਲਹਾਲ ਪੁਲਸ ਵੱਲੋਂ ਹਾਦਸੇ ਦੇ ਕਾਰਨਾਂ ਦੀ ਪੜਤਾਲ ਕੀਤੀ ਜਾ ਰਹੀ ਹੈ। ਉਧਰ ਚਿਤਵਨ ਅਰੋੜਾ ਵੱਲੋਂ ਸਥਾਪਤ ਗੋਫੰਡਮੀ ਪੇਜ ਮੁਤਾਬਕ ਮੁਸਕਾਨ ਦੇ ਮਾਪਿਆਂ ਨੇ ਕਰਜ਼ਾ ਲੈ ਕੇ ਉਸ ਨੂੰ ਕੈਨੇਡਾ ਭੇਜਿਆ। ਮੁਸਕਾਨ ਦੇ ਮਾਪਿਆਂ ਨੂੰ ਜਦੋਂ ਤ੍ਰਾਸਦੀ ਬਾਰੇ ਦੱਸਿਆ ਗਿਆ ਤਾਂ ਉਨ੍ਹਾਂ ਨੂੰ ਪਹਿਲੀ ਵਾਰ ਯਕੀਨ ਹੀ ਨਾ ਹੋਇਆ। ਗੋਫੰਡਮੀ ਪੇਜ ਰਾਹੀਂ ਮੁਸਕਾਨ ਬੱਤਰਾ ਦੇ ਮਾਪਿਆਂ ਦੀ ਮਦਦ ਕਰਨ ਦੀ ਗੁਜ਼ਾਰਿਸ਼ ਕੀਤੀ ਗਈ ਹੈ।

# ਪ੍ਰੀਮੀਅਰ ਡੇਵਿਡ ਏਬੀ ਵਲੋਂ ਯੂ.ਬੀ.ਸੀ. ਵਿਖੇ $500 ਮਿਲੀਅਨ ਦੀ ਲਾਗਤ ਨਾਲ ਵਿਦਿਆਰਥੀਆਂ ਲਈ ਰਿਹਾਇਸ਼ੀ ਕੰਪਲੈਕਸ ਬਣਾਉਣ ਦਾ ਐਲਾਨ

## ਵਿਰੋਧੀ ਧਿਰ ਦੇ ਆਗੂਆਂ ਨੇ ਡੇਵਿਡ ਈਬੀ ਦੇ ਇਸ ਐਲਾਨ ਨੂੰ ਦੱਸਿਆ ਫੋਕਾ ਚੋਣ ਵਾਅਦਾ






ਪ੍ਰੀਮੀਅਰ ਡੇਵਿਡ ਏਬੀ ਵਲੋਂ ਐਲਾਨ ਕੀਤਾ ਗਿਆ ਹੈ ਕਿ ਯੂ.ਬੀ.ਸੀ. -ਵੈਨਕੂਵਰ ਵਿਖੇ $500 ਮਿਲੀਅਨ ਤੋਂ ਵੱਧ ਦੀ ਕੀਮਤ ਦਾ ਇੱਕ ਨਵਾਂ ਵਿਦਿਆਰਥੀ ਹਾਊਸਿੰਗ ਕੰਪਲੈਕਸ ਦੀ ਉਸਾਰੀ ਕੀਤੀ ਜਾਵੇਗੀ। ਪਰ ਇਸ ਦੇਨਾਲ ਹੀ ਰਾਜਨੀਤਿਕ ਵਿਰੋਧੀ ਧਿਰ ਨੇ ਸਰਕਾਰ ਦੇ ਪ੍ਰੋਜੈਕਟ 'ਤੇ ਸਵਾਲ ਚੁੱਕੇ ਹਨ ਕਿ ਅਜਿਹਾ ਹੀ ਵਾਅਦਾ ਪਹਿਲਾ ਸਰਕਾਰ ਨੇ ਰਿਹਾਇਸ਼ੀ ਸੰਕਟ ਨਾਲ ਜੂਝ ਰਹੇ ਲੋਕਾਂ ਨਾਲ ਕੀਤਾ ਸੀ ਕਿ ਉਨ੍ਹਾਂ ਨੂੰ ਕਿਫਾਇਤੀ ਮਕਾਨ ਮੁਹੱਈਆ ਕਰਵਾਏ ਜਾਣਗੇ, ਉਸ ਵਾਅਦੇ ਨੂੰ ਪੂਰਾ ਕਰਨ 'ਚ ਸਰਕਾਰ ਹੁਣ ਤੱਕ ਅਸਫਲ ਰਹੀ ਹੈ।

$560 ਮਿਲੀਅਨ ਦੇ ਪ੍ਰੋਜੈਕਟ ਦੀ ਘੋਸ਼ਣਾ ਕਰਦੇ ਹੋਏ ਪ੍ਰੀਮੀਅਰ ਡੇਵਿਡ ਈਬੀ ਨੇ ਕਿਹਾ "ਪੋਸਟ-ਸੈਕੰਡਰੀ ਸੰਸਥਾਵਾਂ ਦੇ ਨਾਲ ਕੰਮ ਕਰਨਾ ਮਹੱਤਵਪੂਰਨ ਕਦਮ ਹੈ ਉਹ ਇਸ ਹਾਊਸਿੰਗ ਨੂੰ ਤੇਜ਼ੀ ਨਾਲ ਬਣਾਉਣ ਦੇ ਯੋਗ ਹਨ ਅਤੇ ਇਸ ਹਾਊਸਿੰਗ ਦਾ ਪ੍ਰਭਾਵ ਤੁਰੰਤ ਖੇਤਰ ਵਿੱਚ ਬਹੁਤ ਮਹੱਤਵਪੂਰਨ ਹੈ, ਲੋਅਰ ਮੇਨਲੈਂਡ ਦੇ ਪਾਰ ਯੂ.ਬੀ.ਸੀ. ਦੇ ਮਾਮਲੇ ਵਿੱਚ, ਵਿਦਿਆਰਥੀਆਂ ਨੂੰ ਕੈਂਪਸ ਤੋਂ ਬਾਹਰ ਕਿਰਾਏ ਦੀ ਰਿਹਾਇਸ਼ ਦੀ ਬਜਾਏ ਕੈਂਪਸ ਵਿੱਚ ਰਹਿਣ ਲਈ ਰਿਹਾਇਸ਼ ਮੁਹੱਇਆ ਕਰਵਾਈ ਜਾਵੇਗੀ ਜਿਸ ਨਾਲ ਉਨ੍ਹਾਂ 'ਤੇ ਕਿਰਾਇਆਂ ਦਾ ਬੋਝ ਵੀ ਘਟੇਗਾ।"

ਬੀਸੀ ਦੇ ਹਾਊਸਿੰਗ ਮੰਤਰੀ ਰਵੀ ਕਾਹਲੋਂ ਅਤੇ ਯੂਬੀਸੀ ਦੇ ਪ੍ਰਧਾਨ ਬੇਨੋਇਟ-ਐਂਟੋਇਨ ਬੇਕਨ ਵੀ ਇਸ ਮੌਕੇ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ। ਉਨ੍ਹਾਂ ਨੇ ਇਸ ਘੋਸ਼ਣਾ ਨੂੰ ਵਿਦਿਆਰਥੀ ਰਿਹਾਇਸ਼ ਵਿੱਚ ਸਭ ਤੋਂ ਵੱਡਾ ਸੂਬਾਈ ਨਿਵੇਸ਼ ਦੱਸਦੇ ਹੋਏ ਕਿਹਾ ਕਿ ਇਸ ਤੋਂ ਪਹਿਲਾਂ ਕਿਸੇ ਵੀ ਸਰਕਾਰ ਨੇ ਯੂ.ਬੀ.ਸੀ. ਕੈਂਪਸ ਵਿੱਚ ਨਿਵੇਸ਼ ਨਹੀਂ ਕੀਤਾ ਅਤੇ ਅਸੀਂ ਇਹ ਸਭ ਤੋਂ ਵੱਡਾ ਪੂੰਜੀ ਨਿਵੇਸ਼ ਕਰਨ ਜਾ ਰਹੇ ਹਾਂ।

ਇਸ ਦੇ ਨਾਲ ਹੀ ਉਨ੍ਹਾਂ ਦੱਸਿਆ ਕਿ ਸੂਬਾਈ ਯੋਗਦਾਨ $300 ਮਿਲੀਅਨ ਹੋਵੇਗਾ, ਜਦਕਿ ਯੂਨੀਵਰਸਿਟੀ ਹੋਰ $260 ਮਿਲੀਅਨ ਦਾ ਯੋਗਦਾਨ ਦੇਵੇਗੀ। ਉਸਾਰੀ ਦਾ ਕੰਮ 2026 ਦੇ ਅੱਧ ਤੱਕ ਸ਼ੁਰੂ ਹੋਣ ਦੀ ਸਮੇਂ-ਸੀਮਾਂ ਮਿੱਥੀ ਗਈ ਹੈ ਅਤੇ ਇਸ ਦੀ ਸ਼ੁਰੂਆਤ ਲਈ ਅਜੇ 2028 ਦੀ ਪਤਝੜ ਤੱਕ ਦਾ ਲੰਬਾ ਇੰਤਜ਼ਾਰ ਕਰਨਾ ਪਵੇਗਾ।

ਇਜ਼ਕਰਯੋਗ ਹੈ ਕਿ ਕੰਪਲੈਕਸ - ਜਿਸ ਵਿੱਚ ਅੱਠ ਤੋਂ 18 ਮੰਜ਼ਿਲਾਂ ਤੱਕ ਦੀਆਂ ਪੰਜ ਇਮਾਰਤਾਂ ਹਨ - ਵਿੱਚ ਇੱਕ 400 ਸੀਟਾਂ ਵਾਲਾ ਡਾਇਨਿੰਗ ਹਾਲ ਅਤੇ 37 ਬੱਚਿਆਂ ਦੀ ਦੇਖਭਾਲ ਲਈ ਥਾਂਵਾਂ ਵੀ ਸ਼ਾਮਲ ਹਨ।

ਪ੍ਰੀਮੀਅਰ ਡੇਵਿਡ ਏਬੀ ਨੇ ਕਿਹਾ ਕਿ "ਸੂਬੇ ਦੇ ਇਤਿਹਾਸ ਵਿੱਚ ਸਾਡੀ ਸਭ ਤੋਂ ਵੱਡੀ ਯੂਨੀਵਰਸਿਟੀ ਵਿੱਚ ਵਿਦਿਆਰਥੀ ਆਬਾਦੀ ਅਤੇ ਸਰਕਾਰੀ ਪ੍ਰੋਗਰਾਮ ਖੇਤਰ ਦੇ ਹਿਸਾਬ ਨਾਲ ਸਭ ਤੋਂ ਵੱਡੀ ਹੈ, ਇਹ ਸਿਰਫ਼ ਰਿਹਾਇਸ਼ੀ ਘੋਸ਼ਣਾ ਤੋਂ ਬਹੁਤ ਦੂਰ ਹੈ ਇਥੇ ਅਜੇ ਹੋਰ ਬਹੁਤ ਕੁਝ ਕੀਤਾ ਜਾਣਾ ਬਾਕੀ ਹੈ ਜਿਸ ਲਈ ਯੋਜਨਾਵਾਂ ਤਿਆਰ ਕੀਤੀਆਂ ਜਾ ਰਹੀਆਂ ਹਨ। ਅਸੀਂ 10 ਸਾਲਾਂ ਦੇ ਅੰਦਰ ਵਿਦਿਆਰਥੀ ਰਿਹਾਇਸ਼ ਵਿੱਚ 8,000 ਬਿਸਤਰੇ ਬਣਾਉਣ ਦੇ ਆਪਣੇ ਟੀਚੇ ਨੂੰ ਪੂਰਾ ਕਰਨ ਜਾ ਰਹੇ ਹਾਂ ਸੂਬੇ ਭਰ ਦੇ ਕਾਲਜਾਂ ਅਤੇ ਯੂਨੀਵਰਸਿਟੀਆਂ ਨਾਲ ਸਾਡੀ ਮਜ਼ਬੂਤ ਸਾਂਝੇਦਾਰੀ ਕਾਰਨ ਅਸੀਂ 2028 ਤੱਕ ਇਸ ਟੀਚੇ ਨੂੰ 12,000 ਬੈੱਡਾਂ ਤੱਕ ਵਧਾਉਣ ਲਈ ਮਿਲ ਕੇ ਕੰਮ ਕਰਨ ਦੇ ਯੋਗ ਹਾਂ ਅਤੇ ਅੱਜ ਦਾ ਐਲਾਨ ਉਸ ਕੰਮ ਦਾ ਹਿੱਸਾ ਹੈ।"

ਉਨ੍ਹਾਂ ਦੱਸਿਆ ਕਿ ਮੰਗਲਵਾਰ ਦੀ ਘੋਸ਼ਣਾ ਦੇ ਹਿੱਸੇ ਵਜੋਂ ਜਾਰੀ ਕੀਤੇ ਗਏ ਸਰਕਾਰੀ ਅੰਕੜੇ ਦਿਖਾਉਂਦੇ ਹਨ ਕਿ ਸੂਬੇ ਭਰ ਵਿੱਚ 10,766 ਵਿਦਿਆਰਥੀ ਬਿਸਤਰੇ ਬਣਾਏ ਜਾ ਰਹੇ ਹਨ, ਜਿਨ੍ਹਾਂ ਵਿੱਚੋਂ 5,260 ਪਹਿਲਾਂ ਹੀ ਖੋਲ੍ਹ ਦਿੱਤੇ ਗਏ ਹਨ।

ਕੰਜ਼ਰਵੇਟਿਵ ਪਾਰਟੀ ਆਫ ਬੀਸੀ ਲੀਡਰ ਜੌਨ ਰੁਸਟੈਡ ਨੇ ਕਿਹਾ ਕਿ ਈਬੀ ਦੇ ਅਧੀਨ ਬੀਸੀ ਐਨਡੀਪੀ ਦਾ ਕਿਫਾਇਤੀ ਰਿਹਾਇਸ਼ਾਂ 'ਤੇ ਰਿਕਾਰਡ 'ਤੇ ਗੌਰ ਕੀਤਾ ਜਾਣਾ ਚਾਹੀਦਾ ਜਿਸ ਨਾਲ ਅਸਲੀਅਤ ਆਪਣੇ ਆਪ ਸਾਹਮਣੇ ਆ ਜਾਵੇਗੀ। ਹਾਲਾਂਕਿ ਉਨ੍ਹਾਂ ਨੇ ਵਿਦਿਆਰਥੀ ਰਿਹਾਇਸ਼ ਵਿੱਚ ਕੀਤੇ ਜਾ ਰਹੇ ਨਿਵੇਸ਼ ਦਾ ਸੁਆਗਤ ਕੀਤਾ ਪਰ ਇਸ ਦੇ ਨਾਲ ਹੀ ਉਨ੍ਹਾਂ ਕਿਹਾ ਵੱਡੇ ਪ੍ਰੋਜੈਕਟਾਂ 'ਤੇ ਐਨ.ਡੀ.ਪੀ. ਸਰਕਾਰ ਦਾ ਟਰੈਕ ਰਿਕਾਰਡ ਸਮੇਂ ਅਤੇ ਬਜਟ 'ਤੇ ਇਸ ਪਹਿਲਕਦਮੀ ਨੂੰ ਪ੍ਰਦਾਨ ਕਰਨ ਦੀ ਉਨ੍ਹਾਂ ਦੀ ਯੋਗਤਾ 'ਤੇ ਗੰਭੀਰ ਸ਼ੰਕੇ ਪੈਦਾ ਕਰਦਾ ਹੈ। ਉਸਨੇ ਵਿਸ਼ੇਸ਼ ਤੌਰ 'ਤੇ ਸਰਕਾਰ ਦੁਆਰਾ ਸਹਾਇਤਾ ਪ੍ਰਾਪਤ ਰਿਹਾਇਸ਼ ਦੇ ਆਲੇ ਦੁਆਲੇ ਦੀ ਤਾਜ਼ਾ ਰਿਪੋਰਟਿੰਗ ਵੱਲ ਇਸ਼ਾਰਾ ਕੀਤਾ। ਉਨ੍ਹਾਂ ਕਿਹਾ ਪ੍ਰੋਜੈਕਟ ਨੂੰ ਕਿਫਾਇਤੀ ਦੱਸਿਆ ਗਿਆ ਹੈ ਪਰ ਪ੍ਰਤੀ ਮਹੀਨਾ $4,000 ਤੋਂ ਵੱਧ ਕਿਰਾਇਆ ਵਸੂਲਿਆ ਜਾ ਰਿਹਾ ਹੈ, "ਅਸੀਂ ਇਸ ਪ੍ਰੋਜੈਕਟ ਦੀ ਨੇੜਿਓਂ ਨਿਗਰਾਨੀ ਕਰਾਂਗੇ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਇਹ ਇਸ ਸਰਕਾਰ ਦੇ ਅਧੀਨ ਬਹੁਤ ਸਾਰੇ ਹੋਰਾਂ ਵਾਂਗ ਪਰੇਸ਼ਾਨੀ ਵਾਲੇ ਮਾਰਗ ਬਣ ਕੇ ਨਾ ਉਭਰੇ।

ਬੀ.ਸੀ. ਗ੍ਰੀਨਜ਼ ਲੀਡਰ ਸੋਨੀਆ ਫੁਰਸਟੈਨੌ ਨੇ ਕਿਹਾ ਕਿ ਬੀ.ਸੀ. ਨੂੰ ਆਮ ਤੌਰ 'ਤੇ ਵਧੇਰੇ ਵਿਦਿਆਰਥੀ ਰਿਹਾਇਸ਼ ਦੀ ਲੋੜ ਹੁੰਦੀ ਹੈ, ਪਰ ਅੱਜ ਦੀ ਘੋਸ਼ਣਾ ਦੇ ਪਿੱਛੇ ਦੀ ਪ੍ਰੇਰਣਾ 'ਤੇ ਸਵਾਲ ਖੜ੍ਹੇ ਹੁੰਦੇ ਹਨ। "ਮੈਂ ਦੇਖਣਾ ਚਾਹਾਂਗਾ ਕਿ ਸਰਕਾਰੀ ਘੋਸ਼ਣਾਵਾਂ ਪੂਰੇ ਸੂਬੇ ਵਿੱਚ ਬਰਾਬਰੀ ਵਾਲੀਆਂ ਸੇਵਾਵਾਂ ਅਤੇ ਸਹੂਲਤਾਂ ਪ੍ਰਦਾਨ ਕਰਨ 'ਤੇ ਕੇਂਦ੍ਰਿਤ ਹੁੰਦੀਆਂ ਹਨ ਜਾਂ ਅਕਸਰ ਅਸੀਂ ਚੋਣਾਂ ਦੌਰਾਨ ਜੋ ਦੇਖਦੇ ਹਾਂ ਇਹ ਉਨ੍ਹਾਂ ਚੋਣ ਵਾਦਿਆਂ ਵਿਚੋਂ ਹੀ ਇੱਕ ਹੈ ਜੋ ਆਖਰ 'ਚ ਕਾਗਜ਼ਾਂ ਦੇ ਬੋਝ ਹੇਠ ਦੱਬੇ ਰਹਿ ਜਾਂਦੇ ਹਨ।

ਬੀ ਸੀ ਯੂਨਾਈਟਿਡ ਨੇ ਇੱਕ ਰੀਲੀਜ਼ ਜਾਰੀ ਕਰਦੇ ਹੋਏ ਦੱਸਿਆ ਕਿ ਬੀ.ਸੀ.ਲਿਬਰਲਾਂ ਨੇ 2001 ਅਤੇ 2017 ਦੇ ਵਿਚਕਾਰ ਵਿਦਿਆਰਥੀ ਰਿਹਾਇਸ਼ ਦੇ 9,000 ਯੂਨਿਟ ਬਣਾਏ ਹਨ।

# ਬ੍ਰਿਟਿਸ਼ ਕੋਲੰਬੀਆ ਵਿੱਚ ਪ੍ਰਵਾਸੀ ਖੇਤ ਮਜ਼ਦੂਰ ਲੋੜੀਂਦੀਆਂ ਸਹੂਲਤਾਂ ਤੋਂ ਵਾਂਝੇ ਗਰਮੀ ਵਿੱਚ ਕੰਮ ਕਰਨ ਲਈ ਹੋ ਰਹੇ ਮਜ਼ਬੂਰ : ਰਿਪੋਰਟ

## 42.8 ਡਿਗਰੀ ਤੱਕ ਤਾਪਮਾਨ ਵਾਲੇ ਕਮਰਿਆਂ ਵਿੱਚ ਰਹਿ ਰਹੇ ਹਨ ਪ੍ਰਵਾਸੀ ਖੇਤ ਮਜ਼ਦੂਰ

ਸਰੀ, (ਸਿਮਰਨਜੀਤ ਸਿੰਘ): ਯੂ.ਬੀ. ਸੀ. ਵਲੋਂ ਕੀਤੇ ਅਧਿਐਨ ਦੀ ਇਕ ਰਿਪੋਰਟ ਦਰਸਾਉਂਦੀ ਹੈ ਕਿ ਬੀ.ਸੀ. ਵਿੱਚ ਪ੍ਰਵਾਸੀ ਖੇਤ ਮਜ਼ਦੂਰਾਂ ਨੂੰ ਬਹੁਤ ਜ਼ਿਆਦਾ ਗਰਮੀ ਵਾਲੇ ਮਾਹੌਲ 'ਚ ਕੰਮ ਕਰਨ ਲਈ ਮਜ਼ਬੂਰ ਹੋ ਰਹੇ ਹਨ ।

ਬ੍ਰਿਟਿਸ਼ ਕੋਲੰਬੀਆ ਯੂਨੀਵਰਸਿਟੀ ਦੀ ਨਵੀਂ ਖੋਜ ਦਰਸਾਉਂਦੀ ਹੈ ਕਿ ਪ੍ਰਵਾਸੀ ਕਾਮੇ ਬਹੁਤ ਜ਼ਿਆਦਾ ਗਰਮੀ ਦੀਆਂ ਸਥਿਤੀਆਂ ਵਿੱਚ ਰਹਿ ਰਹੇ ਹਨ ਜਿਥੇ ਕਿ ਨਿਯਮਾਂ ਦੀ ਪਾਲਣਾ ਨਹੀਂ ਕੀਤੀ ਜਾ ਰਹੀ।

ਪਿਛਲੀਆਂ ਗਰਮੀਆਂ ਵਿੱਚ, ਯੂਬੀਸੀ ਸੈਂਟਰ ਫਾਰ ਕਲਾਈਮੇਟ ਜਸਟਿਸ ਐਂਡ ਰੈਡੀਕਲ ਐਕਸ਼ਨ ਵਿਦ ਮਾਈਗ੍ਰੇਂਟਸ ਇਨ ਐਗਰੀਕਲਚਰ ਦੇ ਖੋਜਕਰਤਾਵਾਂ ਨੇ ਬੀ ਸੀ ਓਕਾਨਾਗਨ ਵਿੱਚ 10 ਪ੍ਰਵਾਸੀ ਮਜ਼ਦੂਰਾਂ ਨੂੰ ਉਨ੍ਹਾਂ ਦੇ ਮਾਲਕ ਦੁਆਰਾ ਪ੍ਰਦਾਨ ਕੀਤੇ ਕਿਰਾਏ ਦੇ ਘਰਾਂ ਵਿੱਚ ਤਾਪਮਾਨ ਅਤੇ ਨਮੀ ਰਿਕਾਰਡ ਕਰਨ ਲਈ ਇੱਕ ਅਧਿਐਨ ਕੀਤਾ।

ਨਤੀਜਿਆਂ ਨੇ ਦਿਖਾਇਆ ਕਿ ਕਰਮਚਾਰੀ "ਆਪਣੇ ਕੰਮ ਵਾਲੀ ਥਾਂ 'ਤੇ ਜਾਂ ਉਨ੍ਹਾਂ ਦੇ ਘਰ ਵਿੱਚ, ਜਿਥੇ ਦਿਨ ਭਰ ਮਿਹਨਤ ਕਰਦੇ ਹਨ ਉਥੇ ਬਿਨਾਂ ਕਿਸੇ ਰਾਹਤ ਦੇ ਅਤੇ ਲੋੜੀਂਦੀਆਂ ਸਹੂਲਤਾਂ ਤੋਂ ਵਾਂਝੇ ਰਹਿਣ ਲਈ ਮਜ਼ਬੂਰ ਹੋ ਰਹੇ ਹਨ।



1 ਅਗਸਤ ਅਤੇ 15 ਸਤੰਬਰ, 2023 ਦੇ ਵਿਚਕਾਰ ਤਾਪਮਾਨ ਰੀਡਿੰਗ ਰਿਕਾਰਡ ਕੀਤੀ ਗਈ ਸੀ। ਅਗਸਤ ਵਿੱਚ, ਪ੍ਰਵਾਸੀ ਮਜ਼ਦੂਰਾਂ ਨੇ 42.8 ਡਿਗਰੀ ਤੱਕ ਤਾਪਮਾਨ ਨੋਟ ਕੀਤਾ, ਜੋ ਕਿ ਬੀ.ਸੀ. ਐਗਰੀਕਲਚਰਲ ਕੌਂਸਲ ਅਤੇ ਵੈਸਟਰਨ ਐਗਰੀਕਲਚਰ ਲੇਬਰ ਇਨੀਸ਼ੀਏਟਿਵ ਦਿਸ਼ਾ-ਨਿਰਦੇਸ਼ਾਂ ਦੇ ਕ੍ਰਮਵਾਰ 25.5 ਡਿਗਰੀ ਅਤੇ 27 ਡਿਗਰੀ ਸੀ।

ਪਾਇਲਟ ਅਧਿਐਨ ਦੀਆਂ ਖੋਜਾਂ ਇਹ ਵੀ ਦਰਸਾਉਂਦੀਆਂ ਹਨ ਕਿ ਅੰਦਰੂਨੀ ਤਾਪਮਾਨ ਲਗਾਤਾਰ ਬਾਹਰੀ ਤਾਪਮਾਨਾਂ ਨੂੰ ਪਾਰ ਕਰਦਾ ਹੈ, ਜਿਸ ਨਾਲ ਮਜ਼ਦੂਰਾਂ ਨੂੰ ਬਹੁਤ ਜ਼ਿਆਦਾ ਗਰਮੀ ਦਾ ਸਾਹਮਣਾ ਕਰਨਾ ਪੈਂਦਾ ਹੈ - ਖੇਤਾਂ ਅਤੇ ਗ੍ਰੀਨਹਾਉਸਾਂ ਵਿੱਚ ਅਤੇ ਜਦੋਂ ਉਹ ਆਪਣੇ ਘਰ ਵਾਪਸ ਆਉਂਦੇ ਹਨ ਅਤੇ ਇਹ ਕਰਮਚਾਰੀ ਅਕਸਰ ਗਰਮੀ ਦੀ ਸਮੱਸਿਆ ਨੂੰ ਹੱਲ ਕਰਨ ਦੀ ਕੋਸ਼ਿਸ਼ ਕਰਦੇ ਸਮੇਂ ਰੁਕਾਵਟਾਂ ਅਤੇ ਵਿਰੋਧ ਦਾ ਸਾਹਮਣਾ ਕਰਦੇ ਸਨ।

2022 ਵਿੱਚ, ਫੈਡਰਲ ਸੰਖਿਆਵਾਂ ਦੇ ਅਨੁਸਾਰ, ਕੈਨੇਡੀਅਨ ਖੇਤੀਬਾੜੀ ਵਿੱਚ ਸਿਰਫ 70,000 ਤੋਂ ਵੱਧ ਅਸਥਾਈ ਵਿਦੇਸ਼ੀ ਕਾਮੇ ਕੰਮ ਕਰ ਰਹੇ ਸਨ, ਅਤੇ ਬੀ.ਸੀ. ਵਿੱਚ 10,000 ਤੋਂ ਵੱਧ ਸਨ। ਖੋਜਕਰਤਾ ਕਮਜ਼ੋਰ ਵਿਦੇਸ਼ੀ ਕਾਮਿਆਂ ਲਈ ਪ੍ਰਵਾਸੀ ਕਾਮਿਆਂ ਦੀ ਰਿਹਾਇਸ਼ ਲਈ ਇੱਕ ਰਾਸ਼ਟਰੀ ਮਿਆਰ ਸਮੇਤ ਨਿਯਮਾਂ ਦੇ ਸੁਧਾਰ ਦੀ ਸਿਫ਼ਾਰਸ਼ ਕਰ ਰਹੇ ਹਨ। ਉਹਨਾਂ ਨੂੰ ਬੰਦ ਅਸਥਾਈ ਵਿਦੇਸ਼ੀ ਕਰਮਚਾਰੀ ਪਰਮਿਟ ਪ੍ਰਣਾਲੀ ਦੀ ਪ੍ਰਕਿਰਤੀ ਦੇ ਕਾਰਨ ਅਕਸਰ ਉਹਨਾਂ ਦੇ ਅਧਿਕਾਰਾਂ ਤੱਕ ਪਹੁੰਚ ਕਰਨ ਵਿੱਚ ਮੁਸ਼ਕਲ ਆਉਂਦੀ ਹੈ, ਜੋ ਉਹਨਾਂ ਨੂੰ ਰਿਹਾਇਸ਼ ਲਈ ਉਹਨਾਂ ਦੇ ਮਾਲਕ ਨਾਲ ਜੋੜਦਾ ਹੈ ਅਤੇ ਕੈਨੇਡਾ ਵਿੱਚ ਉਹਨਾਂ ਦੇ ਸਮੇਂ ਲਈ ਭੁਗਤਾਨ ਕਰਦਾ ਹੈ। This report was written by Simranjit Singh as part of the Local Journalism Initiative.


SABZI MANDI
SUPERMARKET
Serving our Community since 2003
NEW LOCATION IN KELOWNA OPENING SOON!!!
HOT PRICE
#1 YELLOW ONIONS
#1 ਪੀਲੇ ਗੰਢੇ
50lb
16.99 ea
HOT PRICE
BC TINDA
ਟਿੰਡਾ
99¢ /lb
HOT PRICE
BC GALA APPLES
ਬੀ ਸੀ ਗੈਲਾ ਸੇਬ
99¢ /lb
HOT PRICE
ROMA TOMATOES
ਰੋਮਾ ਟਮਾਟਰ
1.29 /lb
MERI CHAI TEA
ਮੇਰੀ ਚਾਹ
216's
5.99 ea
UNBEATABLE DEAL
INDIAN ROOHAFZA
ਰੂਹ ਅਫਜ਼ਾ
750ml
3.49 ea
FRESH CILANTRO
ਧਨੀਆਂ
Bunch
2 for 1.29
HEER DURUM FLOUR
ਹੀਰ ਦੁਰਮ ਆਟਾ
20lb
12.99 ea
INDIAN KARELA
ਦੇਸੀ ਕਰੇਲੇ
1.99 /lb
ALMOND OIL
ਬਦਾਮ ਤੇਲ
1L
12.99 ea
ROSHNI SOYA CHAAP
ਰੋਸ਼ਨੀ ਸੋਯਾ ਚਾਪ
850g
3.99 ea
LEHAR GACHAK
ਲੈਹਰ ਗੱਚਕ
400g
3.49 ea
REGAL JUICES
ਰੀਗਲ ਜੂਸ
2L, Asst.
2.99 ea
#1 YELLOW ONIONS
#1 ਪੀਲੇ ਗੰਢੇ
50lb
23.99 ea
GITS READY-TO-EAT
ਗਿਟਸ ਰੈਡੀ-ਟੂ-ਈਟ
300g
2 for $6
LONG ENGLISH CUCUMBERS
ਖੀਰੇ
2 for 1.49
KEITH MANGOES
ਕੈਂਟ ਅੰਬ
Case
15.99 ea
PETHA KADDU
ਪੇਠਾ ਕੱਦੂ
88¢ /lb
SEEDLESS WATERMELON
ਮਤੀਰਾ
79¢ /lb
BROWN SUGAR
ਭੂਰੀ ਖੰਡ
8lb
7.99 ea
FRESH GARLIC
ਲਸਣ
1.69 /lb
BC LONG HOT CHILLI
ਲੰਬੀ ਹਰੀ ਮਿਰਚ
2.99 /lb
US #1 POTATOES
ਆਲੂ
10lb
3.99 ea
FRESH GINGER
ਅੱਦਰਕ
1.69 /lb
PROUDLY CANADIAN • PROUDLY PUNJABI!
Western Union
Western Union Money Transfers and Calling Cards available at all locations. 24 hour rate info line: 604-634-2400
ਤਾਜ਼ੇ ਫਲ ਫਰੂਟ, ਤਾਜ਼ੀਆਂ ਸਬਜ਼ੀਆਂ ਅਤੇ ਸਾਫ ਸੁਥਰੀ
ਭਾਰਤੀ ਗਰੌਸਰੀ ਲਈ ਹਮੇਸ਼ਾਂ ਸਬਜ਼ੀ ਮੰਡੀ ਨੂੰ ਯਾਦ ਰੱਖੋ
SALES DATES: Fri. August 23, 2024 - Wed. August 28, 2024
MasterCard
VISA
Interac
American Express accepted at three locations.
STORES OPEN 7 DAYS A WEEK
Visit one of our great locations so we can serve you today!
NEWTON STORE: #106 - 12568 72nd Ave., Surrey 604-590-2400
NEWTON 80th AVENUE: 13208 80th Ave., Surrey 778-565-7880
NEWTON EXCHANGE: 101-13753 72 Ave., Surrey 604-581-2400
NEWTON EAST: 15299 68th Ave., Surrey 604-598-8006
ABBOTSFORD: 31831 S. Fraser Way, Abbotsford 604-864-9193
BURNABY: 7565 6th Street, Burnaby 604-553-6603
RICHMOND: 9371 No 5 Rd, Richmond 604-285-2400
NEWTON 64 AVE: 140- 6350 120 st, Surrey 778-565-1266
LANGLEY: #50 – 20150 Langley Bypass, Langley 604-427-3912
ABBOTSFORD: 2777 Gladwin Road, Abbotsford 604-744-2077
SABZI MANDI SUPERMARKET
You can also visit us online at www.sabzimandicanada.com